Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 20* Issue 243 | Friday, December 10, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਅੰਦਰ ਇਹ ਵੀ ਪੜ੍ਹੋ

ਕਲਾਸ ਸਾਹਮਣੇ ਟੀਚਰ 'ਤੇ ਵਿਦਿਆਰਥੀ ਨੇ ਚਾਕੂ ਨਾਲ ਕੀਤਾ ਹਮਲਾ


ਪੰਨਾ 03

ਕਿਸਾਨਾਂ ਦੇ ਸਿਰੜ ਦੀ ਜਿੱਤ, 378 ਦਿਨ ਲੰਬੇ ਸੰਘਰਸ਼ ਮਗਰੋਂ ਮੋਰਚਾ ਫਤਹਿ


ਪੰਨਾ 05

# ਫਰੀਲੈਂਡ ਨੇ ਐਮਪੀਜ਼ ਨੂੰ ਜਲਦ ਤੋਂ ਜਲਦ ਪੈਨਡੈਮਿਕ ਏਡ ਬਿੱਲ ਪਾਸ ਕਰਨ ਦੀ ਕੀਤੀ ਅਪੀਲ

ਓਟਵਾ, 9 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਦੇ ਤੇਜ਼ੀ ਨਾਲ ਫੈਲਣ ਕਾਰਨ ਪੈਦਾ ਹੋਏ ਨਵੇਂ ਤੌਖਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਐਮਪੀਜ਼ ਵੱਲੋਂ ਪੈਨਡੈਮਿਕ ਏਡ ਦੇ ਅਗਲੇ ਗੇੜ ਲਈ ਮਨਜ਼ੂਰੀ ਦੇਣਾ ਹੋਰ ਜ਼ਿਆਦਾ



ਜ਼ਰੂਰੀ ਹੋ ਗਿਆ ਹੈ।

ਹਾਊਸ ਆਫ ਕਾਮਨਜ਼ ਦੀ ਵਿੱਤ ਕਮੇਟੀ ਨਾਲ ਗੱਲ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਇਸ ਵੇਰੀਐਂਟ ਕਾਰਨ ਅਰਥਚਾਰਾ ਅਸਥਿਰਤਾ ਵੱਲ ਵਧਣ ਲੱਗਿਆ ਹੈ ਤੇ ਇਸ ਲਈ ਸਾਨੂੰ ਫੌਰੀ ਕਦਮ ਚੁੱਕਣ ਦੀ ਲੋੜ ਹੈ। ਲਿਬਰਲਾਂ ਵੱਲੋਂ ਪੈਨਡੈਮਿਕ ਏਡ ਵਿੱਚ ਮਈ ਦੇ ਸ਼ੁਰੂ ਤੱਕ ਵਾਧਾ ਕੀਤੇ ਜਾਣ ਦਾ ਪ੍ਰਸਤਾਵ ਹੈ। ...ਬਾਕੀ ਪੰਨਾ 3 'ਤੇ

# ਗਿੱਗ ਵਰਕਰਜ਼ ਨੂੰ ਬੈਨੇਫਿਟਸ ਦੇਣ ਬਾਰੇ ਵਿਚਾਰ ਕਰੇਗੀ ਫੋਰਡ ਸਰਕਾਰ

ਓਨਟਾਰੀਓ, 9 ਦਸੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਗਿੱਗ ਵਰਕਰਜ਼, ਜਿਵੇਂ ਕਿ ਊਬਰ ਡਰਾਈਵਰਜ਼ ਆਦਿ, ਨੂੰ ਬੈਨੇਫਿਟ ਦੇਣ ਬਾਰੇ ਵਿਚਾਰ ਕਰ ਰਹੀ ਹੈ।

ਓਨਟਾਰੀਓ ਵਰਕਫੋਰਸ ਰਿਕਵਰੀ ਐਡਵਾਈਜ਼ਰੀ ਕਮੇਟੀ ਕੋਲੋਂ ਇਸ ਬਾਬਤ ਹਾਸਲ ਹੋਈਆਂ 21 ਸਿਫਾਰਿਸ਼ਾਂ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ। ਇਸ ਵਿੱਚ ਇਹ ਸਿਫਾਰਿਸ਼ ਵੀ ਸੀ ਕਿ ਪ੍ਰੋਵਿੰਸ ਗਿੱਗ ਵਰਕਰਜ਼ ਜਾਂ ਪਲੇਟਫਾਰਮ ਵਰਕਰਜ਼ ਲਈ ਐਪ ਆਧਾਰਤ ਸਪੇਸ ਵਿੱਚ ਡਿਪੈਂਡੈਂਟ ਕਾਂਟਰੈਕਟਰ ਕੈਟੇਗਰੀ ਤਿਆਰ ਕਰਕੇ ਉਸ ਨੂੰ ਮਾਨਤਾ ਦੇਵੇ ਤੇ



ਇਨ੍ਹਾਂ ਵਰਕਰਜ਼ ਨੂੰ ਇੰਪਲੌਇਮੈਂਟ ਦੇ ਅਧਿਕਾਰ-ਇਨ੍ਹਾਂ ਵਿੱਚ ਹੈਲਥ ਤੇ ਡੈਂਟਲ ਬੈਨੇਫਿਟਸ ਵੀ ਸ਼ਾਮਲ ਹੋ ਸਕਦੇ ਹਨ।

ਇਸ ਸਮੇਂ ਗਿੱਗ ਵਰਕਰਜ਼ ਜਿਵੇਂ ਕਿ ਰਾਈਡਸ਼ੇਅਰਿੰਗ ਤੇ ਫੂਡ ਡਲਿਵਰੀ ਡਰਾਈਵਰਜ਼ ਨੂੰ ਸੈਲਫ ਇੰਪਲੌਈਡ ਜਾਂ ਇੰਡੀਪੈਂਡੈਂਟ ਕਾਂਟਰੈਕਟਰਜ਼ ਮੰਨਿਆ ਜਾਂਦਾ ਹੈ। ਇਸੇ ਕਾਰਨ ਹੀ ਉਨ੍ਹਾਂ ਨੂੰ ਇੰਪਲੌਇਮੈਂਟ ਪ੍ਰੋਟੈਕਸ਼ਨ, ਜਿਵੇਂ ਕਿ ਵੈਕੇਸ਼ਨ ਪੇਅ, ਘੱਟ ਤੋਂ ਘੱਟ ਵੇਜ ਓਵਰਟਾਈਮ ਜਾਂ ਹੈਲਥ ਬੈਨੇਫਿਟਸ ਨਹੀਂ ਮਿਲ ਪਾਉਂਦੇ। ਇਸ ਰਿਪੋਰਟ ਵਿੱਚ ਸਰਕਾਰ ਨੂੰ ਇਹ ਸਿਫਾਰਿਸ਼ ਵੀ ਕੀਤੀ ਗਈ ਹੈ ਕਿ ਇੱਕ ਐਕਸਪਰਟ ਨੂੰ ਨਿਯੁਕਤ ਕੀਤਾ ਜਾਵੇ ਤਾਂ ਕਿ ਪੋਰਟੇਬਲ ਬੈਨੇਫਿਟਸ ਪ੍ਰੋਗਰਾਮ ਤਿਆਰ ਕੀਤਾ ਅਤੇ ਟੈਸਟ ਕੀਤਾ ਜਾ ਸਕੇ ਜਿੱਥੇ ਯੋਗਦਾਨ ਕਰਤਾ ਇੰਪਲੌਇਰਜ਼, ਵਰਕਰਜ਼ ਤੇ ਸਰਕਾਰ ਹੋ ਸਕਦੇ ਹਨ। ...ਬਾਕੀ ਪੰਨਾ 6 'ਤੇ

# 17 ਜਨਵਰੀ ਤੋਂ ਬਾਅਦ ਵੀ ਵੈਕਸੀਨ ਸਰਟੀਫਿਕੇਟ ਵਾਲੀ ਸ਼ਰਤ ਰਹੇਗੀ ਲਾਗੂ

ਓਨਟਾਰੀਓ, 9 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਮਾਮਲਿਆਂ ਵਿੱਚ ਤੇਜ਼ੀ ਨਾਲ ਹੋ ਰਹੇ ਇਜਾਫੇ ਦੇ ਮੱਦੇਨਜ਼ਰ ਓਨਟਾਰੀਓ ਵੱਲੋਂ ਅਗਲੇ ਮਹੀਨੇ ਕੁੱਝ ਸੈਟਿੰਗਜ਼ ਵਿੱਚ ਵੈਕਸੀਨ ਸਰਟੀਫਿਕੇਟ ਖ਼ਤਮ ਕਰਨ ਦੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਜਾਵੇਗੀ। ਪ੍ਰੋਵਿੰਸ ਵੱਲੋਂ ਅਕਤੂਬਰ ਵਿੱਚ ਜਾਰੀ ਕੀਤੇ ਗਏ ਰੀਓਪਨਿੰਗ ਪਲੈਨ ਸਬੰਧੀ ਦਸਤਾਵੇਜ਼ ਵਿੱਚ ਇਹ ਆਖਿਆ ਗਿਆ ਸੀ ...ਬਾਕੀ ਪੰਨਾ 3 'ਤੇ

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

## ਬਰੈਂਪਟਨ ਸਿਟੀ ਨੇ ਪੰਜਾਬੀਆਂ ਨੂੰ ਦਿੱਤਾ ਤੋਹਫਾ

# ਗੁਰਬਖਸ਼ ਸਿੰਘ ਮੱਲ੍ਹੀ ਦੇ ਨਾਂ 'ਤੇ ਪਾਰਕ ਕੀਤਾ ਸਮਰਪਿਤ

ਟਰਾਂਟੋ (ਕੰਵਲਜੀਤ ਸਿੰਘ ਕੰਵਲ) ਕੈਨੇਡਾ ਵਿਚਲੇ ਸੂਬੇ ਓਨਟਾਰੀਓ ਵਿੱਚ ਪੰਜਾਬੀਆਂ ਦੇ ਘੁੱਗ ਵੱਸਦੇ ਸ਼ਹਿਰ ਬਰੈਂਮਪਟਨ ਵਿਚ ਏਅਰਪੋਰਟ ਰੋਡ ਅਤੇ ਕੰਟਰੀਸਾਈਡ ਰੋਡ ਨੇੜੇ ਸਥਿੱਤ ਬਰਲਵੁੱਡ ਰੋਡ ਤੇ ਸਥਿਤ ਪਾਰਕ ਦਾ ਨਾਂ ਅੱਜ ਪੰਜਾਬੀਆਂ ਦੇ ਭਰਵੇਂ ਇਕੱਠ ਸਮੇਂ ਆਨਰੇਬਲ ਗੁਰਬਖਸ਼ ਸਿੰਘ ਮੱਲ੍ਹੀ ਦੇ ਨਾਂ ਤੇ ਰੱਖਣ ਦੀ ਅੱਜ ਰਸਮ ਅਦਾ ਕੀਤੀ ਗਈ। ਵਾਰਡ ਨੰਬਰ 9 ਅਤੇ 10 ਦੇ ਕੌਂਸਲਰ ਹਰਕੀਰਤ ਸਿੰਘ ਵੱਲੋਂ ਸਿਟੀ ਆਫ ਬਰੈਂਮਪਟਨ ਵਿੱਚ ਲਿਆਂਦੇ ਗਏ ਇਕ ਮੋਸ਼ਨ ਤਹਿਤ ਬਰੈਮਲੀ ਗੋਰ ਮਾਲਟਨ ਹਲਕੇ ਤੋਂ ਜਿਲ੍ਹਾ ਮੋਗਾ ਦੇ ਪਿੰਡ ਚੁੰਗ ਕਲਾਂ ਤੋਂ ਕੈਨੇਡਾ ਆ ਵੱਸੇ ਅਤੇ 1993 ਤੋਂ ਲਗਾਤਾਰ 18 ਸਾਲ ਕੈਨੇਡਾ ਦੀ ਪਾਰਲੀਮੈਂਟ ਵਿੱਚ ਪੰਜ ਵਾਰ ਮੈਂਬਰ ਪਾਰਲੀਮੈਂਟ ਰਹੇ ਪਹਿਲੇ ਦਸਤਾਰਧਾਰੀ ਸਿੱਖ ਸ੍ਰ: ਗੁਰਬਖਸ਼ ਸਿੰਘ ਮੱਲੀ ਦੇ ਨਾਂ ਨੂੰ ਇਹ ਪਾਰਕ ਸਮਰਪਿਤ ਕੀਤਾ ਗਿਆ। ਕੜਾਕੇ ਦੀ ਠੰਡ -5 ਡਿਗਰੀ ਦੇ ਬਾਵਜੂਦ ਪੰਜਾਬੀਆਂ ਦੇ ਭਰਵੇਂ ਇਕੱਠ ਜਿਹਨਾਂ ਚ ਵੱਖ ਵੱਖ ਖੇਡ ਕਲੱਬਾਂ, ਸੀਨੀਅਰ ਸਿਟੀਜਨ ਕਲੱਬਾਂ, ਲੇਖਕ ਸਭਾਂਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਬੁਲਾਰਿਆਂ ਵਿੱਚ ਸਿਟੀ ਆਫ ਬਰੈਂਮਪਟਨ ਦੇ ਮੇਅਰ ਪੈਟਰਿਕ ਬਰਾਊਨ, ਸਿਟੀ ਕਾਊਂਸਲਰ ਹਰਕੀਰਤ ਸਿੰਘ, ਰੀਜਨਲ ਕਾਊਂਸਲਰ ਗੁਰਪਰੀਤ ਸਿੰਘ ਢਿੱਲੋਂ, ਓਨਟਾਰੀਓ ਸੂਬੇ ਦੇ ਲਿਬਰਲ ਹੈਡ ਡੈਲ ਡੂਕਾ, ਜੀਵਨ




ਬਰੈਂਪਟਨ ਵਿਚਲੀ ਬਰਲਵੁੱਡ ਸਟਰੀਟ ਤੇ ਆਨਰੇਬਲ ਗੁਰਬਖਸ਼ ਸਿੰਘ ਮੱਲੀ ਪਾਰਕ ਦਾ ਉਦਘਾਟਨੀ ਸਮਾਰੋਹ ਸਮੇਂ ਗੁਰਪਰੀਤ ਸਿੰਘ ਢਿੱਲੋਂ ਰੀਜਨਲ ਕੌਂਸਲਰ, ਹਰਕੀਰਤ ਸਿੰਘ ਕੌਂਸਲਰ, ਗੁਰਬਖਸ਼ ਸਿੰਘ ਮੱਲੀ, ਪੈਟਰਿਕ ਬਰਾਊਨ ਮੇਅਰ ਆਫ ਬਰੈਂਪਟਨ ਸਿਟੀ, ਜੀਵਨ ਗਿੱਲ ਕਾਂਊਂਸਲਰ ਵਿੰਡਸਰ ਸਿਟੀ ਅਤੇ ਹੋਰ।
ਫੋਟੋ: ਕੰਵਲਜੀਤ ਸਿੰਘ ਕੰਵਲ

ਗਿੱਲ ਕਾਊਸਲਰ ਸਿਟੀ ਆਫ ਵਿੰਡਸਰ ਤੋਂ ਇਲਾਵਾ ਕਈ ਅਹੁਦੇਦਾਰਾਂ ਨੇ ਭਾਗ ਲਿਆ। ...ਬਾਕੀ ਪੰਨਾ 14 'ਤੇ

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

Locations
Woodbridge
Mississauga
Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL
Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART
INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill
(647)767-6665
gurdipgill1@hotmail.ca

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Dubai Jewellers
2700 Northpark Drive
Unit #19, Brampton
Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598



NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com




NATION-WIDE TALK, TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr™
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕਲਾਸ ਸਾਹਮਣੇ ਟੀਚਰ ’ਤੇ ਵਿਦਿਆਰਥੀ ਨੇ ਚਾਕੂ ਨਾਲ ਕੀਤਾ ਹਮਲਾ



ਮਾਂਟਰੀਅਲ, 9 ਦਸੰਬਰ (ਪੋਸਟ ਬਿਊਰੋ) : ਮਾਂਟਰੀਅਲ ਹਾਈ ਸਕੂਲ ਦੇ ਇੱਕ ਟੀਚਰ ਨੂੰ ਪੂਰੀ ਕਲਾਸ ਦੇ ਸਾਹਮਣੇ ਇੱਕ ਵਿਦਿਆਰਥੀ ਵੱਲੋਂ ਚਾਕੂ ਮਾਰ ਦਿੱਤਾ ਗਿਆ। ਸਕੂਲ ਬੋਰਡ ਨੇ ਦੱਸਿਆ ਕਿ ਹਮਲਾ ਕਰਨ ਵਾਲਾ ਵਿਅਕਤੀ ਕਲਾਸ ਵਿੱਚ ਆਇਆ ਤੇ ਉਸ ਨੇ ਆਉਂਦੇ ਸਾਰ ਉਸ ਟੀਚਰ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਪਿੱਛੇ ਕੀ ਕਾਰਨ ਸਨ ਇਹ ਅਜੇ ਤੱਕ ਸਮਝ ਨਹੀਂ ਆਇਆ।

ਮਾਂਟਰੀਅਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟੀਚਰ ਦੀ ਉਮਰ 40 ਸਾਲ ਦੇ ਨੇੜੇ ਤੇੜੇ ਹੈ ਤੇ ਉਸ ਦੇ ਧੜ ਦੇ ਉੱਪਰੀ ਹਿੱਸੇ ਵਿੱਚ ਚਾਕੂ ਨਾਲ ਤਿੱਖਾ ਕੱਟ ਲੱਗਿਆ। ਉਸ ਦੇ ਇੱਕ ਪਾਸੇ ਕੱਟ ਲੱਗਿਆ ਤੇ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਉਸ ਦੀ ਜਾਨ ਨੂੰ ਕੋਈ ਖਤਰਾ ਨਹੀਂ ਦੱਸਿਆ ਜਾ ਰਿਹਾ। ਪੁਲਿਸ ਦੇ ਬੁਲਾਰੇ ਜੀਨ ਪਿਏਰੇ ਬ੍ਰੈਬੰਟ ਇਹ ਨਹੀਂ ਦੱਸ ਪਾਏ ਕਿ ਹਮਲੇ ਦੌਰਾਨ ਕਿਹੋ ਜਿਹੇ ਹਥਿਆਰ ਦੀ ਵਰਤੋਂ ਕੀਤੀ ਗਈ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਕਿ ਇਹ ਚਾਕੂ ਹੋਵੇ ਤੇ ਉਨ੍ਹਾਂ ਦੱਸਿਆ ਕਿ ਹਥਿਆਰ ਮੌਕੇ ਤੋਂ ਬਰਾਮਦ ਹੋ ਗਿਆ।

ਇਹ ਘਟਨਾ ਸੇਂਟ ਮਾਈਕਲ ਮੈਟਰੋ ਸਟੇਸ਼ਨ ਨੇੜੇ ਜੌਹਨ ਐਫ ਕੈਨੇਡੀ ਹਾਈ ਸਕੂਲ ਵਿੱਚ ਸਵੇਰੇ 10:10 ਉੱਤੇ ਵਾਪਰੀ। ਇਸ ਤੋਂ ਤੁਰੰਤ ਬਾਅਦ ਸਵੌਟ ਟੀਮ ਮੌਕੇ ਉੱਤੇ ਪਹੁੰਚੀ ਤੇ 11:00 ਵਜੇ ਦੇ ਨੇੜੇ ਤੇੜੇ 16 ਸਾਲਾ ਲੜਕੇ ਨੂੰ ਹਿਰਾਸਤ ਵਿੱਚ ਲੈ ਲਿਆ। ਬ੍ਰੈਬੰਟ ਨੇ ਆਖਿਆ ਕਿ ਉਸ ਟੀਚਰ ਤੇ ਲੜਕੇ ਵਿੱਚ ਬਹਿਸ ਵੀ ਹੋਈ। ਉਨ੍ਹਾਂ ਦੱਸਿਆ ਕਿ ਉਸ ਲੜਕੇ ਦੇ ਸਕੂਲ ਵਿੱਚ ਹੀ ਮੌਜੂਦ ਰਹਿਣ ਬਾਰੇ ਜਿਵੇਂ ਹੀ ਪੁਲਿਸ ਨੂੰ ਪਤਾ ਲੱਗਿਆ ਉਨ੍ਹਾਂ ਨੇ ਸਕੂਲ ਨੂੰ ਲਾਕਡਾਊਨ ਲਾ ਦਿੱਤਾ। ਸਾਰੇ ਟੀਚਰਜ਼ ਤੇ ਵਿਦਿਆਰਥੀਆਂ ਨੂੰ ਆਪਣੀਆਂ ਕਲਾਸਾਂ ਵਿੱਚ ਹੀ ਰਹਿਣ ਲਈ ਵੀ ਆਖਿਆ ਗਿਆ।

# ਰੈਪਿਡ ਕੋਵਿਡ ਟੈਸਟਸ ਦੀ ਵਧੀ ਮੰਗ ਫੋਰਡ ਨੇ ਠੁਕਰਾਈ



ਓਨਟਾਰੀਓ, 9 ਦਸੰਬਰ (ਪੋਸਟ ਬਿਊਰੋ) : ਛੁੱਟੀਆਂ ਦੇ ਸੀਜ਼ਨ ਤੋਂ ਪਹਿਲਾਂ ਰੈਪਿਡ ਟੈਸਟਸ ਵਿੱਚ ਤੇਜ਼ੀ ਲਿਆਉਣ ਦੀ ਕੀਤੀ ਜਾ ਰਹੀ ਮੰਗ ਨੂੰ ਦਰਕਿਨਾਰ ਕਰਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਕੋਵਿਡ-19 ਟੈਸਟਿੰਗ ਬਾਰੇ ਪ੍ਰੋਵਿੰਸ ਦੀ ਪਹੁੰਚ ਬਿਲਕੁਲ ਸਹੀ ਹੈ।

ਓਨਟਾਰੀਓ ਦੀਆਂ ਕੁੱਝ ਕੰਮ ਵਾਲੀਆਂ ਥਾਂਵਾਂ ਉੱਤੇ ਮੁਲਾਜ਼ਮਾਂ ਲਈ ਰੈਪਿਡ ਟੈਸਟਸ ਮੁਹੱਈਆ ਕਰਵਾਏ ਜਾ ਰਹੇ ਹਨ ਤੇ ਪਬਲਿਕਲੀ ਫੰਡਿਡ ਸਕੂਲਾਂ ਵਿੱਚ ਬੱਚਿਆਂ ਨੂੰ ਦਸੰਬਰ ਦੀਆਂ ਛੁੱਟੀਆਂ ਲਈ ਪੰਜ ਰੈਪਿਡ ਟੈਸਟ ਵਾਲੀ ਕਿੱਟ ਦੇ ਕੇ ਘਰ ਤੋਰਿਆ ਗਿਆ ਹੈ। ਪਰ ਬਹੁਤੇ ਹਿੱਸਿਆਂ ਵਿੱਚ 15 ਮਿੰਟ ਦੇ ਅੰਦਰ ਨਤੀਜੇ ਦੇਣ ਵਾਲੇ ਟੈਸਟ ਉਨ੍ਹਾਂ ਲੋਕਾਂ ਨੂੰ ਆਸਾਨੀ ਨਾਲ ਉਪਲਬਧ ਨਹੀਂ ਹਨ ਜਿਹੜੇ ਛੁੱਟੀਆ ਸ਼ੁਰੂ ਹੋਣ ਤੋਂ ਪਹਿਲਾਂ ਏਸਿੰਪਟੋਮੈਟਿਕ ਕੋਵਿਡ-19 ਇਨਫੈਕਸ਼ਨ ਦੇ ਤੌਖਲੇ ਨੂੰ ਖਤਮ ਕਰਨਾ ਚਾਹੁੰਦੇ ਹਨ।

ਇਹ ਪੁੱਛੇ ਜਾਣ ਉੱਤੇ ਕਿ ਰੈਪਿਡ ਟੈਸਟਸ ਸਾਰੇ ਓਨਟਾਰੀਓ ਵਾਸੀਆਂ ਲਈ ਮੁਫਤ ਕਿਉਂ ਨਹੀਂ ਹਨ ਤਾਂ ਫੋਰਡ ਨੇ ਆਖਿਆ ਕਿ 33 ਮਿਲੀਅਨ ਰੈਪਿਡ ਟੈਸਟ ਉਨ੍ਹਾਂ ਦੀ ਸਰਕਾਰ ਵੱਲੋਂ ਪਹਿਲਾਂ ਹੀ ਵੰਡੇ ਜਾ ਚੁੱਕੇ ਹਨ। ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ ਹਰੇਕ ਵਿਦਿਆਰਥੀ ਲਈ ਪੰਜ ਮੁਫਤ ਟੈਸਟ ਵੀ ਮੁਹੱਈਆ ਕਰਵਾਏ ਜਾ ਰਹੇ ਹਨ।

# ਮਿਸੀਸਾਗਾ ਐਲੀਮੈਂਟਰੀ ਸਕੂਲ ਵਿੱਚ ਪਾਏ ਗਏ ਕੋਵਿਡ-19 ਦੇ 21 ਮਾਮਲੇ




ਮਿਸੀਸਾਗਾ, 9 ਦਸੰਬਰ (ਪੋਸਟ ਬਿਊਰੋ) : ਮਿਸੀਸਾਗਾ ਦੇ ਐਲੀਮੈਂਟਰੀ ਸਕੂਲ ਦੀਆਂ ਪੰਜ ਕਲਾਸਾਂ ਦੇ ਵਿਦਿਆਰਥੀਆਂ ਵਿੱਚ ਕੋਵਿਡ-19 ਦੇ 21 ਮਾਮਲੇ ਪਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਆਈਸੋਲੇਟ ਕਰਨ ਦੀ ਹਦਾਇਤ ਕੀਤੀ ਗਈ ਹੈ। ਇਹ ਜਾਣਕਾਰੀ ਸਕੂਲ ਬੋਰਡ ਨੇ ਦਿੱਤੀ।

ਡਫਰਿਨ ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਅਨੁਸਾਰ 30 ਨਵੰਬਰ ਨੂੰ ਵਨੀਤਾ ਰੋਡ ਉੱਤੇ ਸੇਂਟ ਜੇਮਜ਼ ਕੈਥੋਲਿਕ ਗਲੋਬਲ ਲਰਨਿੰਗ ਸੈਂਟਰ ਉੱਤੇ ਆਊਟਬ੍ਰੇਕ ਐਲਾਨ ਦਿੱਤੀ ਗਈ ਸੀ। ਹਾਲਾਂਕਿ ਪੰਜ ਕਲਾਸਾਂ ਨੂੰ ਆਈਸੋਲੇਟ ਕੀਤਾ ਜਾ ਚੁੱਕਿਆ ਹੈ ਪਰ ਅਜੇ ਵੀ ਸਕੂਲ ਖੁੱਲ੍ਹਾ ਹੀ ਹੈ। ਸਕੂਲ ਦੇ ਪ੍ਰਿੰਸੀਪਲ ਵੱਲੋਂ ਮਾਪਿਆਂ ਨੂੰ ਲਿਖੇ ਪੱਤਰ ਵਿੱਚ ਆਖਿਆ ਕਿ ਸਾਡਾ ਸਕੂਲ ਬੱਚਿਆਂ ਤੇ ਸਟਾਫ ਲਈ ਖੁੱਲ੍ਹਾ ਹੈ। ਉਨ੍ਹਾਂ ਆਖਿਆ ਕਿ ਸਕੂਲ ਦੀ ਵਾਧੂ ਸਫਾਈ ਕੀਤੀ ਜਾ ਚੁੱਕੀ ਹੈ। ਅਸੀਂ ਫਿਜ਼ੀਕਲ ਡਿਸਟੈਂਸਿੰਗ, ਹੈੱਡ ਵਾਸ਼ਿੰਗ/ਸੈਨੇਟਾਈਜ਼ਿੰਗ ਤੇ ਮਾਸਕ ਵਾਲੇ ਨਿਯਮ ਦਾ ਪਾਲਣ ਕਰ ਰਹੇ ਹਾਂ ਤੇ ਇਨ੍ਹਾਂ ਦੀ ਬਦੌਲਤ ਵਾਇਰਸ ਅੱਗੇ ਫੈਲਣ ਤੋਂ ਰੁਕਿਆ ਹੈ ਤੇ ਕੋਵਿਡ-19 ਦਾ ਖਤਰਾ ਘਟਿਆ ਹੈ। ਸਿੱਖਿਆ ਮੰਤਰਾਲੇ ਦਾ ਕਹਿਣਾ ਹੈ ਕਿ ਪਬਲਿਕ ਸਕੂਲ ਸਿਸਟਮ ਨਾਲ ਜੁੜੀਆਂ ਐਕਟਿਵ ਇਨਫੈਕਸ਼ਨਜ਼ ਦੀ ਗਿਣਤੀ ਘਟੀ ਹੈ ਤੇ ਹੁਣ ਇਹ ਕੁੱਲ 2016 ਮਾਮਲੇ ਹਨ।

# ਫਰੀਲੈਂਡ ਨੇ ਐਮਪੀਜ਼ ਨੂੰ ਜਲਦ ਤੋਂ ਜਲਦ ਪੈਨਡੈਮਿਕ ਏਡ ਬਿੱਲ ਪਾਸ ਕਰਨ ਦੀ ਕੀਤੀ ਅਪੀਲ

...ਪੰਨਾ 1 ਦਾ ਬਾਕੀ

ਸਰਕਾਰ ਦਾ ਕਹਿਣਾ ਹੈ ਕਿ ਅਜਿਹਾ ਕਰਨ ਨਾਲ ਬਿਜ਼ਨਸਿਜ਼ ਨੂੰ ਨੁਕਸਾਨ ਨਹੀਂ ਪਹੁੰਚੇਗਾ ਤੇ ਉਹ ਵਰਕਰਜ਼ ਨੂੰ ਵੀ ਲਾਕਡਾਊਨ ਦੀ ਸੂਰਤ ਵਿੱਚ ਹਫਤੇ ਦੇ 300 ਡਾਲਰ ਦੇਣ ਦੇ ਹੱਕ ਵਿੱਚ ਹਨ। ਸਰਕਾਰ ਵੱਲੋਂ ਹਾਊਸ ਆਫ ਕਾਮਨਜ਼ ਵਿੱਚ 7.4 ਬਿਲੀਅਨ ਡਾਲਰ ਦਾ ਏਡ ਬਿੱਲ ਪੇਸ਼ ਕੀਤਾ ਗਿਆ ਹੈ। ਲਿਬਰਲ ਚਾਹੁੰਦੇ ਹਨ ਕਿ ਅਗਲੇ ਹਫਤੇ ਦੇ ਅੰਤ ਤੱਕ ਸ਼ੁਰੂ ਹੋਣ ਜਾ ਰਹੀਆਂ ਸਰਦ ਰੁੱਤ ਦੀਆਂ ਛੁੱਟੀਆਂ ਤੋਂ ਪਹਿਲਾਂ ਹੀ ਪਾਰਲੀਆਮੈਂਟੇਰੀਅਨਜ਼ ਇਸ ਬਿੱਲ ਸੀ-2 ਨੂੰ ਪਾਸ ਕਰਕੇ ਜਾਣ। ਫਰੀਲੈਂਡ ਨੇ ਆਖਿਆ ਕਿ ਜੇ ਇੱਕ ਵਾਰੀ ਫਿਰ ਕੋਵਿਡ-19 ਦਾ ਵਾਇਰਸ ਜਾਂ ਉਸ ਦਾ ਕੋਈ ਨਵਾਂ ਵੇਰੀਐਂਟ ਸਿਰ ਚੁੱਕਦਾ ਹੈ ਤਾਂ ਬਿੱਲ ਵਿੱਚ ਦਰਜ ਲਾਕਡਾਊਨ ਮਦਦ ਇਕਨੌਮਿਕ ਇੰਸ਼ੋਰੈਂਸ ਪਾਲਿਸੀ ਵਜੋਂ ਕੰਮ ਕਰੇਗੀ। ਉਨ੍ਹਾਂ ਆਖਿਆ ਕਿ ਇਹ ਸੱਚਮੁੱਚ ਦੀਆਂ ਚੁਣੌਤੀਆਂ ਹਨ।

# ਸਿਗਰਟਾਂ ਦੀ ਵਿੱਕਰੀ ਉੱਤੇ ਉਮਰ-ਭਰ ਲਈ ਪਾਬੰਦੀ ਲਾਉਣ ਦੀ ਤਿਆਰੀ ਕਰ ਰਿਹਾ ਹੈ ਨਿਊਜ਼ੀਲੈਂਡ



ਨਿਊਜ਼ੀਲੈਂਡ, 9 ਦਸੰਬਰ (ਪੋਸਟ ਬਿਊਰੋ) : ਨਿਊਜ਼ੀਲੈਂਡ ਸਰਕਾਰ ਵੱਲੋਂ ਸਖ਼ਤ ਫੈਸਲਾ ਲੈਂਦਿਆਂ ਹੋਇਆਂ ਸਿਗਰਟਨੋਸ਼ੀ ਉੱਤੇ ਪਾਬੰਦੀ ਲਾਉਣ ਦੀ ਯੋਜਨਾ ਬਣਾਈ ਗਈ ਹੈ।

ਇਸ ਨਾਲ ਨੌਜਵਾਨ ਆਪਣੀ ਜ਼ਿੰਦਗੀ ਵਿੱਚ ਕਦੇ ਸਿਗਰਟ ਨਹੀਂ ਖਰੀਦ ਸਕਣਗੇ। ਤੰਬਾਕੂ ਇੰਡਸਟਰੀ ਉੱਤੇ ਦੁਨੀਆ ਭਰ ਵਿੱਚ ਐਨਾ ਸਖ਼ਤ ਫੈਸਲਾ ਕਿਸੇ ਵੀ ਸਰਕਾਰ ਵੱਲੋਂ ਨਹੀਂ ਲਿਆ ਗਿਆ ਹੈ। ਨਿਊਜ਼ੀਲੈਂਡ ਸਰਕਾਰ ਦਾ ਇਹ ਤਰਕ ਹੈ ਕਿ ਉਨ੍ਹਾਂ ਨੂੰ ਇਹ ਸਖ਼ਤ ਕਦਮ ਚੁੱਕਣ ਦਾ ਫੈਸਲਾ ਇਸ ਲਈ ਲੈਣਾ ਪੈ ਰਿਹਾ ਹੈ ਕਿਉਂਕਿ ਹੋਰ ਕੋਸ਼ਿਸ਼ਾਂ ਸਿਗਰਟਨੋਸ਼ੀ ਨੂੰ ਖ਼ਤਮ ਕਰਨ ਵਿੱਚ ਕਾਫੀ ਸਮਾਂ ਲੈ ਰਹੀਆਂ ਸਨ।

2027 ਵਿੱਚ ਜਦੋਂ ਇਹ ਫੈਸਲਾ ਪ੍ਰਭਾਵੀ ਹੋਵੇਗਾ, ਉਸ ਸਮੇਂ ਪੰਜ ਮਿਲੀਅਨ ਦੀ ਆਬਾਦੀ ਵਾਲੇ ਇਸ ਦੇਸ਼ ਵਿੱਚ 14 ਸਾਲ ਉਮਰ ਵਰਗ ਦੇ ਬੱਚੇ ਕਾਨੂੰਨੀ ਤੌਰ ਉੱਤੇ ਕਦੇ ਵੀ ਸਿਗਰਟ ਨਹੀਂ ਖਰੀਦ ਸਕਣਗੇ ਜਦਕਿ ਵੇਚੀਆਂ ਜਾਣ ਵਾਲੀਆਂ ਸਿਗਰਟਾਂ ਵਿੱਚ ਨਿਕੋਟੀਨ ਦੀ ਮਾਤਰਾ ਕਾਫੀ ਘਟਾ ਦਿੱਤੀ ਜਾਵੇਗੀ।

ਇੱਕ ਬਿਆਨ ਵਿੱਚ ਨਿਊਜ਼ੀਲੈਂਡ ਦੀ ਐਸੋਸਿਏਟ ਸਿਹਤ ਮੰਤਰੀ ਆਇਸ਼ਾ ਵੈਰਲ ਨੇ ਆਖਿਆ ਕਿ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਨਿੱਕੀ ਉਮਰ ਦੇ ਬੱਚੇ ਜਾਂ ਨੌਜਵਾਨ ਕਦੇ ਵੀ ਸਿਗਰਟਨੋਸ਼ੀ ਵੱਲ ਨਾ ਜਾਣ ਇਸ ਲਈ ਅਸੀਂ ਤੰਬਾਕੂ ਨਾਲ ਸਬੰਧਤ ਪਦਾਰਥਾਂ ਦੀ ਖਰੀਦੋ-ਵੇਚ ਨੂੰ ਨੌਜਵਾਨਾਂ ਨੂੰ ਵੇਚਣਾ ਜੁਰਮ ਕਰਾਰ ਦੇਣਾ ਚਾਹੁੰਦੇ ਹਾਂ।

ਉਨ੍ਹਾਂ ਆਖਿਆ ਕਿ ਅਗਲੇ ਸਾਲ ਜੂਨ ਵਿੱਚ ਇਸ ਸਬੰਧੀ ਪਾਰਲੀਆਮੈਂਟ ਵਿੱਚ ਬਿੱਲ ਪੇਸ਼ ਕਰਨ ਤੋਂ ਪਹਿਲਾਂ ਸਰਕਾਰ ਆਉਣ ਵਾਲੇ ਮਹੀਨਿਆਂ ਵਿੱਚ ਮਾਓਰੀ ਹੈਲਥ ਟਾਸਕ ਫਰਸ ਨਾਲ ਸਲਾਹ ਮਸ਼ਵਰਾ ਕਰਨਾ ਚਾਹੁੰਦੀ ਹੈ। ਇਸ ਤੋਂ ਬਾਅਦ ਹੀ 2022 ਦੇ ਅੰਤ ਤੱਕ ਇਸ ਨੂੰ ਕਾਨੂੰਨ ਦਾ ਰੂਪ ਦਿੱਤਾ ਜਾ ਸਕੇਗਾ।

# ਕੈਨੇਡਾ ਨੇ ਬੀਜਿੰਗ ਓਲੰਪਿਕਸ ਦਾ ਕੀਤਾ ਡਿਪਲੋਮੈਟਿਕ ਬਾਈਕਾਟ



ਓਟਵਾ, 9 ਦਸੰਬਰ (ਪੋਸਟ ਬਿਊਰੋ) : ਚੀਨ ਵੱਲੋਂ ਵਾਰੀ ਵਾਰੀ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਕਰਨ ਖਿਲਾਫ ਰੋਸ ਪ੍ਰਗਟਾਉਂਦਿਆਂ ਹੋਇਆਂ ਕੈਨੇਡੀਅਨ ਸਰਕਾਰ ਦੇ ਅਧਿਕਾਰੀਆਂ ਨੇ ਬੀਜਿੰਗ ਓਲੰਪਿਕਸ ਦਾ ਡਿਪਲੋਮੈਟਿਕ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਬੁੱਧਵਾਰ ਨੂੰ ਡਿਪਲੋਮੈਟਿਕ ਬਾਈਕਾਟ ਦਾ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਚੀਨੀ ਸਰਕਾਰ ਵੱਲੋਂ ਮਨੁੱਖੀ ਅਧਿਕਾਰਾਂ ਦੀ ਇਸ ਉਲੰਘਣਾਂ ਕਾਰਨ ਉਹ ਕਾਫੀ ਪਰੇਸ਼ਾਨ ਹਨ। ਕੈਨੇਡੀਅਨ ਅਥਲੀਟਸ ਵਿੰਟਰ ਗੇਮਜ਼ ਵਿੱਚ ਹਿੱਸਾ ਲੈ ਸਕਣਗੇ। ਟਰੂਡੋ ਨੇ ਆਖਿਆ ਕਿ ਸਾਡੇ ਅਥਲੀਟ ਕਈ ਸਾਲਾਂ ਤੋਂ ਟਰੇਨਿੰਗ ਕਰ ਰਹੇ ਹਨ ਤੇ ਦੁਨੀਆ ਭਰ ਦੇ ਅਥਲੀਟਸ ਨਾਲ ਮੁਕਾਬਲਾ ਕਰਨਾ ਚਾਹੁੰਦੇ ਹਨ। ਉਨ੍ਹਾਂ ਨੂੰ ਸਾਡਾ ਪੂਰਾ ਸਮਰਥਨ ਰਹੇਗਾ। ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਆਖਿਆ ਕਿ ਫੈਡਰਲ ਸਰਕਾਰ ਆਰਸੀਐਮਪੀ ਨਾਲ ਰਲ ਕੇ ਕੈਨੇਡੀਅਨ ਅਥਲੀਟਸ ਦੀ ਹਿਫਾਜ਼ਤ ਯਕੀਨੀ ਬਣਾਵੇਗੀ। ਜੋਲੀ ਨੇ ਆਖਿਆ ਕਿ ਆਰਸੀਐਮਪੀ ਨੇ ਪਹਿਲਾਂ ਵੀ ਇਸੇ ਤਰਜ਼ ਉੱਤੇ ਓਲੰਪਿਕ ਕਮੇਟੀ ਨਾਲ ਰਲ ਕੇ ਕੰਮ ਕੀਤਾ ਹੈ। ਚੀਨੀ ਸਰਕਾਰ ਖਿਲਾਫ ਇਹ ਰੋਸ ਉਈਗਰ ਮੁਸਲਮਾਨਾਂ ਦੀ ਨਸਲਕੁਸ਼ੀ ਤੇ ਦੋਵਾਂ ਮਾਈਕਲਜ਼, ਜਿਨ੍ਹਾਂ ਨੂੰ ਤਿੰਨ ਸਾਲ ਤੱਕ ਚੀਨ ਦੀ ਜੇਲ੍ਹ ਵਿੱਚ ਬੰਦ ਕਰਕੇ ਰੱਖਣ ਤੋਂ ਬਾਅਦ ਸਤੰਬਰ ਵਿੱਚ ਛੱਡਿਆ ਗਿਆ, ਨੂੰ ਜ਼ਬਰਦਸਤੀ ਨਜ਼ਰਬੰਦ ਕਰਕੇ ਰੱਖਣ ਲਈ ਪ੍ਰਗਟਾਇਆ ਜਾ ਰਿਹਾ ਹੈ।

# 17 ਜਨਵਰੀ ਤੋਂ ਬਾਅਦ ਵੀ ਵੈਕਸੀਨ ਸਰਟੀਫਿਕੇਟ ਵਾਲੀ ਸ਼ਰਤ ਰਹੇਗੀ ਲਾਗੂ

...ਪੰਨਾ 1 ਦਾ ਬਾਕੀ

ਕਿ ਕੋਵਿਡ-19 ਦੇ ਘੱਟ ਰਹੇ ਰੁਝਾਨ ਦੇ ਮੱਦੇਨਜ਼ਰ ਪ੍ਰੋਵਿੰਸ ਵੱਲੋਂ ਰੈਸਟੋਰੈਂਟਸ ਤੇ ਬਾਰਜ਼, ਸਪੋਰਟਸ ਤੇ ਮਨੋਰੰਜਨ ਵਾਲੀਆਂ ਥਾਂਵਾਂ, ਕਸੀਨੋਜ਼ ਤੇ ਬਿੰਗੋ ਹਾਲਜ਼ ਤੋਂ 17 ਜਨਵਰੀ ਤੋਂ ਵੈਕਸੀਨ ਸਰਟੀਫਿਕੇਟ ਦੀ ਸ਼ਰਤ ਹਟਾਉਣੀ ਸ਼ੁਰੂ ਕਰ ਦਿੱਤੀ ਜਾਵੇਗੀ। ਇਹ ਵੀ ਪਤਾ ਲੱਗਿਆ ਹੈ ਕਿ ਪ੍ਰੋਵਿੰਸ ਵੱਲੋਂ ਕਿਊਆਰ ਕੋਡ ਨੂੰ ਵੀ ਵੈਕਸੀਨੇਸ਼ਨ ਦੇ ਸਬੂਤ ਵਜੋਂ ਮਾਨਤਾ ਦਿੱਤੀ ਜਾਵੇਗੀ ਤੇ ਅਜਿਹਾ ਕਰਨ ਨਾਲ ਜਾਅਲਸਾਜ਼ੀ ਦੀ ਸੰਭਾਵਨਾ ਵੀ ਘਟੇਗੀ। ਪ੍ਰੀਮੀਅਰ ਡੱਗ ਫੋਰਡ ਵੱਲੋਂ ਸ਼ੁੱਕਰਵਾਰ ਸਵੇਰੇ 10:00 ਵਜੇ ਆਪਣੇ ਮੰਤਰੀ ਮੰਡਲ ਨਾਲ ਮੁਲਾਕਾਤ ਕੀਤੀ ਜਾਵੇਗੀ। ਉਨ੍ਹਾਂ ਦੀ ਇਹ ਮੁਲਾਕਾਤ ਪ੍ਰੋਵਿੰਸ ਦੇ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਕੀਤੀ ਜਾਣ ਵਾਲੀ ਅਪਡੇਟ ਤੋਂ ਪਹਿਲਾਂ ਹੋਵੇਗੀ।

# ਕੋਵਿਡ-19 ਕਾਰਨ ਮੁੜ ਵਿਗੜ ਰਹੇ ਹਾਲਾਤ ਕਾਰਨ ਓਨਟਾਰੀਓ ਨੇ ਰੀਓਪਨਿੰਗ ਪਲੈਨ ਉੱਤੇ ਲਾਈ ਰੋਕ




ਓਨਟਾਰੀਓ, 9 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਮਾਮਲਿਆਂ ਵਿੱਚ ਲਗਾਤਾਰ ਹੋ ਰਹੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ ਓਨਟਾਰੀਓ ਸਰਕਾਰ ਵੱਲੋਂ ਆਪਣੇ ਰੀਓਪਨਿੰਗ ਪਲੈਨ ਦੇ ਅਗਲੇ ਕਦਮ ਨੂੰ ਅਣਮਿੱਥੇ ਸਮੇਂ ਲਈ ਰੋਕ ਦਿੱਤਾ ਗਿਆ ਹੈ।

15 ਨਵੰਬਰ ਨੂੰ ਜਿੱਥੇ ਵੈਕਸੀਨੇਸ਼ਨ ਦੇ ਸਬੂਤ ਦੀ ਲੋੜ ਸੀ ਉਨ੍ਹਾਂ ਹਾਈ ਰਿਸਕ ਸੈਟਿੰਗਜ਼ ਵਿੱਚ ਕਪੈਸਿਟੀ ਲਿਮਿਟ ਹਟਾਈਆਂ ਜਾਣੀਆਂ ਚਾਹੀਦੀਆਂ ਸਨ। ਪਰ ਮਾਮਲਿਆਂ ਵਿੱਚ ਇਜਾਫਾ ਹੋਣ ਤੋਂ ਬਾਅਦ 10 ਨਵੰਬਰ ਨੂੰ ਘੱਟੋ ਘੱਟ 28 ਦਿਨਾਂ ਲਈ ਇਸ ਵਿੱਚ ਦੇਰ ਕਰ ਦਿੱਤੀ ਗਈ ਸੀ। ਮੰਗਲਵਾਰ ਨੂੰ ਸਰਕਾਰ ਨੇ ਐਲਾਨ ਕੀਤਾ ਕਿ ਪਬਲਿਕ ਹੈਲਥ ਤਹਿਤ ਰੁਝਾਨ ਦੀ ਨਿਗਰਾਨੀ ਕਰਨ ਲਈ ਤੇ ਓਮਾਈਕ੍ਰੋਨ ਵੇਰੀਐਂਟ ਦੇ ਮਾਮਲਿਆਂ ਵਿੱਚ ਦਿਨੋਂ ਦਿਨ ਹੋ ਰਹੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ ਰੀਓਪਨਿੰਗ ਪਲੈਨ ਉੱਤੇ ਹਾਲ ਦੀ ਘੜੀ ਰੋਕ ਲਾਈ ਜਾ ਰਹੀ ਹੈ ।

ਇਨ੍ਹਾਂ ਪਾਬੰਦੀਆਂ ਨੂੰ ਕਦੋਂ ਹਟਾਇਆ ਜਾਵੇਗਾ ਇਸ ਸਬੰਧ ਵਿੱਚ ਕੋਈ ਤਰੀਕ ਜਾਰੀ ਨਹੀਂ ਕੀਤੀ ਗਈ ਹੈ। ਇਹ ਹਾਈ ਰਿਸਕ ਸੈਟਿੰਗਜ਼ ਹੇਠ ਲਿਖੀਆਂ ਹਨ :

- ਡਾਂਸ ਫੈਸਿਲਿਟੀਜ਼ ਵਾਲੀਆਂ ਫੂਡ ਜਾਂ ਡਰਿੰਕ ਵਾਲੀਆਂ ਥਾਂਵਾਂ ਜਿਵੇਂ ਕਿ ਨਾਈਟ ਕਲੱਬਜ਼ ਤੇ ਵੈਡਿੰਗ ਰਿਸੈਪਸ਼ਨਜ਼ ਆਯੋਜਿਤ ਕਰਨ ਵਾਲੀਆਂ ਥਾਂਵਾਂ ਜਿੱਥੇ ਡਾਂਸ ਕਰਨ ਦਾ ਪ੍ਰਬੰਧ ਹੋਵੇ
- ਸਟ੍ਰਿੱਪ ਕਲੱਬ
- ਸੈਕਸ ਕਲੱਬ ਤੇ ਬਾਥਹਾਊਸ

ਇਸ ਸਮੇਂ ਜਾਰੀ ਪਾਬੰਦੀਆਂ ਤਹਿਤ ਨਾਈਟਕਲੱਬਜ਼ ਤੇ ਬਾਥਹਾਊਸਿਜ਼ 25 ਫੀ ਸਦੀ ਸਮਰੱਥਾ ਜਾਂ 250 ਪੈਟਰਨਜ਼, ਜੋ ਵੀ ਘੱਟ ਹੋਵੇ,ਨਾਲ ਖੁੱਲ੍ਹਣ ਦੀ ਇਜਾਜ਼ਤ ਹੈ। ਸਟ੍ਰਿੱਪ ਕਲੱਬ ਉੱਤੇ ਕੋਈ ਕਪੈਸਿਟੀ ਲਿਮਿਟ ਨਹੀਂ ਹੈ। ਪਰ ਅਜਿਹੇ ਅਦਾਰਿਆਂ ਨੂੰ ਇਹ ਹਦਾਇਤਾਂ ਹਨ ਕਿ ਗਰੁੱਪਜ਼ ਦਰਮਿਆਨ ਘੱਟੋ ਘੱਟ ਦੋ ਮੀਟਰ ਦੀ ਫਿਜ਼ੀਕਲ ਦੂਰੀ ਹੋਣੀ ਜ਼ਰੂਰੀ ਹੈ।

# ਟੋਰਾਂਟੋ ਦੇ 5 ਹੋਰ ਸਕੂਲਾਂ ਵਿੱਚ ਐਲਾਨੀ ਗਈ ਕੋਵਿਡ-19 ਆਊਟਬ੍ਰੇਕ



ਟੋਰਾਂਟੋ, 9 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਪੰਜ ਹੋਰ ਸਕੂਲਾਂ ਵਿੱਚ ਕੋਵਿਡ-19 ਆਊਟਬ੍ਰੇਕ ਐਲਾਨ ਦਿੱਤੀ ਗਈ ਹੈ। ਇਹ ਜਾਣਕਾਰੀ ਟੋਰਾਂਟੋ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਦਿੱਤੀ ਗਈ।

ਸੋਸ਼ਲ ਮੀਡੀਆ ਉੱਤੇ ਪੋਸਟ ਕੀਤੇ ਗਏ ਮੈਸੇਜ ਵਿੱਚ ਅਧਿਕਾਰੀਆਂ ਨੇ ਆਖਿਆ ਕਿ ਦੋ ਜਾਂ ਇਸ ਤੋਂ ਵੱਧ ਇਨਫੈਕਸ਼ਨਜ਼ ਲੇਨਰ ਜੂਨੀਅਰ ਮਿਡਲ ਸਕੂਲ, ਰੌਜਥੌਰਨ ਜੂਨੀਅਰ ਸਕੂਲ, ਸੈਨੇਕਾ ਹਿੱਲ ਪ੍ਰਾਈਵੇਟ ਸਕੂਲ, ਸੇਂਟ ਡੀਮੈਟਰੀਅਸ ਕੈਥੋਲਿਕ ਸਕੂਲ ਤੇ ਕੌਸਬਰਨ ਮਿਡਲ ਸਕੂਲ ਵਿੱਚ ਪਾਈਆਂ ਗਈਆਂ ਹਨ। ਟੋਰਾਂਟੋ ਪਬਲਿਕ ਹੈਲਥ ਵੱਲੋਂ ਇਨ੍ਹਾਂ ਮਾਮਲਿਆਂ ਬਾਰੇ ਥੋੜ੍ਹੀ ਬਹੁਤ ਹੋਰ ਜਾਣਕਾਰੀ ਦਿੱਤੀ ਗਈ ਤੇ ਆਖਿਆ ਗਿਆ ਕਿ ਉਨ੍ਹਾਂ ਦੀ ਧਿਆਨ ਨਾਲ ਜਾਂਚ ਕੀਤੀ ਜਾ ਰਹੀ ਹੈ।

ਇਨ੍ਹਾਂ ਮਾਮਲਿਆਂ ਦੇ ਨੇੜਲੇ ਸੰਪਰਕ ਵਿੱਚ ਆਉਣ ਵਾਲਿਆਂ ਨੂੰ ਸੈਲਫ ਆਈਸੋਲੇਸ਼ਨ ਦੀ ਤੇ ਕੋਵਿਡ-19 ਟੈਸਟ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ। ਇੱਕਲੇ ਇਸ ਹਫਤੇ ਹੀ ਟੋਰਾਂਟੋ ਦੇ 13 ਸਕੂਲਾਂ ਵਿੱਚ ਆਊਟਬ੍ਰੇਕ ਐਲਾਨ ਦਿੱਤੀ ਗਈ। ਸਿਟੀ ਦੀ ਵੈੱਬਸਾਈਟ ਮੁਤਾਬਕ ਸਿਟੀ ਵਿੱਚ ਘੱਟੋ ਘੱਟ 36 ਆਊਟਬ੍ਰੇਕਸ ਐਲਾਨੀਆਂ ਜਾ ਚੁੱਕੀਆਂ ਹਨ।













# ਕਾਰ ਦੇ ਨਾਇਗਰਾ ਰਿਵਰ ਵਿੱਚ ਡਿੱਗਣ ਨਾਲ ਮਹਿਲਾ ਦੀ ਹੋਈ ਮੌਤ

ਓਨਟਾਰੀਓ, 9 ਦਸੰਬਰ (ਪੋਸਟ ਬਿਊਰੋ) : ਕਾਰ ਦੇ ਨਾਇਗਰਾ ਰਿਵਰ ਵਿੱਚ ਡਿੱਗਣ ਨਾਲ ਇੱਕ ਮਹਿਲਾ ਦੀ ਮੌਤ ਹੋ ਗਈ। ਗੱਡੀ ਤੈਰਦਿਆਂ ਹੋਇਆਂ ਨਾਇਗਰਾ ਫਾਲਜ਼ ਦੇ ਕਾਫੀ ਨੇੜੇ ਪਹੁੰਚ ਗਈ ਜਿਸ ਕਾਰਨ ਮਹਿਲਾ ਦੀ ਲਾਸ਼ ਨੂੰ ਗੱਡੀ ਵਿੱਚੋਂ ਕੱਢਣ ਲਈ ਬਹੁਤ ਮੁਸ਼ਕਲ ਪੇਸ਼ ਆਈ।



ਨਿਊ ਯੌਰਕ ਸਟੇਟ ਪਾਰਕਸ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਦੁਪਹਿਰੇ 12:00 ਵਜੇ ਤੋਂ ਪਹਿਲਾਂ ਕਾਰ ਦੇ ਨਹਿਰ ਵਿੱਚ ਡਿੱਗਣ ਤੇ ਫਿਰ ਪਾਣੀ ਦੇ ਤੇਜ ਵਹਾਅ ਵਿੱਚ ਫਸਣ ਦੀ ਜਾਣਕਾਰੀ ਉਨ੍ਹਾਂ ਨੂੰ ਮਿਲ ਗਈ ਸੀ।ਪੁਲਿਸ ਨੇ ਦੱਸਿਆ ਕਿ ਕਾਰ ਨਾਇਗਰਾ ਫਾਲਜ਼ ਦੀ ਅਮੈਰੀਕਨ ਸਾਈਡ ਤੋਂ 100 ਮੀਟਰ ਦੀ ਦੂਰੀ ਉੱਤੇ ਹੀ ਰਹਿ ਗਈ ਸੀ। ਪੁਲਿਸ ਨੇ ਦੱਸਿਆ ਕਿ ਚਸ਼ਮਦੀਦਾਂ ਅਨੁਸਾਰ ਗੱਡੀ ਵਿੱਚ ਇੱਕ ਵਿਅਕਤੀ ਸਵਾਰ ਸੀ ਤੇ ਇਹ ਪਤਾ ਲੱਗਦਿਆਂ ਸਾਰ ਤੁਰੰਤ ਐਮਰਜੰਸੀ ਆਪਰੇਸ਼ਨ ਲਾਂਚ ਕਰ ਦਿੱਤਾ ਗਿਆ।

ਪੁਲਿਸ ਅਨੁਸਾਰ ਪਾਵਰ ਅਧਿਕਾਰੀਆਂ ਵੱਲੋਂ ਨਾਇਗਰਾ ਨਹਿਰ ਦੇ ਪਾਣੀ ਦੇ ਪੱਧਰ ਨੂੰ ਘਟਾਇਆ ਗਿਆ ਤੇ ਡਰੋਨਜ਼ ਅਤੇ ਹੈਲੀਕਾਪਟਰ ਦੀ ਮਦਦ ਨਾਲ ਗੱਡੀ ਦਾ ਨੇੜਿਓਂ ਮੁਆਇਨਾ ਕੀਤਾ ਗਿਆ। ਫਿਰ ਇੱਕ ਗੋਤਾਖੋਰ ਨੂੰ ਹੈਲੀਕਾਪਟਰ ਦੀ ਮਦਦ ਨਾਲ ਕਾਰ ਤੱਕ ਪਹੁੰਚਾਇਆ ਗਿਆ ਤੇ ਉਸ ਨੇ ਕਾਰ ਵਿੱਚੋਂ ਡਰਾਈਵਰ ਵਾਲੀ ਸੀਟ ਤੋਂ ਮਹਿਲਾ ਨੂੰ ਬਾਹਰ ਕੱਢਿਆ।ਪਾਰਕ ਪੁਲਿਸ ਕੈਪਟਨ ਕ੍ਰਿਸਟੋਫਰ ਰੋਲਾ ਵੱਲੋਂ ਬੁੱਧਵਾਰ ਨੂੰ ਕੀਤੀ ਗਈ ਨਿਊਜ਼ ਕਾਨਫਰੰਸ ਵਿੱਚ ਕੋਸਟ ਗਾਰਡ ਦੇ ਇਸ ਕੰਮ ਦੀ ਸ਼ਲਾਘਾ ਕੀਤੀ ਗਈ।

ਪੁਲਿਸ ਨੇ ਦੱਸਿਆ ਕਿ ਪੱਛਮੀ ਨਿਊ ਯੌਰਕ ਦੀ ਮਹਿਲਾ, ਜੋ ਕਿ ਆਪਣੇ 60ਵਿਆਂ ਵਿੱਚ ਸੀ ਤੇ ਉੱਥੇ ਹੀ ਰਹਿਣ ਵਾਲੀ ਸੀ, ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਆਖਿਆ ਕਿ ਹਾਲ ਦੀ ਘੜੀ ਉਹ ਇਸ ਗੱਲ ਦੀ ਪੁਸ਼ਟੀ ਨਹੀਂ ਕਰ ਸਕਦੇ ਕਿ ਗੱਡੀ ਨਹਿਰ ਵਿੱਚ ਕਿਉਂ ਡਿੱਗੀ। ਨਿਊ ਯੌਰਕ ਸਟੇਟ ਪਾਰਕਸ ਪੁਲਿਸ ਨੇ ਆਖਿਆ ਕਿ ਮਾਮਲੇ ਦੀ ਜਾਂਚ ਲਈ ਕੈਨੇਡੀਅਨ ਕੋਸਟ ਗਾਰਡ ਨੂੰ ਵੀ ਸੱਦਿਆ ਗਿਆ।ਜਿਸ ਸਮੇਂ ਹਾਦਸਾ ਵਾਪਰਿਆ ਉਸ ਸਮੇਂ ਹਲਕੀ ਸਨੋਅ ਫਾਲ ਹੋ ਕੇ ਹਟੀ ਸੀ ਤੇ ਸੜਕਾਂ ਤਿਲ੍ਹਕਵੀਆਂ ਸਨ।

# ਜਿਨਸੀ ਹਮਲੇ ਦੇ ਸਬੰਧ ਵਿੱਚ ਮਿਲਟਰੀ ਦੇ ਹਿਊਮਨ ਰਿਸੋਰਸਿਜ਼ ਹੈੱਡ ਨੂੰ ਕੀਤਾ ਗਿਆ ਚਾਰਜ

ਓਟਵਾ, 9 ਦਸੰਬਰ (ਪੋਸਟ ਬਿਊਰੋ) : ਮਿਲਟਰੀ ਪੁਲਿਸ ਨੇ ਕੈਨੇਡੀਅਨ ਆਰਮਡ ਫਰਸਿਜ਼ ਦੇ ਹਿਊਮਨ ਰਿਸੋਰਸਿਜ਼ ਡਿਪਾਰਟਮੈਂਟ ਦੇ ਸਾਬਕਾ ਹੈੱਡ ਖਿਲਾਫ ਕ੍ਰਿਮੀਨਲ ਚਾਰਜਿਜ਼ ਦਾਇਰ ਕੀਤੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਲਿਬਰਲ ਸਰਕਾਰ ਵੱਲੋਂ ਇਹ ਭਰੋਸਾ ਦਿਵਾਇਆ ਗਿਆ ਸੀ ਕਿ ਉਨ੍ਹਾਂ ਵੱਲੋਂ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਦੀ ਜਾਂਚ ਦਾ ਕੰਮ ਸਿਵੀਲੀਅਨ ਅਧਿਕਾਰੀਆਂ ਨੂੰ ਸੌਂਪਿਆ ਜਾਵੇਗਾ ਪਰ ਇਸ ਦੇ ਬਾਵਜੂਦ ਮਿਲਟਰੀ ਪੁਲਿਸ ਵੱਲੋਂ ਇਹ ਫੈਸਲਾ ਲਿਆ ਗਿਆ ਹੈ।

ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਵਾਈਸ ਐਡਮਿਰਲ ਹੇਅਡਨ ਐਡਮੰਡਸਨ ਨੂੰ ਜਿਨਸੀ ਹਮਲੇ ਦੇ ਇੱਕ ਮਾਮਲੇ ਤੇ ਅਢੁਕਵੀਂ ਹਰਕਤ ਦੇ ਇੱਕ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।ਇਹ ਚਾਰਜਿਜ਼ ਰੱਖਿਆ ਮੰਤਰੀ ਅਨੀਤਾ ਆਨੰਦ ਵੱਲੋਂ ਇਹ ਐਲਾਨ ਕੀਤੇ ਜਾਣ ਤੋਂ ਇੱਕ ਮਹੀਨੇ ਬਾਅਦ ਲਾਏ ਗਏ ਕਿ ਉਨ੍ਹਾਂ ਨੂੰ ਫੌਜੀ ਅਧਿਕਾਰੀਆਂ ਨਾਲ ਜੁੜੇ ਜਿਨਸੀ ਸ਼ੋਸ਼ਣ ਦੇ ਮਾਮਲੇ ਸਿਵੀਲੀਅਨ ਅਧਿਕਾਰ ਖੇਤਰ ਵਿੱਚ ਟਰਾਂਸਫਰ ਕਰਨ ਦੀ ਰਿਟਾਇਰਡ ਸੁਪਰੀਮ ਕੋਰਟ ਜੱਜ ਲੁਈ ਆਰਬਰ ਦੀ ਸਲਾਹ ਮੰਨਣ ਵਿੱਚ ਕੋਈ ਹਰਜ਼ ਨਹੀਂ।



ਮਿਲਟਰੀ ਪੁਲਿਸ ਵੱਲੋਂ ਇਹ ਚਾਰਜਿਜ਼ ਐਲਾਨਣ ਉੱਤੇ ਸੀਐਫਐਨਆਈਐਸ ਨੇ ਆਖਿਆ ਕਿ ਜਿਹੜੇ ਮਾਮਲੇ ਮੁਕੰਮਲ ਹੋਣ ਲਾਗੇ ਹੁੰਦੇ ਹਨ ਉਨ੍ਹਾਂ ਦੀ ਜਾਂਚ ਮਿਲਟਰੀ ਪੁਲਿਸ ਕੋਲ ਹੀ ਰਹਿਣ ਲਈ ਆਰਬਰ ਨੇ ਰਾਹ ਖੁੱਲ੍ਹਾ ਹੀ ਛੱਡ ਦਿੱਤਾ ਸੀ। ਮਿਲਟਰੀ ਇਨਵੈਸਟੀਗੇਸ਼ਨ ਸਰਵਿਸ ਨੇ ਆਖਿਆ ਕਿ ਇਸ ਮਾਮਲੇ ਵਿੱਚ ਜਾਂਚ ਮੁਕੰਮਲ ਹੋਣ ਵਾਲੀ ਹੈ। ਜ਼ਿਕਰਯੋਗ ਹੈ ਕਿ 1991 ਵਿੱਚ ਕਥਿਤ ਜਿਨਸੀ ਹਮਲੇ ਦੇ ਮਾਮਲੇ ਵਿੱਚ ਸੀਬੀਸੀ ਦੀ ਰਿਪੋਰਟ ਤੋਂ ਬਾਅਦ ਪੁਲਿਸ ਜਾਂਚ ਸ਼ੁਰੂ ਹੋਣ ਮਗਰੋਂ ਐਡਮੰਡਸਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

# ਜਰਮਨੀ ਵਿੱਚ ਮਰਕਲ ਦੀ ਥਾਂ ਲੈਣਗੇ ਓਲਫ ਸ਼ੌਲਜ਼



ਬਰਲਿਨ, 9 ਦਸੰਬਰ (ਪੋਸਟ ਬਿਊਰੋ) : ਜਰਮਨੀ ਦੀ ਪਾਰਲੀਆਮੈਂਟ ਵੱਲੋਂ ਓਲਫ ਸ਼ੌਲਜ਼ ਨੂੰ ਦੇਸ਼ ਦਾ ਨਵਾਂ ਚਾਂਸਲਰ ਚੁਣਿਆ ਗਿਆ ਹੈ। ਦੂਜੀ ਵਿਸ਼ਵ ਜੰਗ ਤੋਂ ਬਾਅਦ ਸ਼ੌਲਜ਼ ਦੇ ਨੌਵੇਂ ਚਾਂਸਲਰ ਹੋਣਗੇ।

ਏਂਜਲਾ ਮਰਕਲ ਦੇ 16 ਸਾਲਾਂ ਦੇ ਕਾਰਜਕਾਲ ਤੋਂ ਬਾਅਦ ਸ਼ੌਲਜ਼ ਯੂਰਪੀਅਨ ਯੂਨੀਅਨ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਤੇ ਸੱਭ ਤੋਂ ਵੱਡੇ ਅਰਥਚਾਰੇ ਲਈ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਦੀ ਆਸ ਲੈ ਕੇ ਆਏ ਹਨ। ਜਰਮਨੀ ਨੂੰ ਆਧੁਨਿਕ ਰੰਗਤ ਦੇਣ ਦੇ ਨਾਲ ਨਾਲ ਕਲਾਈਮੇਟ ਚੇਂਜ ਵੱਲ ਮੁੱਖ ਤੌਰ ਉੱਤੇ ਧਿਆਨ ਦੇਣ ਦੇ ਇਰਾਦੇ ਨਾਲ ਸ਼ੌਲਜ਼ ਸਰਕਾਰ ਆਫਿਸ ਸਾਂਭ ਰਹੀ ਹੈ। ਪਰ ਕਾਰਜਕਾਲ ਦੀ ਸ਼ੁਰੂਆਤ ਸਮੇਂ ਹੀ ਸ਼ੌਲਜ਼ ਨੂੰ ਕਰੋਨਾਵਾਇਰਸ ਮਹਾਂਮਾਰੀ ਦੇ ਸੰਕਟ ਨਾਲ ਦੋ-ਦੋ ਹੱਥ ਕਰਨੇ ਹੋਣਗੇ।

ਨੀਤੀਘਾੜਿਆਂ ਨੇ ਸ਼ੌਲਜ਼ ਨੂੰ ਆਪਣਾ ਚਾਂਸਲਰ ਚੁਣਨ ਲਈ 395 ਦੇ ਮੁਕਾਬਲੇ 303 ਵੋਟਾਂ ਪਾਈਆਂ। 736 ਸੀਟਾਂ ਵਾਲੇ ਪਾਰਲੀਆਮੈਂਟ ਦੇ ਲੋਅਰ ਹਾਊਸ ਵਿੱਚ ਸ਼ੌਲਜ਼ ਦੇ ਤਿੰਨ ਪਾਰਟੀ ਗੱਠਜੋੜ ਕੋਲ 416 ਸੀਟਾਂ ਹਨ।

# ਗੱਡੀ ਖੰਭੇ ਵਿੱਚ ਟਕਰਾਅ ਕੇ ਪਲਟਣ ਕਾਰਨ ਇੱਕ ਜ਼ਖ਼ਮੀ



ਟੋਰਾਂਟੋ, 9 ਦਸੰਬਰ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਇੱਕ ਗੱਡੀ ਦੇ ਖੰਭੇ ਨਾਲ ਟਕਰਾਅ ਕੇ ਪਲਟ ਜਾਣ ਮਗਰੋਂ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਮੰਗਲਵਾਰ ਰਾਤ ਨੂੰ ਬੇਅਵਿਊ ਐਵਨਿਊ ਤੇ ਫਿੰਚ ਐਵਨਿਊ ਈਸਟ ਉੱਤੇ ਵਾਪਰੇ ਇਸ ਹਾਦਸੇ ਤੋਂ ਬਾਅਦ ਟੋਰਾਂਟੋ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ। ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ ਪਰ ਉਸ ਦੇ ਜ਼ਖ਼ਮ ਜਾਨਲੇਵਾ ਨਹੀਂ ਪਾਏ ਗਏ।

ਹਾਦਸੇ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ ਹੈ।

# ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿੱਚ ਨਹੀਂ ਕੀਤਾ ਵਾਧਾ

ਓਟਵਾ, 9 ਦਸੰਬਰ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਨੂੰ 0.25 ਫੀ ਸਦੀ ਉੱਤੇ ਹੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ।



ਇੱਕ ਬਿਆਨ ਵਿੱਚ ਸੈਂਟਰਲ ਬੈਂਕ ਨੇ ਆਖਿਆ ਕਿ ਉਹ ਅਪਰੈਲ ਤੇ ਸਤੰਬਰ ਦਰਮਿਆਨ ਇਨ੍ਹਾਂ ਵਿਆਜ਼ ਦਰਾਂ ਵਿੱਚ ਵਾਧਾ ਕਰਨ ਬਾਰੇ ਸੋਚ ਸਕਦਾ ਹੈ ਉਸ ਤੋਂ ਪਹਿਲਾਂ ਕਿਸੇ ਵੀ ਹਾਲ ਅਜਿਹਾ ਨਹੀਂ ਕੀਤਾ ਜਾ ਸਕਦਾ।ਬੈਂਕ ਆਫ ਕੈਨੇਡਾ ਨੇ ਇਹ ਚੇਤਾਵਨੀ ਵੀ ਜਾਰੀ ਕੀਤੀ ਹੈ ਕਿ ਉੱਚ ਮਹਿੰਗਾਈ ਦਰ ਅਗਲੇ ਸਾਲ ਦੇ ਪਹਿਲੇ ਅੱਧ ਤੱਕ ਜਾਰੀ ਰਹੇਗੀ। ਬੈਂਕ ਨੇ ਇਹ ਵੀ ਆਖਿਆ ਕਿ 2022 ਦੀ ਦੂਜੀ ਛਿਮਾਹੀ ਵਿੱਚ ਹੀ ਇਹ ਮਹਿੰਗਾਈ ਦਰ ਘਟੇਗੀ।

ਅਗਲੇ ਸਾਲ ਦੇ ਅੰਤ ਤੱਕ ਬੈਂਕ ਵੱਲੋਂ ਸਾਲਾਨਾ ਮਹਿੰਗਾਈ ਦਰ 2.1 ਫੀ ਸਦੀ ਮੱਠੀ ਪੈਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ।ਬੈਂਕ ਨੇ ਆਖਿਆ ਕਿ ਕੀਮਤਾਂ ਤੇ ਭੱਤਿਆਂ ਵਿੱਚ ਵਾਧੇ ਸਬੰਧੀ ਉਮੀਦਾਂ ਉੱਤੇ ਉਹ ਬਾਰੀਕੀ ਨਾਲ ਨਜ਼ਰ ਰੱਖ ਰਿਹਾ ਹੈ ਤਾਂ ਕਿ ਕੀਮਤਾਂ ਵਿੱਚ ਹੋਰ ਵਾਧਾ ਨਾ ਹੁੰਦਾ ਰਹੇ।

# ਕਾਰ ਵੱਲੋਂ ਸਟਰੋਲਰ ਨੂੰ ਟੱਕਰ ਮਾਰੇ ਜਾਣ ਕਾਰਨ ਦੋ ਸਾਲਾ ਬੱਚਾ ਜ਼ਖ਼ਮੀ



ਬਰੈਂਪਟਨ, 9 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਇੱਕ ਗੱਡੀ ਵੱਲੋਂ ਸਟਰੋਲਰ ਨੂੰ ਟੱਕਰ ਮਾਰੇ ਜਾਣ ਕਾਰਨ ਦੋ ਸਾਲਾ ਬੱਚੇ ਨੂੰ ਗੰਭੀਰ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ।

ਬੁੱਧਵਾਰ ਨੂੰ ਸ਼ਾਮੀਂ 6:00 ਵਜੇ ਬ੍ਰਾਮੇਲੀਆ ਨੇੜੇ ਐਵਨਡੇਲ ਬੋਲੀਵੀਆਰਡ ਤੇ ਆਟਮ ਬੋਲੀਵੀਆਰਡ ਉੱਤੇ ਵਾਪਰੇ ਇਸ ਹਾਦਸੇ ਤੋਂ ਬਾਅਦ ਪੀਲ ਰੀਜਨਲ ਪੁਲਿਸ ਨੂੰ ਸੱਦਿਆ ਗਿਆ।ਜਿਸ ਸਮੇਂ ਗੱਡੀ ਵੱਲੋਂ ਸਟਰੋਲਰ ਨੂੰ ਟੱਕਰ ਲੱਗੀ ਬੱਚਾ ਸਟਰੋਲਰ ਦੇ ਅੰਦਰ ਹੀ ਸੀ। ਪੈਰਾਮੈਡਿਕਸ ਨੇ ਦੱਸਿਆ ਕਿ ਬੱਚੇ ਨੂੰ ਲੱਗੀਆਂ ਸੱਟਾਂ ਜਾਨਲੇਵਾ ਨਹੀਂ ਸਨ।ਇਹ ਨਹੀਂ ਦੱਸਿਆ ਗਿਆ ਕਿ ਬੱਚੇ ਦਾ ਲਿੰਗ ਕੀ ਸੀ।

ਹਾਦਸੇ ਤੋਂ ਬਾਅਦ ਡਰਾਈਵਰ ਮੌਕੇ ਉੱਤੇ ਹੀ ਰਿਹਾ ਤੇ ਉਸ ਵੱਲੋਂ ਜਾਂਚ ਵਿੱਚ ਪੁਲਿਸ ਨਾਲ ਪੂਰਾ ਸਹਿਯੋਗ ਕੀਤਾ ਜਾ ਰਿਹਾ ਹੈ। ਆਟਮ ਬੋਲੀਵੀਆਰਡ ਨੂੰ ਐਵਨਡੇਲ ਤੇ ਐਨ ਕੋਰਟ ਦਰਮਿਆਨ ਬੰਦ ਕਰ ਦਿੱਤਾ ਗਿਆ ਹੈ।

## ਕਨਵਰਜ਼ਨ ਥੈਰੇਪੀ ਉੱਤੇ ਰੋਕ ਸਬੰਧੀ ਬਿੱਲ ਸੈਨੇਟ ਵੱਲੋਂ ਪਾਸ



ਓਟਵਾ, 9 ਦਸੰਬਰ (ਪੋਸਟ ਬਿਊਰੋ) : ਬਿੱਲ ਸੀ-4 ਉੱਤੇ ਸੈਨੇਟ ਵੱਲੋਂ ਮੋਹਰ ਲਾ ਦਿੱਤੇ ਜਾਣ ਤੋਂ ਬਾਅਦ ਕੈਨੇਡਾ ਭਰ ਵਿੱਚ ਕਨਵਰਜ਼ਨ ਥੈਰੇਪੀ ਉੱਤੇ ਜਲਦ ਹੀ ਪਾਬੰਦੀ ਲੱਗ ਜਾਵੇਗੀ।ਪਿਛਲੇ ਕੁੱਝ ਸਾਲਾਂ ਵਿੱਚ ਇਸ ਨੁਕਸਾਨਦੇਹ ਰੁਝਾਨ ਉੱਤੇ ਰੋਕ ਲਾਉਣ ਲਈ ਦੋ ਵਾਰੀ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਵਾਰੀ ਬਿੱਲ ਹਾਊਸ ਆਫ ਕਾਮਨਜ਼ ਤੇ ਸੈਨੇਟ ਵੱਲੋਂ ਬਿਨਾਂ ਕਿਸੇ ਤਬਦੀਲੀ ਜਾਂ ਕਮੇਟੀ ਸਟੱਡੀ ਦੇ ਇੱਕ ਹਫਤੇ ਅੰਦਰ ਹੀ ਪਾਸ ਹੋ ਗਿਆ।ਸ਼ਾਹੀ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਬਿੱਲ ਕਾਨੂੰਨ ਦਾ ਰੂਪ ਲੈ ਲਵੇਗਾ।

# ਬ੍ਰਿਟਿਸ਼ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਪਾਰਟੀ ਕਾਰਨ ਬੋਰਿਸ ਜਾਨਸਨ ਉੱਤੇ ਦਬਾਅ ਵਧਿਆ

ਲੰਡਨ, 9 ਦਸੰਬਰ, (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਦਫ਼ਤਰ ਦਾ ਇਕ ਵੀਡੀਓ ਲੋਕਾਂ ਸਾਹਮਣੇ ਆਇਆ ਹੈ, ਜਿਸ ਵਿੱਚ ਕਰਮਚਾਰੀ ਲਾਕਡਾਊਨ ਦੇ ਨਿਯਮਾਂ ਦੀ ਉਲੰਘਣਾ ਕਰ ਕੇ ਕ੍ਰਿਸਮਸ ਪਾਰਟੀ ਕਰਦੇ ਦਿਖਾਈ ਦੇਂਦੇ ਹਨ। ਇਸ ਤੋਂ ਇਹ ਚਰਚਾ ਛਿੜ ਗਈ ਹੈ ਕਿ ਜਿਹੜੇ ਨਿਯਮ ਆਮ ਲੋਕਾਂ ਲਈ ਬਣਾਏ ਗਏ ਹਨ, ਉਨ੍ਹਾਂ ਦੀਆਂ ਧੱਜੀਆਂ ਸਰਕਾਰੀ ਕਰਮਚਾਰੀਆਂ ਨੇ ਖੁਦ ਉਡਾ ਦਿੱਤੀਆਂ ਸਨ।

ਵਰਨਣ ਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਪ੍ਰਧਾਨ ਮੰਤਰੀ ਦਫ਼ਤਰ ਇਨ੍ਹਾਂ ਖਬਰਾਂ ਨੂੰ ਰੱਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਜਾਨਸਨ ਦੇ ਦਫਤਰ ਦੇ ਸਟਾਫ ਨੇ ਦਸੰਬਰ 2020 ਵਿੱਚ ਪਾਰਟੀ ਕਰ ਕੇ ਸਮਾਜਿਕ ਦੂਰੀਆਂ ਰੱਖਣ ਦੇ ਕੋਵਿਡ ਪ੍ਰੋਟੋਕੋਲ ਦੇਨਿਯਮਾਂ ਦੀ ਉਲੰਘਣਾ ਕੀਤੀ ਸੀ। ਬ੍ਰਿਟੇਨ ਦੇ ਮੀਡੀਆ ਦੇ ਮੁਤਾਬਕ ਇਹ ਪਾਰਟੀ ਪਿਛਲੇ ਸਾਲ 18 ਦਸੰਬਰ ਨੂੰ ਹੋਈ ਸੀ, ਜਦ ਲੰਡਨ ਵਿੱਚ ਕਿਸੇ ਵੀ ਬੰਦ ਸਥਾਨ ਉੱਤੇ ਕਿਸੇ ਤਰ੍ਹਾਂ ਇਕੱਠ ਕਰਨ ਦੀਪਾਬੰਦੀ ਸੀ ਤੇ ਇਕ ਦਿਨ ਪਹਿਲਾਂ ਕੋਰੋਨਾ ਦੇ ਸੰਬੰਧ ਵਿੱਚ ਨਿਯਮ ਸਖਤ ਕੀਤੇ ਗਏ ਸਨ, ਤਾਂਕਿ ਕ੍ਰਿਸਮਸ ਦੌਰਾਨ ਲੋਕ ਜ਼ਿਆਦਾ ਭੀੜ ਨਾ ਕਰਨ। ਆਈਟੀਵੀ ਉੱਤੇ ਮੰਗਲਵਾਰ ਨੂੰ ਇਸ ਬਾਰੇ ਪ੍ਰਸਾਰਿਤ ਹੋਈ ਫੁਟੇਜ ਪਿੱਛੋਂ ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਕਿ ਕ੍ਰਿਸਮਸ ਪਾਰਟੀ ਨਹੀਂ ਕੀਤੀ ਗਈ ਸੀ, ਕੋਵਿਡ ਨਿਯਮਾਂ ਦਾ ਪਾਲਣ ਕੀਤਾ ਗਿਆ ਸੀ।



ਪਿਛਲੇ ਸਾਲ 22 ਦਸੰਬਰ 2020 ਦੀ ਇਕ ਵੀਡੀਓ ਵਿੱਚ ਪ੍ਰੈੱਸ ਸੈਕਟਰੀ ਐਲੇਗ੍ਰਾ ਸਟਾਰਟਨ ਪ੍ਰਧਾਨ ਮੰਤਰੀ ਦੇ ਡਾਊਨਿੰਗ ਸਟ੍ਰੀਟ ਵਾਲੇ ਦਫ਼ਤਰ ਵਿੱਚ ਗੈਰ-ਕਾਨੂੰਨੀ ਤੌਰ ਉੱਤੇ ਕੀਤੀ ਗਈ ਪਾਰਟੀ ਦਾ ਮਜ਼ਾਕ ਬਣਾਉਂਦੇ ਨਜ਼ਰ ਆਈ ਸੀ। ਇਸ ਵੀਡੀਓ ਵਿੱਚ ਅਜਿਹਾ ਜਾਪਦਾ ਸੀ ਕਿ ਮਹਾਮਾਰੀ ਦੇ ਸੰਬੰਧ ਵਿੱਚ ਸਰਕਾਰ ਵੱਲੋਂ ਕਰਵਾਈ ਪ੍ਰੈੱਸ ਕਾਨਫਰੰਸ ਦੀ ਪ੍ਰੈਕਟਿਸ ਕੀਤੀ ਜਾ ਰਹੀ ਸੀ। ਇਸ ਵੀਡੀਓ ਵਿੱਚ ਪੱਤਰਕਾਰ ਬਣਿਆ ਇਕ ਵਿਅਕਤੀ ਸਟਾਰਟਨ ਤੋਂ ਪੁੱਛਦਾ ਹੈ ਕਿ ਟਵਿੱਟਰ ਉੱਤੇ ਖ਼ਬਰਾਂ ਆਈਆਂ ਹਨ ਕਿ ਪ੍ਰਧਾਨ ਮੰਤਰੀ ਦਫਤਰ ਡਾਊਨਿੰਗ ਸਟ੍ਰੀਟ ਵਿੱਚ ਸ਼ੁੱਕਰਵਾਰ ਰਾਤ ਕ੍ਰਿਸਮਸ ਦੀ ਪਾਰਟੀ ਕੀਤੀ ਗਈ ਸੀ, ਕੀ ਤੁਸੀਂ ਇਸ ਦੀ ਪੁਸ਼ਟੀ ਕਰੋਗੇ।

ਕੋਵਿਡ-19 ਵਾਲੀ ਮਹਾਮਾਰੀ ਵਿਰੁੱਧ ਲਾਕਡਾਊਨ ਵੇਲੇਪਿਛਲੇ ਸਾਲਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਆਪਣੇ ਦਫਤਰਦੇ ਸਟਾਫ ਵੱਲੋਂ ਪਾਰਟੀ ਕਰਨ ਦੀ ਵੀਡੀਓ ਜਾਰੀ ਹੋਣ ਪਿੱਛੋਂ ਬੋਰਿਸ ਜਾਨਸਨ ਨੇ ਮੁਆਫੀ ਮੰਗੀ ਹੈ। 'ਹਾਊਸ ਆਫ ਕਾਮਨਸ' ਵਿੱਚ ਪ੍ਰਧਾਨ ਮੰਤਰੀ ਦੇ ਵੀਕਲੀ ਪ੍ਰਸ਼ਨ ਕਾਲ ਵਿੱਚ ਜਾਨਸਨ ਨੇ ਮੁਆਫ਼ੀ ਤੋਂ ਸ਼ੁਰੂ ਕੀਤਾ ਅਤੇ ਕਿਹਾ ਕਿ ਕੈਬਨਿਟ ਸੈਕਟਰੀ ਸਾਈਮਨ ਇਸ ਵੀਡੀਓ ਦੇ ਤੱਥਾਂ ਦੀ ਜਾਂਚ ਕਰਨਗੇ।ਬੋਰਿਸ ਜਾਨਸਨ ਨੇ ਕਿਹਾ ਕਿ ਓਦੋਂ ਲਾਕਡਾਊਨ ਨਿਯਮਾਂ ਦੀ ਉਲੰਘਣਾ ਨਹੀਂ ਹੋਈ ਸੀ। ਵੀਡੀਓ ਦੇ ਹਵਾਲੇ ਨਾਲਉਨ੍ਹਾਂ ਕਿਹਾ ਕਿ ਮੈਂ ਵੀ ਗੁੱਸੇ ਵਿੱਚ ਸੀ ਤੇ ਦੇਸ਼ ਨੂੰ ਨੀਚਾ ਦਿਖਾਉਣ ਵਾਲੇ ਇਸ ਜੁਰਮ ਦੀ ਮੈਂ ਬਿਨਾਂ ਸ਼ਰਤ ਮੁਆਫ਼ੀ ਮੰਗਦਾ ਹਾਂ। ਜਦੋਂ ਦੋਸ਼ ਲਾਏ ਗਏ, ਮੈਂ ਵਾਰ-ਵਾਰ ਭਰੋਸਾ ਦਿੱਤਾ ਕਿ ਪਾਰਟੀ ਨਹੀਂ ਹੋਈ ਤੇ ਨਿਯਮਾਂ ਦੀਉਲੰਘਣਾ ਨਹੀਂ ਹੋਈ। ਕੈਬਨਿਟ ਸੈਕਟਰੀ ਨੂੰ ਤੱਥ ਪਰਖਣ ਕਰਨ ਨੂੰ ਕਿਹਾ ਹੈ ਤੇ ਜੇ ਕਿਸੇ ਨੇ ਨਿਯਮ ਤੋੜਿਆ ਹੋਇਆ ਤਾਂ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

# ਵੱਖ ਵੱਖ ਹਾਦਸਿਆਂ ਵਿੱਚ ਦੋ ਜ਼ਖ਼ਮੀ

ਟੋਰਾਂਟੋ, 9 ਦਸੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਕੈਨਸਿੰਗਟਨ ਮਾਰਕਿਟ ਨੇੜੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਇਸ ਸਮੇਂ ਉਹ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।ਟੋਰਾਂਟੋ ਪੁਲਿਸ ਨੂੰ ਕਾਰ ਵੱਲੋਂ ਕਿਸੇ ਵਿਅਕਤੀ ਨੂੰ ਟੱਕਰ ਮਾਰੇ ਜਾਣ ਦੀ ਰਿਪੋਰਟ ਮਿਲਣ ਉਪਰੰਤ ਪੁਲਿਸ ਬਾਥਰਸਟ ਸਟਰੀਟ ਤੇ ਅਲਸਟਰ ਸਟਰੀਟਸ ਉੱਤੇ ਪਹੁੰਚੀ। ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਜਾਂਚ ਲਈ ਇਸ ਇਲਾਕੇ ਨੂੰ ਬੰਦ ਕਰ ਦਿੱਤੇ ਜਾਣ ਕਾਰਨ ਆਵਾਜਾਈ ਵਿੱਚ ਵਿਘਣ ਪੈ ਸਕਦਾ ਹੈ।

ਇੱਕ ਵੱਖਰੀ ਘਟਨਾ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਹਿਲਾ ਜ਼ਖ਼ਮੀ ਹੋ ਗਈ, ਉਸ ਨੂੰ ਜ਼ਖ਼ਮੀ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਦੂਸਰੀ ਘਟਨਾ ਲੈਂਸਡਾਊਨ ਐਵਨਿਊ ਤੇ ਡੰਡਸ ਵੈਸਟ ਏਰੀਆ ਵਿੱਚ ਸ਼ਾਮੀਂ 6:30 ਵਜੇ ਵਾਪਰੀ। ਮਹਿਲਾ ਨੂੰ ਨੇੜਲੇ ਟਰੌਮਾ ਸੈਂਟਰ ਲਿਜਾਇਆ ਗਿਆ ਤੇ ਅਧਿਕਾਰੀਆਂ ਅਨੁਸਾਰ ਉਸ ਦੇ ਬਚਣ ਦੀ ਉਮੀਦ ਹੈ।




# ਫੋਰਡ ਸਰਕਾਰ ਨੇ ਪੇਡ ਸਿੱਕ ਡੇਅਜ਼ ਪ੍ਰੋਗਰਾਮ ਵਿਚ ਕੀਤਾ ਵਾਧਾ

ਓਨਟਾਰੀਓ, 9 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਪੇਡ ਸਿੱਕ ਡੇਅਜ਼ ਲਈ ਕੋਵਿਡ-19 ਪ੍ਰੋਗਰਾਮ ਵਿੱਚ 31 ਜੁਲਾਈ, 2022 ਤੱਕ ਵਾਧਾ ਕਰ ਦਿੱਤਾ ਗਿਆ ਹੈ। ਫੋਰਡ ਸਰਕਾਰ ਵੱਲੋਂ ਮੰਗਲਵਾਰ ਨੂੰ ਇਹ ਐਲਾਨ ਕੀਤਾ ਗਿਆ। ਇਹ ਪ੍ਰੋਗਰਾਮ ਇਸ ਸਾਲ ਦੇ ਅੰਤ ਵਿੱਚ ਖ਼ਤਮ ਹੋਣ ਜਾ ਰਿਹਾ ਸੀ।



ਫੋਰਡ ਸਰਕਾਰ ਵੱਲੋਂ ਇਸ ਪ੍ਰੋਗਰਾਮ ਦੀ ਸ਼ੁਰੂਆਤ ਅਪਰੈਲ ਵਿੱਚ ਕੀਤੀ ਗਈ ਸੀ। ਜਿਸ ਤਹਿਤ ਕੰਪਨੀਆਂ ਨੂੰ ਆਪਣੇ ਕਿਸੇ ਵੀ ਮੁਲਾਜ਼ਮ ਦੇ ਬਿਮਾਰ ਹੋਣ ਉੱਤੇ ਛੁੱਟੀ ਲੈਣ ਮਗਰੋਂ ਤਿੰਨ ਦਿਨਾਂ ਤੱਕ ਰੋਜ਼ਾਨਾ 200 ਡਾਲਰ ਦੇਣ ਦੀ ਹਦਾਇਤ ਕੀਤੀ ਗਈ ਸੀ। ਪ੍ਰੋਵਿੰਸ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਬੋਰਡ ਨਾਲ ਭਾਈਵਾਲੀ ਕੀਤੀ ਸੀ।ਇਹ ਪਲੈਨ ਫੁੱਲ ਤੇ ਪਾਰਟ ਟਾਈਮ ਮੁਲਾਜ਼ਮਾਂ ਲਈ ਉਪਲਬਧ ਹੈ। ਮੈਂਟਲ ਹੈਲਥ ਡੇਅਜ਼ ਲਈ ਯੋਗ ਹੋਣ ਵਾਲੇ ਵਰਕਰਜ਼ ਘਰ ਰਹਿ ਕੇ ਆਪਣੇ ਕੋਵਿਡ-19 ਕਾਰਨ ਬਿਮਾਰ ਪਏ ਰਿਸ਼ਤੇਦਾਰਾਂ ਜਾਂ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਕਰ ਸਕਦੇ ਹਨ।

ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਸੈਂਕੜੇ ਵਰਕਰਜ਼ ਸਾਡੇ ਇਸ ਪ੍ਰੋਗਰਾਮ ਦੀ ਵਰਤੋਂ ਕਰ ਚੁੱਕੇ ਹਨ।ਇਹ ਪ੍ਰੋਗਰਾਮ ਦੇਸ਼ ਵਿੱਚ ਆਪਣੀ ਹੀ ਕਿਸਮ ਦਾ ਪਹਿਲਾ ਪ੍ਰੋਗਰਾਮ ਹੈ। ਉਨ੍ਹਾਂ ਆਖਿਆ ਕਿ ਸਾਡੀ ਸਰਕਾਰ ਵਰਕਰਜ਼ ਲਈ ਕੰਮ ਕਰ ਰਹੀ ਹੈ ਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਖੁਦ ਨੂੰ ਤੇ ਆਪਣੇ ਪਰਿਵਾਰਾਂ ਨੂੰ ਸੇਫ ਰੱਖਣ ਲਈ ਜਿਹੜੀ ਮਦਦ ਸਰਕਾਰ ਕਰ ਸਕਦੀ ਹੈ ਉਹ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਇਸ ਪ੍ਰੋਗਰਾਮ ਵਿੱਚ ਇਸੇ ਲਈ ਵਾਧਾ ਕੀਤਾ ਜਾ ਰਿਹਾ ਹੈ ਤਾਂ ਕਿ ਵੱਧ ਤੋਂ ਵੱਧ ਵਰਕਰਜ਼ ਇਸ ਦਾ ਲਾਹਾ ਲੈ ਸਕਣ।

## ਅੱਜ ਨਾਮਾ

ਜਿੱਤਿਆ ਮੋਰਚਾ, ਖ਼ੁਸ਼ੀ ਕਿਰਸਾਨ ਹੋਏ,
ਮੋੜਾ ਘਰਾਂ ਦੇ ਵੰਨੀਂ ਉਹ ਪਾਉਣ ਲੱਗੇ।
ਪਿਛਲੇ ਸਾਲ ਤੋਂ ਦਿੱਲੀ ਦੇ ਬਾਹਰ ਬੈਠੇ,
ਹੱਸਦੇ ਨੱਚਦੇ ਪਿੰਡਾਂ ਵੱਲ ਆਉਣ ਲੱਗੇ।
ਜਿਹੜੇ ਭੰਡਣ ਕਿਰਸਾਨਾਂ ਨੂੰ ਰਹੇ ਲੱਗੇ,
ਸ਼ਰਮ ਨਾਲ ਉਹ ਮੂੰਹ ਛਿਪਾਉਣ ਲੱਗੇ।
ਜਿਨ੍ਹਾਂ ਕੀਤੀ ਸੰਘਰਸ਼ ਨਾਲ ਦਗਾਬਾਜ਼ੀ,
ਕੀਤੀ ਭੁੱਲ ਲਈ ਹਨ ਪਛਤਾਉਣ ਲੱਗੇ।
ਜਿੱਤਿਆ ਮੋਰਚਾ, ਪਈ ਹੈ ਧੁੰਮ ਇਹਦੀ,
ਸਦਕੇ ਜਿਨ੍ਹਾਂ ਦੇ ਹੱਥੀਂ ਸੀ ਵਾਗ ਮਿੱਤਰ।
ਕਰਿਓ ਚਾਅ, ਪਰ ਹੋਸ਼ ਵੀ ਰੱਖਿਓ ਜੀ,
ਕਿਧਰੇ ਲੱਗ ਨਾ ਜਾਵੇ ਜੀ ਦਾਗ ਮਿੱਤਰ।

**ਤੀਸ ਮਾਰ ਖਾਂ**

# ਕਿਸਾਨਾਂ ਦੇ ਸਿਰੜ ਦੀ ਜਿੱਤ, 378 ਦਿਨ ਲੰਬੇ ਸੰਘਰਸ਼ ਮਗਰੋਂ ਮੋਰਚਾ ਫਤਹਿ

## * ਕੇਂਦਰ ਸਰਕਾਰ ਵੱਲੋਂ ਭੇਜੀ ਚਿੱਠੀ ਕਿਸਾਨ ਆਗੂਆਂ ਵੱਲੋਂ ਪ੍ਰਵਾਨ* ਜਸ਼ਨ ਮਨਾਉਂਦੇ ਕਿਸਾਨਾਂ ਦੀ ਘਰੀਂ ਵਾਪਸੀ 11 ਨੂੰ

ਨਵੀਂ ਦਿੱਲੀ, 9 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਬੀਤੇ ਇਕ ਸਾਲ ਤੋਂ ਵੱਧ ਸਮੇਂ ਤੋਂ ਦਿੱਲੀ ਦੇ ਵੱਖ-ਵੱਖ ਬਾਰਡਰਾਂ ਉੱਤੇ ਡਟੇ ਹੋਏ ਕਿਸਾਨਾਂ ਲਈ ਅੱਜ ਦਾ ਦਿਨ ਇਤਿਹਾਸਕ ਹੋ ਗਿਆ, ਜਦੋਂ ਕਿਸਾਨਾਂ ਨੂੰ ਲੰਬੀ ਜਦੋ-ਜਹਿਦ ਦੇ ਬਾਅਦਜਿੱਤ ਮਿਲੀ ਹੈ।ਭਾਰਤ ਸਰਕਾਰ ਵਲੋਂ ਮੰਗਾਂ ਮੰਨਣਮਗਰੋਂਜਿੱਤ ਦੇ ਜਸ਼ਨਾਂ ਵਿੱਚ ਡੁੱਬੇ ਕਿਸਾਨ ਆਪਣੇ ਘਰ ਵਾਪਸੀ ਦੀ ਤਿਆਰੀ ਕਰਨ ਲੱਗੇ ਹਨਤੇ ਉਹ 11 ਦਸੰਬਰ ਨੂੰ ਆਪਣੇ ਘਰੀਂ ਪਰਤ ਜਾਣਗੇ, ਜਿਸ ਦੇ ਲਈ ਦਿੱਲੀ ਬਾਰਡਰਾਂ ਤੋਂ ਟੈਂਟ ਹਟਾਏ ਜਾ ਰਹੇ ਹਨ।

ਕਿਸਾਨਾਂ ਦੇ ਸਾਂਝੇ ਸੰਘਰਸ਼ ਦੀ ਅਗਵਾਈ ਕਰਨ ਵਾਲੇ ਸੰਯੁਕਤ ਕਿਸਾਨ ਮੋਰਚੇ ਨੇ ਅੱਜ ਵੀਰਵਾਰ ਇਤਿਹਾਸਕ ਫ਼ੈਸਲਾ ਲੈਂਦੇ ਹੋਏ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲਦੇਅੰਦੋਲਨ ਨੂੰ ਸਸਪੈਂਡ ਕਰਨ ਦਾ ਫ਼ੈਸਲਾ ਲਿਆ। ਕਿਸਾਨ ਮੋਰਚੇ ਨੇ ਐਲਾਨ ਕੀਤਾ ਕਿ ਕਿਸਾਨ 11 ਦਸੰਬਰ ਤੱਕ ਦਿੱਲੀ ਦੇ ਵੱਖ-ਵੱਖ ਬਾਰਡਰਾਂ ਤੋਂ ਆਪਣੇ ਘਰੀਂਵਾਪਸੀ ਕਰਨਗੇ।ਬੀਤੇ ਬੁੱਧਵਾਰ ਹੈਲੀਕਾਪਟਰ ਹਾਦਸੇ ਵਿੱਚਮਾਰੇ ਗਏ ਭਾਰਤ ਦੀਆਂ ਤਿੰਨ ਫੌਜਾਂ ਦੇ ਕਮਾਂਡਰ ਜਨਰਲ ਬਿਪਿਨ ਰਾਵਤ ਤੇ ਉਨ੍ਹਾਂ ਦੀ ਪਤਨੀ ਦੇ ਨਾਲ 11 ਹੋਰ ਫ਼ੌਜੀ ਅਫ਼ਸਰਾਂ ਦਾ ਅੰਤਿਮ ਸੰਸਕਾਰ ਸ਼ੁੱਕਰਵਾਰ ਨੂੰ ਹੋਣ ਕਾਰਨ ਕਿਸਾਨ ਆਗੂਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਆਪਣੀ ਘਰ ਵਾਪਸੀ ਦੀ ਤਾਰੀਖ਼ ਇੱਕ ਦਿਨ ਬਾਅਦ 11 ਦਸੰਬਰ ਨੂੰਰੱਖੀ ਹੈ।

ਸੰਘਰਸ਼ ਨੂੰ ਸਸਪੈਂਡ ਕਰਨ ਦਾ ਫੈਸਲਾ ਕਿਸਾਨ ਅੰਦੋਲਨ ਦੀ ਅਗਵਾਈ ਕਰਦੇ ਸੰਯੁਕਤ ਕਿਸਾਨ ਮੋਰਚੇ ਨੇ ਅੱਜ ਕੇਂਦਰ ਸਰਕਾਰ ਵੱਲੋਂ ਉਨ੍ਹਾਂ ਨੂੰ ਭੇਜੀ ਚਿੱਠੀ ਪੜ੍ਹਨ ਅਤੇ ਵਿਚਾਰਨ ਪਿੱਛੋਂ ਕੀਤਾ ਹੈ। ਇਸ ਚਿੱਠੀ ਵਿੱਚ ਕੇਂਦਰ ਸਰਕਾਰ ਨੇਕਿਹਾ ਕਿ ਕਿਸਾਨਾਂ ਦੇ ਖ਼ਿਲਾਫ਼ ਦਰਜ ਸਾਰੇ ਕੇਸ ਵਾਪਸ ਲੈਣ ਅਤੇ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਉੱਤੇ ਕਮੇਟੀ ਬਣਾਉਣ ਸਮੇਤ ਉਨ੍ਹਾਂ ਦੀਆਂ ਪੈਂਡਿੰਗ ਮੰਗਾਂ ਉੱਤੇ ਵਿਚਾਰ ਦੀ ਸਹਿਮਤੀ ਹੋ ਗਈ ਹੈਤੇ ਇਸ ਮਗਰੋਂ ਮੋਰਚਾ ਖਤਮ ਕਰ ਦੇਣਾ ਚਾਹੀਦਾ ਹੈ। ਸੰਯੁਕਤ ਕਿਸਾਨ ਮੋਰਚਾ ਦੇ ਆਗੂਬਲਬੀਰ ਸਿੰਘ ਰਾਜੇਵਾਲ ਨੇ ਇਸ ਬਾਰੇ ਕਿਹਾ ਕਿ 'ਇਹ ਸਾਡੇ ਅੰਦੋਲਨ ਦਾ ਅੰਤ ਨਹੀਂ, ਕਿਉਂਕਿ ਅੰਦੋਲਨ ਅਜੇ ਖਤਮ ਨਹੀਂ ਕੀਤਾ, ਅਸੀਂ ਸਸਪੈਂਡ ਕੀਤਾ ਹੈ। ਅਸੀਂ 15 ਜਨਵਰੀ ਨੂੰ ਫਿਰ ਬੈਠਕ ਕਰਾਂਗੇ। ਸਰਕਾਰ ਨੇ ਸਾਰੀਆਂ ਮੰਗਾਂ ਨੂੰ ਪੂਰਾ ਕੀਤਾ ਹੈ ਜਾਂ ਨਹੀਂ, ਇਹ ਵੇਖਣਲਈ ਅਸੀਂ ਸਮੀਖਿਆ ਬੈਠਕ ਕਰਾਂਗੇ।' ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਐੱਮ ਐਸ ਪੀ ਦੀ ਗਰੰਟੀ ਦੇ ਕਾਨੂੰਨ ਸਮੇਤ ਕਿਸਾਨਾਂ ਦੀਆਂ ਬਾਕੀ ਪੈਂਡਿੰਗ ਮੰਗਾਂ ਉੱਤੇ ਸਰਕਾਰ ਨੇ ਜਿਹੜੀ ਤਜਵੀਜ਼ ਦਿੱਤੀ ਹੈ, ਉਹ ਕਿਸਾਨ ਮੋਰਚੇ ਨੇ ਮੰਨ ਲਈ ਹੈ।

ਕੇਂਦਰ ਸਰਕਾਰ ਨੇ ਸੰਯੁਕਤ ਕਿਸਾਨ ਮੋਰਚਾ ਨੂੰ ਚਿੱਠੀ ਲਿਖ ਕੇ ਉਨ੍ਹਾਂ ਦੀਆਂ ਪੈਂਡਿੰਗ ਮੰਗਾਂ ਮੰਨਣ ਦਾ ਵਿਸ਼ਵਾਸ ਦਿੱਤਾ ਹੈ।ਇਸ ਚਿੱਠੀ ਦੀ ਸਾਰੀ ਲਿਖਤ ਇਸ ਤਰ੍ਹਾਂ ਹੈ:



"ਸ਼੍ਰੀਮਾਨ ਜੀ,

ਮੌਜੂਦਾ ਗਤੀਸ਼ੀਲ ਕਿਸਾਨ ਅੰਦੋਲਨ ਦੇ ਪੈਂਡਿੰਗ ਵਿਸ਼ਿਆਂ ਦੇ ਸਬੰਧ ਵਿੱਚ ਹੱਲ ਦੀ ਪੁਸ਼ਟੀ ਨਾਲ ਭਾਰਤ ਸਰਕਾਰ ਵੱਲੋਂ ਹੇਠ ਲਿਖੇ ਅਨੁਸਾਰ ਪੇਸ਼ ਹੈ:

1) ਐੱਮ ਐੱਸ ਪੀ ਉੱਤੇ ਮਾਣਯੋਗ ਪ੍ਰਧਾਨ ਮੰਤਰੀ ਜੀ ਨੇ ਖੁਦ ਅਤੇ ਬਾਅਦ ਵਿੱਚ ਖੇਤੀ ਮੰਤਰੀ ਜੀ ਨੇ ਇਕ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਕਮੇਟੀ ਵਿੱਚ ਕੇਂਦਰ ਸਰਕਾਰ, ਰਾਜ ਸਰਕਾਰ ਅਤੇ ਕਿਸਾਨ ਸੰਗਠਨਾਂ ਦੇ ਪ੍ਰਤੀਨਿਧ ਅਤੇ ਖੇਤੀ ਵਿਗਿਆਨੀ ਸ਼ਾਮਲ ਹੋਣਗੇ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸਾਨ ਪ੍ਰਤੀਨਿਧਾਂ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਪ੍ਰਤੀਨਿਧੀ ਵੀ ਸ਼ਾਮਲ ਹੋਣਗੇ। ਕਮੇਟੀ ਦਾ ਇਕ ਮੈਂਡੇਟ ਇਹ ਹੋਵੇਗਾ ਕਿ ਦੇਸ਼ ਦੇ ਕਿਸਾਨਾਂ ਨੂੰ ਐੱਮ ਐੱਸ ਪੀ ਮਿਲਣਾ ਕਿਸੇ ਤਰ੍ਹਾਂ ਯਕੀਨੀ ਕੀਤਾ ਜਾਵੇ। ਸਰਕਾਰ ਗੱਲਬਾਤ ਵਿੱਚ ਪਹਿਲਾਂ ਹੀ ਵਿਸ਼ਵਾਸ ਦੇ ਚੁੱਕੀ ਹੈ ਕਿ ਦੇਸ਼ ਵਿੱਚਐੱਮ ਐੱਸ ਪੀ ਉੱਤੇ ਖਰੀਦ ਦੀ ਮੌਜੂਦਾ ਸਥਿਤੀ ਨੂੰ ਜਾਰੀ ਰੱਖਿਆ ਜਾਵੇਗਾ।

2) ਜਿੱਥੋਂ ਤਕ ਕਿਸਾਨਾਂ ਦੇ ਅੰਦੋਲਨ ਦੇ ਸਮੇਂ ਦੇ ਕੇਸਾਂ ਦਾ ਸਵਾਲ ਹੈ, ਯੂ ਪੀ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਮੱਧ-ਪ੍ਰਦੇਸ਼ ਅਤੇ ਹਰਿਆਣਾ ਸਰਕਾਰ ਨੇ ਇਸ ਲਈ ਪੂਰੀ ਤਰ੍ਹਾਂ ਸਹਿਮਤੀ ਦਿੱਤੀ ਹੈ ਕਿ ਅੰਦੋਲਨ ਸੰਬੰਧਤ ਸਾਰੇ ਕੇਸਾਂ ਨੂੰ ਤੁਰੰਤ ਵਾਪਸ ਲਿਆ ਜਾਵੇਗਾ।

2ਬੀ) ਕਿਸਾਨ ਅੰਦੋਲਨ ਦੌਰਾਨ ਭਾਰਤ ਸਰਕਾਰ ਦੇ ਸੰਬੰਧਿਤ ਵਿਭਾਗ ਅਤੇ ਏਜੰਸੀਆਂ ਅਤੇ ਦਿੱਲੀ ਸਮੇਤ ਸਾਰੇ ਕੇਂਦਰੀ ਸ਼ਾਸਿਤ ਖੇਤਰ ਵਿੱਚ ਅੰਦੋਲਨਕਾਰੀਆਂ ਅਤੇ ਸਮਰਥਕਾਂ ਉੱਤੇ ਬਣਾਏ ਗਏ ਅੰਦੋਲਨ ਸੰਬੰਧਤ ਸਾਰੇ ਕੇਸ ਵੀ ਤੁਰੰਤ ਵਾਪਸ ਲੈਣ ਦੀ ਸਹਿਮਤੀ ਹੈ। ਭਾਰਤ ਸਰਕਾਰ ਹੋਰ ਰਾਜਾਂ ਨੂੰ ਅਪੀਲ ਕਰੇਗੀ ਕਿ ਇਸ ਕਿਸਾਨ ਅੰਦੋਲਨ ਨਾਲ ਸੰਬੰਧਿਤ ਕੇਸਾਂ ਨੂੰ ਹੋਰ ਰਾਜ ਵੀ ਵਾਪਸ ਲੈਣ ਦੀ ਕਾਰਵਾਈ ਕਰਨ।

3) ਮੁਆਵਜ਼ੇ ਦਾ ਜਿੱਥੋਂ ਤਕ ਸਵਾਲ ਹੈ, ਇਸ ਲਈ ਹਰਿਆਣਾ ਅਤੇ ਯੂ ਪੀ ਸਰਕਾਰ ਨੇ ਸਿਧਾਂਤਿਕ ਸਹਿਮਤੀ ਦੇ ਦਿੱਤੀ ਹੈ। ਉਪਰਲੇ ਦੋਵਾਂ ਵਿਸ਼ਿਆਂ (ਕ੍ਰਮ ਅਨੁਸਾਰ 2 ਅਤੇ 3) ਦੇ ਸਬੰਧ ਵਿੱਚ ਪੰਜਾਬ ਸਰਕਾਰ ਨੇ ਵੀ ਜਨਤਕ ਐਲਾਨ ਕੀਤਾ ਹੈ।

4. ਬਿਜਲੀ ਬਿੱਲ ਵਿੱਚ ਕਿਸਾਨਾਂ ਉੱਤੇ ਅਸਰ ਪਾਉਣ ਵਾਲੀਆਂ ਧਾਰਾਵਾਂ ਉੱਤੇ ਪਹਿਲਾਂ ਸਾਰੇ ਸਟੇਕਹੋਲਡਰਸ/ਸੰਯੁਕਤ ਕਿਸਾਨ ਮੋਰਚਾ ਨਾਲ ਚਰਚਾ ਹੋਵੇਗੀ। ਮੋਰਚਾ ਨਾਲ ਚਰਚਾ ਤੋਂ ਬਾਅਦ ਹੀ ਬਿੱਲ ਸੰਸਦ ਵਿੱਚ ਪੇਸ਼ ਹੋਵੇਗਾ।

5) ਜਿੱਥੋਂ ਤਕ ਪਰਾਲੀ ਦੇ ਮੁੱਦੇ ਦਾ ਸਵਾਲ ਹੈ, ਭਾਰਤ ਸਰਕਾਰ ਨੇ ਜੋ ਕਾਨੂੰਨ ਪਾਸ ਕੀਤਾ ਹੈ, ਉਸਦੀ ਧਾਰਾ 14 ਅਤੇ 15 ਵਿੱਚ ਅਪਰਾਧਿਕ ਦੇਣਦਾਰੀ ਤੋਂ ਕਿਸਾਨ ਨੂੰ ਮੁਕਤੀ ਦਿੱਤੀ ਜਾਂਦੀ ਹੈ।

ਉਪਰ ਲਿਖੇ ਪ੍ਰਸਤਾਵ ਨਾਲ ਪੈਂਡਿੰਗ ਪੰਜਾਂ ਮੰਗਾਂ ਦਾ ਹੱਲ ਹੋ ਜਾਂਦਾ ਹੈ।ਇਸ ਨਾਲ ਕਿਸਾਨ ਅੰਦੋਲਨ ਨੂੰ ਜਾਰੀ ਰੱਖਣ ਦਾ ਕੋਈ ਮਤਲਬ ਨਹੀਂ ਰਹਿੰਦਾ ਅਤੇ ਉਹ ਘਰ ਜਾ ਸਕਦੇ ਹਨ।"

ਇਹ ਚਿੱਠੀ ਪੜ੍ਹਨ ਪਿੱਛੋਂ ਸੰਯੁਕਤ ਕਿਸਾਨ ਮੋਰਚੇ ਨੇ ਆਪਣੀ ਜਿੱਤ ਦੇ ਐਲਾਨ ਨਾਲ ਇਸ ਮੋਰਚੇ ਨੂੰ ਸਸਪੈਂਡ ਕਰਨ ਅਤੇ 15 ਜਨਵਰੀ ਨੂੰ ਸਮਝੌਤੇ ਦੀ ਸਮੀਖਿਆ ਕਰਨ ਦਾ ਐਲਾਨ ਕਰ ਦਿੱਤਾ ਹੈ।

## ਸੁੱਚਾ ਸਿੰਘ ਛੋਟੇਪੁਰ ਅਕਾਲੀ ਵਿੱਚ ਸ਼ਾਮਿਲ, ਬਟਾਲੇ ਤੋਂ ਉਮੀਦਵਾਰ ਵੀ ਐਲਾਨਿਆ ਗਿਆ



ਚੰਡੀਗੜ੍ਹ, 9 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਅਕਾਲੀ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਸਾਬਕਾ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈਵਿੱਚ ਇਸ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਨੇ ਉਨ੍ਹਾਂ ਨੂੰ ਬਟਾਲਾ ਹਲਕੇ ਤੋਂ ਉਮੀਦਵਾਰ ਐਲਾਨ ਕੀਤਾ ਅਤੇ ਉਨ੍ਹਾਂ ਦੀਆਂ ਸੇਵਾਵਾਂ ਨਾਲ ਪਾਰਟੀ ਨੂੰ ਲਾਭ ਹੋਣ ਦੀ ਗੱਲ ਕਹੀ ਹੈ।

ਅਕਾਲੀ ਦਲ ਵਿੱਚ ਸ਼ਾਮਲ ਹੋਏ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਅਕਾਲੀ ਦਲ ਲੋਕਤੰਤਰੀ ਪਾਰਟੀ ਹੈ ਅਤੇ ਜੋ ਕੁਝ ਪੰਜਾਬ ਲਈ ਇਸਪਾਰਟੀ ਨੇ ਕੀਤਾ, ਕਿਸੇ ਹੋਰ ਨੇ ਕਦੇ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨ, ਮਜ਼ਦੂਰ, ਵਪਾਰੀ ਤੇ ਹਰ ਹੋਰ ਵਰਗ ਵਾਸਤੇ ਅਕਾਲੀ ਦਲ ਨੇ ਹਰ ਪੱਖੋਂ ਭਲੇ ਦਾ ਕੰਮ ਕੀਤਾ ਹੈ। ਛੋਟੇਪੁਰ ਨੇ ਕਿਹਾ ਕਿ ਜਿਨ੍ਹਾਂ ਸਕੀਮਾਂ ਦੀ ਗੱਲਅੱਜ ਕਾਂਗਰਸੀ ਕਰਦੇ ਹਨ, ਉਹ ਅਕਾਲੀ ਦਲ ਨੇ 15 ਸਾਲ ਪਹਿਲਾਂ ਸ਼ੁਰੂ ਕੀਤੀਆਂ ਸਨ। ਮੁਫਤ ਬਿਜਲੀ, ਆਟਾ-ਦਾਲ ਤੇ ਹੋਰ ਸਕੀਮਾਂ ਅਕਾਲੀ ਦਲ ਦੀ ਦੇਣ ਹਨ। ਉਨ੍ਹਾਂ ਨੇ ਕਿਹਾ ਕਿ ਜੇ ਆਮ ਆਦਮੀ ਪਾਰਟੀਪਾਰਟੀ ਵਿੱਚ ਲੋਕਤੰਤਰ ਹੁੰਦਾ ਤਾਂ ਜਿਹੜੇ 20 ਵਿਧਾਇਕ ਇਸ ਨੂੰ ਛੱਡ ਗਏ ਹਨ, ਉਹਕਦੇ ਨਾ ਛੱਡਦੇ। ਉਨ੍ਹਾਂ ਇਸ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲਬਾਰੇ ਕਿਹਾ ਕਿ ਓਥੇ ਕੇਜਰੀਵਾਲ ਦੀ ਹਾਂ ਵਿੱਚ ਹਾਂ ਮਿਲਾਉਣ ਵਾਲੇ ਲੋਕ ਰਹਿ ਗਏ ਤੇ ਬਾਕੀ ਛੱਡ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੇ ਪੰਜਾਬ ਵਿੱਚ ਪੈਰ ਨਹੀਂ ਲੱਗਣੇ। ਇਹ ਕੀ ਗਾਰੰਟੀਆਂ ਦੇਂਦੇ ਹਨ, ਇਨ੍ਹਾਂ ਵੱਲੋਂਜਿੱਤੇ ਆਗੂ ਤਾਂ ਇਨ੍ਹਾਂ ਨਾਲ ਰਹੇ ਨਹੀਂ, ਗਾਰੰਟੀ ਕਿਸ ਦੀ ਦੇ ਰਹੇ ਹੋ। ਇਹ ਗੁੰਮਰਾਹ ਕਰਕੇ ਠੱਗੀ ਮਾਰਨਾ ਚਾਹੁੰਦੇ ਹਨ।

## ਕਿਸਾਨ ਆਗੂ ਦਰਸ਼ਨ ਪਾਲ ਨੇ ਕਿਹਾ: ਜੋ ਕਿਸਾਨ ਨੇਤਾ ਰਾਜਨੀਤੀ ਵਿੱਚ ਜਾਣਾ ਚਾਹੁੰਦੇ ਹਨ, ਸੰਯੁਕਤ ਕਿਸਾਨ ਮੋਰਚਾ ਛੱਡ ਦੇਣ

ਨਵੀਂ ਦਿੱਲੀ, 9 ਦਸੰਬਰ, (ਪੋਸਟ ਬਿਊਰੋ)- ਵੱਖ-ਵੱਖ ਕਿਸਾਨ ਜਥੇਬੰਦੀਆਂ ਦਾ ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਕਿਸਾਨਾਂ ਦੇ ਇਸ ਲੰਮੇ ਸੰਘਰਸ਼ ਦੀ ਜਿੱਤ ਪਿੱਛੋਂ ਇਸ ਸੰਗਠਨ ਨੂੰ ਰਾਸ਼ਟਰੀ ਪੱਧਰ ਦੇ ਮੋਰਚੇ ਵਜੋਂ ਪੇਸ਼ ਕਰਨ ਦੀ ਤਿਆਰੀ ਕਰੇਗਾ ਅਤੇ ਜਿਹੜੇ ਕਿਸਾਨ ਨੇਤਾ ਰਾਜਨੀਤੀ ਵਿੱਚ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਸੰਗਠਨ ਛੱਡ ਦੇਣਾ ਚਾਹੀਦਾ ਹੈ। ਇਹ ਗੱਲਐੱਸ ਕੇ ਐੱਮ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਪ੍ਰਮੁੱਖ ਕਿਸਾਨ ਆਗੂ ਦਰਸ਼ਨ ਪਾਲ ਨੇ ਕਹੀ ਹੈ।ਉਨ੍ਹਾਂ ਨੇ ਕਿਹਾ ਕਿ ਐੱਸ ਕੇ ਐੱਮ ਨੂੰ ਗੈਰ ਰਾਜਨੀਤਕ ਹੀ ਰਹਿਣਾ ਚਾਹੀਦਾ ਹੈ।



ਦਰਸ਼ਨ ਪਾਲ ਦੀ ਟਿੱਪਣੀ ਐੱਸ ਕੇ ਐੱਮਵੱਲੋਂਕੇਂਦਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਕਿਸਾਨਾਂ ਦੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲ ਰਹੇ ਅੰਦੋਲਨ ਨੂੰ ਸਸਪੈਂਡ ਕਰਨ ਦੇ ਫੈਸਲੇ ਤੋਂ ਬਾਅਦ ਆਈ ਹੈ। ਸੰਗਠਨ ਨੇ ਅਗਲੇ ਸਾਲ 15 ਜਨਵਰੀ ਨੂੰ ਇੱਕ ਬੈਠਕ ਰੱਖੀ ਹੈ, ਜਿਸ ਵਿੱਚਘੋਖ ਹੋਵੇਗੀ ਕਿ ਕੀ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕੀਤਾ ਹੈ ਜਾਂ ਨਹੀਂ।ਦਰਸ਼ਨ ਪਾਲ ਨੇ ਕਿਹਾ, "15 ਜਨਵਰੀ ਦੀ ਬੈਠਕ ਵਿੱਚ ਇਹ ਵੀ ਚਰਚਾ ਹੋਵੇਗੀ ਕਿ ਐੱਸ ਕੇ ਐੱਮ ਨੂੰ ਰਾਸ਼ਟਰੀ ਪੱਧਰ ਦੇ ਮੋਰਚੇ ਵਜੋਂ ਕਿਵੇਂ ਪੇਸ਼ ਕੀਤਾ ਜਾਵੇ। ਜੋ ਕਿਸਾਨ ਨੇਤਾ ਰਾਜਨੀਤੀ ਵਿੱਚ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਐੱਸ ਕੇ ਐੱਮਛੱਡ ਦੇਣਾ ਚਾਹੀਦਾ ਹੈ।ਐੱਸ ਕੇ ਐੱਮ ਗੈਰ ਰਾਜਨੀਤਕ ਰਹੇਗਾ।' ਉਨ੍ਹਾਂ ਕਿਹਾ ਕਿ ਐੱਸ ਕੇ ਐੱਮ ਨੇ 19 ਨਵੰਬਰ ਨੂੰ 60 ਫ਼ੀਸਦੀ ਜਿੱਤ ਹਾਸਲ ਕੀਤੀ ਸੀ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੇਤੀਬਾੜੀ ਕਾਨੂੰਨਰੱਦ ਕਰਨ ਦਾ ਐਲਾਨ ਕੀਤਾ ਸੀ ਤੇ ਵੀਰਵਾਰ ਨੂੰ 35 ਫ਼ੀਸਦੀ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਸੰਕੇਤ ਦਿੱਤਾ ਕਿ ਬਾਕੀ ਪੰਜ ਫ਼ੀਸਦੀ ਜਿੱਤ ਉਦੋਂ ਹੋਵੇਗੀ, ਜਦੋਂ ਸਾਰੀਆਂ ਮੰਗਾਂ ਮੰਨੀਆਂ ਜਾਣਗੀਆਂ।ਦਰਸ਼ਨ ਪਾਲ ਨੇ ਇਹ ਵੀ ਕਿਹਾ ਕਿ ਪੰਜਾਬ ਦੀ ਹਾਲਤ ਬਦਲਣ ਲਈ ਕਿਸਾਨਾਂ ਨੂੰ ਇਕਪ੍ਰੈੱਸ਼ਰ ਗਰੁੱਪ ਬਣਾਉਣਾ ਚਾਹੀਦਾ ਹੈ, ਰਾਜਨੀਤਕ ਦਲ ਨਹੀਂ।

## ਰਾਣਾ ਗੁਰਜੀਤ ਅਤੇ ਸੁਖੀ ਰੰਧਾਵਾ ਕੈਬਨਿਟ ਮੀਟਿੰਗ ਵਿੱਚ ਐੱਸ ਐੱਸ ਪੀਜ਼ ਦੀ ਨਿਯੁਕਤੀ 'ਤੇ ਭਿੜ ਪਏ





ਚੰਡੀਗੜ੍ਹ, 9 ਦਸੰਬਰ, (ਪੋਸਟ ਬਿਊਰੋ)- ਕਿਸੇ ਜ਼ਿਲ੍ਹੇ ਵਿੱਚਐੱਸ ਐੱਸ ਪੀ ਲਾਉਣ ਲਈ ਦੋ-ਦੋ ਕਰੋੜ ਰੁਪਏ ਲੈਣ ਦੇ ਦੋਸ਼ਾਂ ਕਾਰਨ ਅੱਜ ਵੀਰਵਾਰ ਨੂੰ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਉਪਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਜਿਨ੍ਹਾਂ ਕੋਲ ਗ੍ਰਹਿ ਵਿਭਾਗ ਹੈ ਅਤੇ ਤਕਨੀਕੀ ਸਿੱਖਿਆ ਮੰਤਰੀ ਰਾਣਾ ਗੁਰਜੀਤ ਸਿੰਘ ਦੀ ਤੂੰ-ਤੂੰ, ਮੈਂ-ਮੈਂ ਹੋ ਗਈ। ਇਹ ਮੁੱਦਾ ਕੈਬਨਿਟ ਮੀਟਿੰਗ ਖ਼ਤਮ ਹੋਣ ਪਿੱਛੋਂ ਓਦੋਂ ਚੁੱਕਿਆ ਗਿਆ, ਜਦੋਂ ਅਫਸਰ ਬਾਹਰ ਭੇਜੇ ਜਾ ਚੁੱਕੇ ਸਨ। ਦੱਸਿਆ ਜਾਂਦਾ ਹੈ ਕਿ ਰੰਧਾਵਾ ਦੀ ਆਵਾਜ਼ ਏਨੀ ਉੱਚੀ ਸੀ ਕਿ ਪੰਜਾਬ ਭਵਨ ਦੀ ਰਿਸੈਪਸ਼ਨਲਾਗੇ ਖੜ੍ਹੇ ਮੰਤਰੀਆਂ ਦੇ ਪ੍ਰਾਈਵੇਟ ਸੈਕਟਰੀਆਂ ਨੂੰ ਵੀ ਸੁਣੀ। ਇਸ ਪਿੱਛੋਂ ਮੀਟਿੰਗ ਹਾਲ ਦਾ ਦਰਵਾਜ਼ਾ ਬੰਦ ਕਰਵਾ ਦਿੱਤਾ ਗਿਆ।

ਜਾਣਕਾਰ ਸੂਤਰਾਂ ਮੁਤਾਬਕ ਅੱਜ ਦੀ ਕੈਬਨਿਟ ਮੀਟਿੰਗ ਪਿੱਛੋਂ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਕ ਮੰਤਰੀ ਨੇ ਕਿਹਾ ਹੈ ਕਿ ਹਰ ਜ਼ਿਲ੍ਹੇ ਵਿਚ ਐੱਸ ਐੱਸ ਪੀ ਲਾਉਣ ਲਈ ਦੋ-ਦੋ ਕਰੋੜ ਰੁਪਏ ਲਏ ਗਏ ਹਨ। ਇਸ ਉੱਤੇ ਦਿਹਾਤੀ ਵਿਕਾਸ ਮੰਤਰੀ ਤ੍ਰਿਪਤ ਰਜਿੰ-ਦਰ ਸਿੰਘ ਬਾਜਵਾ ਨੇ ਕਿਹਾ ਕਿ ਇਹ ਰਾਣਾ ਗੁਰਜੀਤ ਸਿੰਘ ਨੇ ਉਨ੍ਹਾਂ ਨੂੰ ਕਿਹਾ ਸੀ। ਏਨਾ ਸੁਣ ਕੇ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਸਿੱਧਾ ਉਨ੍ਹਾਂ ਉੱਤੇਦੋਸ਼ ਹੈ। ਉਨ੍ਹਾਂ ਨੇ ਗੁੱਸੇ ਵਿੱਚ ਹੱਥ ਵਿਚ ਫੜਿਆ ਪੈੱਨ ਹੇਠਾਂ ਸੁੱਟ ਦਿੱਤਾ ਤੇ ਕੁਰਸੀ ਪਿੱਛੇ ਧੱਕ ਕੇ ਖੜ੍ਹੇ ਹੋ ਗਏ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਉਨ੍ਹਾਂ ਨੂੰ ਬਿਠਾਇਆ ਤੇ ਕਿਹਾ ਕਿ ਦੋ-ਦੋ ਕਰੋੜ ਰੁਪਏ ਲੈਣ ਦੇ ਦੋਸ਼ ਗ਼ਲਤ ਹਨ। ਹਰ ਜ਼ਿਲ੍ਹੇ ਵਿਚ ਐੱਸ ਐੱਸ ਪੀ ਦੀ ਨਿਯੁਕਤੀ ਉਥੋਂ ਦੇ ਵਿਧਾਇਕਾਂ ਤੇ ਮੰਤਰੀਆਂ ਦੀ ਸਲਾਹ ਨਾਲਹੋਈ ਹੈ।ਉਨ੍ਹਾ ਨੇ ਆਪਣੀ ਗੱਲ ਦੀ ਪੁਸ਼ਟੀ ਲਈ ਜਲ ਸਪਲਾਈ ਮੰਤਰੀ ਰਜ਼ੀਆ ਸੁਲਤਾਨਾ ਨੂੰ ਕਿਹਾ ਕਿ ਕੀ ਤੁਹਾਡੇ ਨਾਲ ਗੱਲ ਕਰ ਕੇ ਮਾਲੇਰਕੋਟਲੇ ਵਿੱਚਐੱਸ ਐੱਸ ਪੀ ਨਹੀਂ ਲਾਇਆ? ਰਜ਼ੀਆ ਨੇ ਹਾਮੀ ਭਰੀ, ਪਰ ਨਾਲ ਕਿਹਾ ਕਿ ਉਨ੍ਹਾਂ ਨੂੰ ਐੱਸ ਐੱਸ ਪੀ ਲਾਉਣ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਕਿਸ ਨੇ ਭੇਜਿਆ? ਰਜ਼ੀਆ ਦੀ ਗੱਲ ਸੁਣ ਕੇ ਸਾਰੇ ਚੁੱਪ ਕਰ ਗਏ। ਰਾਣਾ ਗੁਰਜੀਤ ਸਿੰਘ ਤੇ ਸੁਖਜਿੰਦਰ ਸਿੰਘ ਰੰਧਾਵਾ ਵਿਚਾਲੇ ਸੁਲਤਾਨਪੁਰ ਲੋਧੀ ਵਿੱਚ ਉਨ੍ਹਾਂ ਦੇ ਪ੍ਰੋਗਰਾਮ ਦਾ ਟੈਂਟ ਪੁੱਟਣ ਵਾਲਿਆਂ ਉੱਤੇ ਕੇਸ ਦਰਜ ਨਾ ਕਰਨ ਦੀ ਚਰਚਾ ਵੀ ਛਿੜੀ ਤੇ ਇੱਕ ਵਿਧਾਇਕ ਨਵਤੇਜ ਸਿੰਘ ਚੀਮਾ ਤੇ ਸਾਥੀਆਂ ਉੱਤੇ ਇਸ ਦੇ ਦੋਸ਼ ਲਾਏ ਗਏ।ਸੁਖਜਿੰਦਰ ਰੰਧਾਵਾ ਨੇ ਕਿਹਾ ਕਿ ਇਸ ਵਿੱਚ ਉਨ੍ਹਾਂ ਦਾ ਕੀ ਕਸੂਰ ਹੈ, ਇਹ ਕੰਮ ਲੋਕਲ ਐੱਸਐੱਚਓ ਦਾ ਹੈ।

## ਧੋਖਾਧੜੀ ਦਾ ਕੇਸ ਕਰਨ ਉੱਤੇ ਸਾਬਕਾ ਕੌਂਸਲਰ ਉਤੇ ਹਮਲਾ

ਸੰਗਰੂਰ, 9 ਦਸੰਬਰ (ਪੋਸਟ ਬਿਊਰੋ)- ਕਾਂਗਰਸ ਦੇ ਸਾਬਕਾ ਕੌਂਸਲਰ ਰਵੀ ਚਾਵਲਾ ਉੱਤੇ ਜਾਨਲੇਵਾ ਹਮਲਾ ਕੀਤਾ ਗਿਆ ਹੈ। ਉਨ੍ਹਾਂ ਦੇ ਸਿਰ, ਬਾਂਹ ਅਤੇ ਲੱਤ ਉੱਤੇ 25 ਟਾਂਕੇ ਲੱਗੇ ਤੇ ਇੱਕ ਹੱਥ ਟੁੱਟ ਗਿਆ। ਗੰਭੀਰ ਹਾਲਤ ਵਿੱਚ ਉਨ੍ਹਾਂ ਨੂੰ ਪਟਿਆਲਾ ਰੈਫਰ ਕੀਤਾ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਰਵੀ ਚਾਵਲਾ ਨੇ ਦੱਸਿਆ ਕਿ ਕੱਲ੍ਹ ਸਵੇਰੇ ਬੱਚਿਆਂ ਨੂੰ ਕ੍ਰਿਸ਼ਨਾ ਬੁੱਕ ਡਿਪੂ ਨੇੜੇ ਸਕੂਲ ਬੱਸ ਚੜ੍ਹਾਉਣ ਗਿਆ ਸੀ। ਘਰ ਆਉਂਦੇ ਸਮੇਂ ਫਿਰਨੀ ਰੋਡ ਉੱਤੇ ਇੱਕ ਕਾਰ ਨੇ ਉਸ ਦੀ ਸਕੂਟਰੀ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਡਿੱਗ ਗਿਆ। ਇਸ ਦੇ ਬਾਅਦ ਕਾਰ ਵਿੱਚੋਂ ਲੱਕੀ, ਜੱਸੀ, ਪਵਨ ਕੁਮਾਰ ਉਰਫ ਜੋਨੀ ਅਤੇ ਰਵੀ ਉਤਰੇ। ਦੋਸ਼ੀ ਸਿਰ, ਬਾਂਹ ਤੇ ਪੈਰਾਂ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰ ਕੇ ਫਰਾਰ ਹੋ ਗਏ। ਰਵੀ ਨੇ ਦੱਸਿਆ ਕਿ ਉਸ ਨੇ ਪਵਨ ਕੁਮਾਰ ਦੇ ਭਰਾ ਵਿਜੈ ਲੰਕੇਸ਼, ਸਾਬਕਾ ਅਕਾਲੀ ਕੌਂਸਲਰ ਉੱਤੇ ਧੋਖਾਧੜੀ ਦਾ ਕੇਸ ਦਰਜ ਕਰਾਇਆ ਸੀ। ਇਸੇ ਕਾਰਨ ਪਵਨ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਹਮਲਾ ਕੀਤਾ ਹੈ। ਥਾਣਾ ਮੁਖੀ ਗੁਰਵੀਰ ਸਿੰਘ ਨੇ ਦੱਸਿਆ ਕਿ ਲੱਕੀ, ਜੱਸੀ, ਪਵਨ ਕੁਮਾਰ, ਰੜੀ, ਬੱਬੀ ਵਾਸੀ ਸੁੰਦਰ ਬਸਤੀ ਅਤੇ ਚਾਰ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ।

## ਵਿੱਕੀ ਕੌਸ਼ਲ ਅਤੇ ਕੈਟਰੀਨਾ ਕੈਫ ਦੀ ਸ਼ਾਦੀ ਹੋ ਗਈ

ਨਵੀਂ ਦਿੱਲੀ, 9 ਦਸੰਬਰ, (ਪੋਸਟ ਬਿਊਰੋ)- ਪੰਜਾਬੀ ਨੌਜਵਾਨ ਅਤੇ ਬਾਲੀਵੁੱਡ ਦੇ ਪ੍ਰਸਿੱਧ ਕਲਾਕਾਰਵਿੱਕੀ ਕੌਸ਼ਲ ਅਤੇ ਸੰਸਾਰ ਪ੍ਰਸਿੱਧ ਐਕਟਰੈੱਸ ਕੈਟਰੀਨਾ ਕੈਫ ਬਾਕਾਇਦਾ ਅੱਜ ਵਿਆਹ ਦੇ ਬੰਧਨ ਵਿਚ ਬੱਝ ਗਏ। ਰਾਜਸਥਾਨ ਦੇ ਸਵਾਈ ਮਾਧੋਪੁਰ ਦੇ ਸਿਕਸ ਸੈਂਸਿਜ ਫੋਰਟ ਬਰਵਾੜਾ ਵਿੱਚ ਵਿੱਕੀ ਕੌਸ਼ਲ ਤੇ ਕੈਟਰੀਨਾ ਕੈਫ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਅਤੇ ਓਥੇ ਹੀ ਇਨ੍ਹਾਂ ਦੋਵਾਂ ਨੇ ਸੱਤ ਫੇਰੇ ਲੈ ਕੇ ਵਿਆਹ ਕਰਵ-ਾਇਆ ਹੈ।

ਬਾਲੀਵੁੱਡ ਦੀ ਪ੍ਰਸਿੱਧ ਐਕਟਰੈੱਸ ਕੈਟਰੀਨਾ ਕੈਫ ਤੇ ਐਕਟਰ ਵਿੱਕੀ ਕੌਸ਼ਲ ਨੇ ਅਗਨੀ ਨੂੰ ਗਵਾਹ ਮੰਨ ਕੇ ਇਸ ਦੇ ਗਿਰਦ 7 ਫੇਰੇ ਲਏ।ਇਸ ਦੇ ਬਾਅਦ ਵੀ ਨਵਵਿਆਹੇ ਜੋੜੇ ਨੇ ਹਾਲੇ ਵਿਆਹ ਬਾਰੇ ਅਧਿਕਾਰਤ ਐਲਾਨ ਨਹੀਂ ਕੀਤਾ। ਇਨ੍ਹਾਂ ਦੋਵਾਂ ਕਲਾਕਾਰਾਂ ਦੇ ਵਿਆਹ ਸਮਾਰੋਹ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ ਸੀ ਤੇ ਸੁਰੱਖਿਆ ਦੇ ਵੀ ਸਖ਼ਤ ਪ੍ਰਬੰਧ ਕੀਤੇ ਗਏ ਸਨ। ਕੈਟਰੀਨਾ ਕੈਫ-ਵਿੱਕੀ ਕੌਸ਼ਲ ਦੇ ਵਿਆਹ ਵਿੱਚ ਪਹੁੰਚੇ ਮਹਿਮਾਨਾਂ ਲਈ ਇਵੈਂਟ ਕੰਪਨੀ ਨੇਸਰਪ੍ਰਾਈਜ਼ ਨੋਟਿਸ ਜਾਰੀ ਕਰ ਕੇ ਮੋਬਾਈਲ ਫ਼ੋਨ ਦੀ ਵਰਤੋਂ ਨਾ ਕਰਨ ਅਤੇ ਮੋਬਾਈਲ ਫ਼ੋਨ ਤੋਂ ਕਿਸੇ ਤਰ੍ਹਾਂ ਕੋਈ ਫ਼ੋਟੋਗ੍ਰਾਫ਼ੀ ਸੋਸ਼ਲ ਮੀਡੀਆ ਜਾਂ ਕਿਸੇ ਹੋਰ ਤਰੀਕੇ ਨਾਲ ਜਨਤਕ ਨਾ ਕਰਨ ਲਈ ਕਿਹਾ ਸੀ।



ਰਾਜਸਥਾਨ ਦੇ ਸਵਾਈ ਮਾਧੋਪੁਰ ਜ਼ਿਲਾ ਹੈੱਡਕੁਆਰਟਰ ਤੋਂ ਲਗਭਗ 25 ਕਿਲੋਮੀਟਰ ਦੂਰਚੌਥ ਕਾ ਬਰਵਾੜਾ ਦੀ ਪਹਾੜੀ ਉੱਤੇ ਸਿਕਸ ਸੈਂਸਿਜ਼ ਹੋਟਲ ਇੱਕ ਕਿਲੇ ਵਿੱਚ ਹੈ। ਇਸ ਹੋਟਲ ਵਿੱ-ਚਅੱਜ (9 ਦਸੰਬਰ) ਕੈਟਰੀਨਾ ਅਤੇ ਵਿੱਕੀ ਨੇ ਸੱਤ ਫੇਰੇ ਲਏ। ਇਹ ਕਿਲਾ ਪਹਿਲਾਂ ਬਰਵਾੜਾ ਦੇ ਸਰਪੰਚ ਭਗਵਤੀ ਸਿੰਘ ਕੋਲ ਸੀ ਤੇ ਉਸਨੇ ਇਹ ਓਸਮੋਸ ਕੰਪਨੀ ਨੂੰ ਵੇਚ ਦਿੱਤਾ ਸੀ। ਓਸਮੋਸ ਕੰਪਨੀ ਨੇ ਕਿਲੇ ਨੂੰ ਆਲੀਸ਼ਾਨ ਹੋਟਲ ਵਿੱਚ ਬਦਲ ਦਿੱਤਾ। ਇਸ ਪਿੱਛੋਂ ਇਹ ਹੋਟਲ ਸਿਕਸ ਸੈਂਸਿਜ਼ ਗਰੁੱਪ ਨੂੰ ਲੀਜ਼ ਉੱਤੇਦੇ ਦਿੱਤਾ ਗਿਆ ਹੈ। ਇਹ ਕਿਲਾ ਲਗਭਗ 700 ਸਾਲ ਪੁਰਾਣਾ ਦੱਸਿਆ ਜਾਂਦਾ ਹੈ ਅਤੇ ਇਹ ਹੋਟਲ ਬੀਤੀ 15 ਅਕਤੂਬਰ ਨੂੰ ਹੀ ਲਾਂਚ ਕੀਤਾ ਗਿਆ ਹੈ।

## ਬੇਜ਼ਮੀਨਿਆਂ ਵੱਲੋਂ ਪੰਚਾਇਤੀ ਜ਼ਮੀਨਾਂ ਉਤੇ ਕਬਜ਼ੇ

ਮਹਿਤਪੁਰ, 9 ਦਸੰਬਰ (ਪੋਸਟ ਬਿਊਰੋ)- ਪਿੰਡ ਇਸਮਾਈਲਪੁਰ ਦੇ ਕੁਝ ਲੋਕਾਂ ਨੇ ਆਪ ਮੁਹਾਰੇ ਪਿੰਡ ਦੀ ਖਾਲੀ ਪਈ ਪੰਚਾਇਤੀ ਜ਼ਮੀਨ ਉਪਰ ਕਬਜ਼ਾ ਕਰ ਕੇ ਆਪਣੇ ਸਿਰ ਢੱਕਣ ਜੋਗੀ ਜ਼ਮੀਨ ਵੰਡ ਲਈ।

ਇਸ ਮੌਕੇ ਰਮੇਸ਼ ਕੁਮਾਰ ਮੇਸ਼ੀ ਸਾਬਕਾ ਪੰਚ ਨੇ ਦੋਸ਼ ਲਾਇਆ ਕਿ ਅਕਾਲੀ ਸਰਕਾਰ ਵੇਲੇ ਵੀ ਮਜ਼ਦੂਰਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦੇਣ ਲਈ ਮਤਾ ਪਾਇਆ ਗਿਆ ਸੀ ਤੇ ਫਿਰ ਚੰਨੀ ਸਰਕਾਰ ਵੇਲੇ ਮਜ਼ਦੂਰਾਂ ਨੂੰ ਪਲਾਟ ਦੇਣ ਲਈ ਪੰਚਾਇਤ ਵਿੱਚ ਮਤਾ ਪਾਇਆ ਗਿਆ ਹੈ। ਮਜ਼ਦੂਰ ਆਗੂਆਂ ਨੇ ਦੋਸ਼ ਲਾਇਆ ਕਿ ਜਦ ਚੋਣਾਂ ਦੇ ਨੋਟੀਫਿਕੇਸ਼ਨ ਵਿੱਚ ਕੁਝ ਦਿਨ ਰਹਿ ਗਏ ਹਨ ਤਾਂ ਉਨ੍ਹਾਂ ਨੂੰ ਕੋਈ ਆਸ ਨਹੀਂ ਰਹੀ ਕਿ ਸਰਕਾਰ ਲੋਕਾਂ ਦੇ ਸਿਰ ਢੱਕਣ ਲਈ ਪੰਜ-ਪੰਜ ਮਰਲੇ ਦੇ ਪਲਾਟ ਦੇਵੇਗੀ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਸੰਪਾਦਕੀ

## ਗਿਗ ਵਰਕਰਾਂ ਦੇ ਹੱਕਾਂ ਦੀ ਰਖਵਾਲੀ ਸਮੇਂ ਦੀ ਲੋੜ

ਉਂਟੇਰੀਓ ਵਰਕਫੋਰਸ ਰੀਕਵਰੀ ਅਡਵਾਈਜ਼ਰੀ ਕਮੇਟੀ (Ontario Workforce Recovery Advisory Committee) ਦੀ 21 ਸਿਫਾਰਸ਼ਾਂ ਵਾਲੀ ਰਿਪੋਰਟ ਦਾ ਸੁਆਗਤ ਕਰਦੇ ਹੋਏ ਉਂਟੇਰੀਓ ਸਰਕਾਰ ਨੇ ਉਬਰ, ਲਿਫਟ, ਸਕਿੱਪ ਦਾ ਡਿਸ਼ਸ਼ ਆਦਿ ਇੰਟਰਨੈੱਟ ਆਧਾਰਿਤ ਸੇਵਾਵਾਂ ਵਾਲੀਆਂ ਕੰਪਨੀਆਂ ਲਈ ਕੰਮ ਕਰਨ ਵਾਲੇ ਵਰਕਰਾਂ ਲਈ ਰੁਜ਼ਗਾਰ ਨਾਲ ਜੁੜੀਆਂ ਘੱਟੋ ਘੱਟ ਸਹੂਲਤਾਂ ਨੂੰ ਲਾਗੂ ਕਰਨ ਲਈ ਕਦਮ ਚੁੱਕਣ ਦਾ ਵਾਅਦਾ ਕੀਤਾ ਹੈ। ਕਮੇਟੀ ਨੇ ਖਾਸ ਕਰਕੇ ਉਹਨਾਂ ਵਰਕਰਾਂ ਨੂੰ ਮਿਨੀਮਨ ਵੇਜ਼ ਅਤੇ ਨੌਕਰੀ ਨਾਲ ਮਿਲਣ ਵਾਲੇ ਬੁਨਿਆਦੀ ਲਾਭ ਦੇਣ ਲਈ ਕਦਮ ਚੁੱਕਣ ਵਾਸਤੇ ਕਿਹਾ ਹੈ ਜਿਹੜੇ ਗਿਗ ਇਕਾਨਮੀ ਨਾਲ ਜੁੜੇ ਹਨ ਅਤੇ ਇੰਪਲਾਇਮੈਂਟ ਸਟੈਂਡਰਡ ਐਕਟ ਤਹਿਤ ਨਹੀਂ ਆਉਂਦੇ। ਉਂਟੇਰੀਓ ਦੇ ਲੇਬਰ ਅਤੇ ਟਰੇਨਿੰਗ ਮਹਿਕਮੇ ਦੇ ਮੰਤਰੀ ਮੌਂਟੀ ਮੈਕਨੌਗਟਨ ਅਨੁਸਾਰ ਉਂਟੇਰੀਓ ਸਰਕਾਰ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲੈ ਕੇ ਉਤਸ਼ਾਹਿਤ ਹੈ।

ਕੰਮਕਾਜ ਦੇ ਬਦਲ ਰਹੇ ਯੁੱਗ ਵਿੱਚ ਵੱਡੀ ਤਾਦਾਤ ਵਿੱਚ ਲੋਕੀ ਉਹਨਾਂ ਕਿੱਤਿਆਂ ਵਿੱਚ ਕੰਮ ਕਰਦੇ ਹਨ ਜਿਹੜੇ ਅੱਜ ਤੋਂ 10-15 ਸਾਲ ਪਹਿਲਾਂ ਬਹੁਤਾ ਕਰਕੇ ਸਾਹਮਣੇ ਨਹੀਂ ਸਨ। ਇਹਨਾਂ ਵਿੱਚ ਐਮਾਜ਼ੋਨ, ਲਿਫਟ, ਸਕਿੱਪ ਦਾ ਡਿਸ਼ਸ਼, ਉਬਰ ਵਰਗੀਆਂ ਸੇਵਾਵਾਂ ਤੋਂ ਇਲਾਵਾ ਸੁਤੰਤਰ ਰੂਪ ਵਿੱਚ ਕੰਮ ਕਰਨ ਵਾਲੇ ਪ੍ਰੋਫੈਸ਼ਨਲ (ਵੈਬ ਡੀਜ਼ਾਇਨ, ਪ੍ਰੋਗਰਾਮਿੰਗ, ਆਈ ਟੀ, ਮਲਟੀਮੀਡੀਆ ਪ੍ਰੋਡਕਸ਼ਨ, ਮਾਰਕੀਟਿੰਗ, ਬੇਬੀ ਸਿਟਿੰਗ, ਡੌਗ ਵਾਕਿੰਗ, ਹਾਊਸ ਪੇਟਿੰਗ, ਕਮਰਸ਼ੀਅਲ ਵਸਤਾਂ, ਸਰਵੇਖਣ ਕਰਵਾਉਣਾ, ਆਨਲਾਈਨ ਵੀਡੀਓ, ਬਲਾਗ ਲਿਖਣਾ, ਆਦਿ) ਸ਼ਾਮਲ ਹਨ। ਅਸਲ ਵਿੱਚ ਡਿਜੀਟਲ ਟਰਾਂਸਫਾਰਮੇਸ਼ਨ ਦੇ ਜ਼ਮਾਨੇ ਵਿੱਚ ਗਿਗ ਵਰਕਰਾਂ ਤੋਂ ਭਾਵ ਹੈ ਉਹ ਸਾਰੇ ਲੋਕ ਜਿਹੜੇ ਰਸਮੀ ਇੰਪਲਾਇਮੈਂਟ ਐਗਰੀਮੈਂਟ ਵਿੱਚ ਹੋਣ ਦੀ ਥਾਂ ਗੈਰ ਰਸਮੀ ਰੁਜ਼ਗਾਰ ਸ੍ਰੋਤਾਂ ਨਾਲ ਜੁੜੇ ਹੋਏ ਹਨ। ਬੈਂਕ ਆਫ ਕੈਨੇਡਾ ਵੱਲੋਂ 2019 ਵਿੱਚ ਤਿਆਰ 'The Size and Characteristics of Informal (Gig) Work in Canada ਨਾਮਕ ਰਿਪੋਰਟ ਅਨੁਸਾਰ ਕੈਨੇਡਾ ਵਿੱਚ ਅੱਜ 37% ਦੇ ਕਰੀਬ ਵਰਕ-ਫੋਰਸ ਗਿਗ ਵਰਕ ਦਾ ਹਿੱਸਾ ਹੈ। ਜਦੋਂ ਗੱਲ ਯੂਥ ਦੀ ਆਉਂਦੀ ਹੈ ਤਾਂ ਉਹ 58% ਨੌਜਵਾਨ ਗਿਗ ਵਰਕ ਦਾ ਹਿੱਸਾ ਹਨ। ਵਿਸ਼ਵ ਵਿੱਚ ਅੱਜ ਗਿਗ ਇਕਾਨਮੀ 347 ਬਿਲੀਅਨ ਡਾਲਰ ਦੀ ਹੋ ਚੁੱਕੀ ਹੈ ਅਤੇ 2023 ਵਿੱਚ ਇਸਦੇ ਵੱਧ ਕੇ 455 ਬਿਲੀਅਨ ਡਾਲਰ ਹੋ ਜਾਣ ਦੀ ਸੰਭਾਵਨਾ ਹੈ।

ਜਦੋਂ ਅਸੀਂ ਲੋਕਲ ਗਰੇਟਰ ਟੋਰਾਂਟੋ ਏਰੀਆ ਦੀ ਇਕਾਨਮੀ ਅਤੇ ਸਥਿਤੀ ਵੱਲ ਝਾਤ ਮਾਰਦੇ ਹਾਂ ਤਾਂ ਮਸਲਾ ਥੋੜਾ ਹੋਰ ਵੀ ਗੁੰਝਲਦਾਰ ਵਿਖਾਈ ਦੇਂਦਾ ਹੈ। ਟੋਰਾਂਟੋ ਏਰੀਆ ਵਿੱਚ ਡਿਜੀਟਲ ਪਲੇਟਫਾਰਮ ਰਾਹੀਂ ਕੰਮ ਕਰਨ ਵਾਲੀਆਂ ਕੰਪਨੀਆਂ ਦੀ ਸਫ਼ਲਤਾ ਦਾ ਸਿਹਰਾ ਉਹਨਾਂ ਦੀ ਤਕਨਾਲੋਜੀ ਵਰਤਣ ਦੀ ਸਮਰੱਥਾ ਨੂੰ ਘੱਟ ਜਾਂਦਾ ਹੈ। ਇਸਦੇ ਉਲਟ ਉਹਨਾਂ ਦੀ ਸਫ਼ਲਤਾ ਪਿੱਛੇ ਗੈਰ-ਜੱਥੇਬੰਦਕ ਢੰਗ ਨਾਲ ਕੰਮ ਕਰਨ ਵਾਲੇ ਉਹ ਲੋਕ ਹਨ ਜਿਹਨਾਂ ਤੋਂ ਕੰਪਨੀਆਂ ਸੈਲਫ ਇੰਪਲਾਇਡ ਵਜੋਂ ਕੰਮ ਲੈਂਦੀਆਂ ਹਨ। ਨਾ ਕੋਈ ਛੁੱਟੀ, ਨਾ ਲੰਚ ਬਰੇਕ ਅਤੇ ਨਾ ਹੀ ਕੋਈ ਸਿਹਤ ਲਾਭ। ਅੱਜ ਹਜ਼ਾਰਾਂ ਨਹੀਂ ਸਗੋਂ ਲੱਖਾਂ ਦੀ ਗਿਣਤੀ ਵਿੱਚਨਵੇਂ ਪਰਵਾਸੀ ਅਤੇ ਅੰਤਰਰਾਸ਼ਟਰੀ ਵਿੱਦਿਆਰਥੀ ਉਬਰ, ਸਕਿੱਪ ਦਾ ਡਿਸ਼ਸ਼ ਆਦਿ ਲਈ ਕੰਮ ਕਰਦੇ ਹਨ ਪਰ ਉਹਨਾਂ ਕੋਲ ਕੋਈ ਜੌਬ ਸੁਰੱਖਿਆ ਜਾਂ ਨੌਕਰੀ ਨਾਲ ਜੁੜੀਆਂ ਬੁਨਿਆਦੀ ਸਹੂਲਤਾਂ ਨਹੀਂ ਹਨ। ਮਿਸਾਲ ਵਜੋਂ ਕੋਵਿਡ-19 ਮਹਾਮਾਰੀ ਦੌਰਾਨ ਇਹਨਾਂ ਵਰਕਰਾਂ ਨੇ ਹੀ ਲੋਕਲ ਜੀਵਨ ਨੂੰ ਚੱਲਦਾ ਰੱਖਣ ਵਿੱਚ ਬੇਮਿਸਾਲ ਯੋਗਦਾਨ ਪਾਇਆ ਹੈ। ਜੇ ਕੋਈ ਗਾਹਕ ਉਬਰ ਚਲਾਉਣ ਵਾਲੇ ਵਰਕਰ ਦੇ ਆਖਣ ਉੱਤੇ ਮਾਸਕ ਪਾਉਣੋਂ ਨਾਂਹ ਕਰ ਦੇਵੇ ਤਾਂ ਕਿੰਨੇ ਕੁ ਵਰਕਰ ਹੋਣਗੇ ਜੋ ਅਜਿਹੇ ਗਾਹਕ ਨੂੰ ਨਾਂਹ ਕਰਕੇ ਰੋਜ਼ੀ ਰੋਟੀ ਉੱਤੇ ਲੱਤ ਮਾਰਨਗੇ ਹੈ?

ਗਿਗ ਵਰਕਰਾਂ ਦਾ ਖੁਦ ਨੂੰ ਜੱਥੇਬੰਦ ਕਰਨਾ ਅਤੇ ਆਪਣੇ ਹੱਕਾਂ ਲਈ ਆਵਾਜ਼ ਚੁੱਕਣਾ ਵੀ ਮਹੱਤਵਪੂਰਣ ਗੱਲ ਹੈ। ਚੰਗੇ ਭੱਵਿਖ ਵਾਸਤੇ ਉਹ ਸਿਰਫ਼ ਸਰਕਾਰਾਂ ਉੱਤੇ ਨਿਰਭਰ ਨਹੀਂ ਹੋ ਸਕਦੇ। ਥੋੜੇ ਜਿਹੇ ਉਬਰ ਡਰਾਈਵਰਾਂ ਵੱਲੋਂ ਉਬਰ ਕੰਪਨੀ ਵਿਰੁੱਧ 400 ਮਿਲੀਅਨ ਡਾਲਰ ਦਾ ਇੱਕ ਕਲਾਸ ਐਕਸ਼ਨ ਮੁਕੱਦਮਾ ਕਰਨਾ ਜੱਥੇਬੰਦਕ ਪਹੁੰਚ ਦੀ ਇੱਕ ਚੰਗੀ ਮਿਸਾਲ ਹੈ ਜਿਸਦੇ ਦੂਰਰਸ ਸਿੱਟੇ ਹੋ ਸਕਦੇ ਹਨ। ਇਹ ਮੁਕੱਦਮਾ 2017 ਤੋਂ ਚੱਲਦਾ ਆ ਰਿਹਾ ਹੈ ਜਿਸ ਵਿਰੁੱਧ ਉਬਰ ਨੇ ਇੱਕ ਵਾਰ ਸਟੇਅ ਵੀ ਲੈ ਲਈ ਸੀ ਪਰ ਉਂਟੇਰੀਓ ਅਪੀਲ ਕੋਰਟ ਅਤੇ ਬਾਅਦ ਵਿੱਚ ਸੁਪਰੀਮ ਕੋਰਟ ਨੇ ਇਸ ਸਟੇਅ ਨੂੰ ਲਾਂਭੇ ਕਰ ਦਿੱਤਾ ਸੀ। ਅਗਲੇ ਮਹੀਨਿਆਂ ਵਿੱਚ ਉਬਰ ਨੂੰ ਇਸ ਮੁੱਕਦਮੇ ਤੋਂ ਬਾਅਦ ਵੱਡੀਆਂ ਤਬਦੀਲੀਆਂ ਕਰਨੀਆਂ ਪੈ ਸਕਦੀਆਂ ਹਨ। ਡੈਨਮਾਰਕ, ਇਟਲੀ, ਸਪੇਨ, ਇੰਗਲੈਂਡ ਅਤੇ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਨੇ ਪਹਿਲਾਂ ਹੀ ਗਿਗ ਵਰਕਰਾਂ ਨੂੰ ਰਸਮੀ ਵਰਕਰ ਹੋਣ ਦਾ ਦਰਜਾ ਦੇ ਦਿੱਤਾ ਹੈ। ਉਂਟੇਰੀਓ ਕੋਲ ਹੁਣ ਇਹ ਸੁਨਹਿਰੀ ਅਵਸਰ ਹੈ ਕਿ ਉਂਟੇਰੀਓ ਵਰਕਫੋਰਸ ਰੀਕਵਰੀ ਅਡਵਾਈਜ਼ਰੀ ਕਮੇਟੀ ਨੂੰ ਅਮਲ ਵਿੱਚ ਲਿਆ ਕੇ ਕੈਨੇਡਾ ਵਿੱਚ ਇੱਕ ਨਵੀਂ ਮਿਸਾਲ ਕਾਇਮ ਕਰੇ।

## ਡਾਇਬੀਟੀਜ਼ ਕੈਨੇਡਾ ਵਲੋਂ ਪੰਜਾਬੀ ਐਮ ਪੀ ਸੋਨੀਆ ਸਿੱਧੂ ਨੂੰ ਇਸ ਸਾਲ ਦਾ ਫਰੈਡਰਿਕ ਜੀ ਬੈਨਟਿੰਗ ਅਵਾਰਡ

ਸੁਰਜੀਤ ਸਿੰਘ ਫਲੋਰਾ




ਡਾਇਬੀਟੀਜ਼ ਕੈਨੇਡਾ ਨੇ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੂੰ ਇਸ ਸਾਲ ਦੇ ਫਰੈਡਰਿਕ ਜੀ ਬੈਂਟਿੰਗ ਅਵਾਰਡ ਦੇ ਕੇ ਸਨਮਾਨ ਕੀਤਾ ਗਿਆ। ਇਹ ਉਹਨਾਂ ਨੂੰ ਡਾਇਬਟੀਜ਼ ਪ੍ਰਤੀ ਜਾਗਰੂਕਤਾ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਦੀ ਅਗਵਾਈ ਲਈ ਮਾਨਤਾ ਦਿੱਤੀ ਗਈ ਹੈ। ਇਹ ਪੁਰਸਕਾਰ ਕਿਸੇ ਵਿਅਕਤੀ, ਕਾਰਪੋਰੇਸ਼ਨ ਜਾਂ ਸੰਸਥਾ ਨੂੰ ਦਿੱਤਾ ਜਾਂਦਾ ਹੈ ਜਿਸ ਨੇ ਜਾਂ ਤਾਂ ਡਾਇਬਟੀਜ਼ ਨੂੰ ਰੋਕਣ ਜਾਂ ਕੈਨੇਡਾ ਵਿੱਚ ਸ਼ੂਗਰ ਤੋਂ ਪ੍ਰਭਾਵਿਤ ਵਿਅਕਤੀਆਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੋਵੇ।

ਐਮਪੀ ਸਿੱਧੂ ਨੇ ਕਿਹਾ, "ਬੈਂਟਿੰਗ ਡਾਕਟਰੀ ਖੋਜ਼ ਵਿੱਚ ਇੱਕ ਮੋਢੀ ਸੀ - ਇੱਕ ਮਹਾਨ ਕੈਨੇਡੀਅਨ ਵਿਗਿਆਨੀਆਂ ਵਿੱਚੋਂ ਇੱਕ। ਉਸਦੀ ਇਤਿਹਾਸਕ ਕਾਢ ਸਦਕਾ, ਲੱਖਾਂ ਜਾਨਾਂ ਬਚਾਈਆਂ ਗਈਆਂ ਹਨ," ਐਮਪੀ ਸਿੱਧੂ ਨੇ ਕਿਹਾ। "ਇਹ ਸੱਚ-ਮੁੱਚ ਇੱਕ ਸਨਮਾਨ ਪ੍ਰਾਪਤ ਕਰਨਾ ਇੱਕ ਮਾਣ ਵਾਲੀ ਗੱਲ ਹੈ ਜੋ ਉਸਦੇ ਨਾਮ ਨਾਲ ਜੁੜਿਆ ਹੈ."

ਜੂਨ ਵਿੱਚ, ਸਿੱਧੂ ਦੇ ਪ੍ਰਾਈਵੇਟ ਮੈਂਬਰ ਬਿੱਲ ਸੀ-237, ਨੈਸ਼ਨਲ ਫਰੇਮਵਰਕ ਫਾਰ ਡਾਇਬੀਟੀਜ਼ ਐਕਟ, ਨੂੰ ਹਾਊਸ ਆਫ ਕਾਮਨਜ਼ ਅਤੇ ਸੈਨੇਟ ਦੋਵਾਂ ਵਿੱਚ ਸਰਬਸੰਮਤੀ ਨਾਲ ਸਮਰਥਨ ਪ੍ਰਾਪਤ ਕਰਨ ਤੋਂ ਬਾਅਦ ਕਾਨੂੰਨ ਵਿੱਚ ਪਾਸ ਕਰ ਦਿੱਤਾ ਗਿਆ ਸੀ। ਇਸ ਬਿੱਲ ਲਈ ਸਿਹਤ ਮੰਤਰੀ ਨੂੰ ਇੱਕ ਰਾਸ਼ਟਰੀ ਬਣਾਉਣ ਅਤੇ ਸੰਸਦ ਨੂੰ ਰਿਪੋਰਟ ਕਰਨ ਦੀ ਲੋੜ ਹੈ ਜੋ ਕੈਂਡਾ ਦੇ ਸੂਬਿਆਂ ਨਾਲ ਮਿਲ ਕੇ ਇਸ ਉਤੇ ਕੰਮ ਕਰਨੇ।

ਡਾਇਬੀਟੀਜ਼ ਨੂੰ ਹਰਾਉਣ ਲਈ ਢਾਂਚਾ

ਇਹ ਢਾਂਚਾ ਸੂਬਾਈ ਅਤੇ ਖੇਤਰੀ ਸਰਕਾਰਾਂ, ਆਦਿਵਾਸੀ ਭਾਈਚਾਰਿਆਂ ਅਤੇ ਹੋਰ ਸਬੰਧਤ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਕਰਕੇ ਬਣਾਇਆ ਜਾਵੇਗਾ ਤਾਂ ਜੋ ਕੈਨੇਡੀਅਨਾਂ ਲਈ ਬਿਹਤਰ ਸਿਹਤ ਨਤੀਜਿਆਂ ਤੱਕ ਡਾਇਬੀਟੀਜ਼ ਦੀ ਰੋਕਥਾਮ ਅਤੇ ਇਲਾਜ ਦੀ ਪਹੁੰਚ ਵਿੱਚ ਸੁਧਾਰ ਕੀਤਾ ਜਾ ਸਕੇ।

ਇਸ ਤਹਿਤ ਪਾਰਲੀਮੈਂਟ ਵਿਚ ਡਾਇਬੀਟੀਜ਼ ਦੀ ਰੋਕਥਾਮ ਅਤੇ ਇਲਾਜ ਦੇ ਕਾਨੂੰਨ ਅਤੇ ਇਸ ਦੇ ਫਰੇਮਵਰਕ ਤੇ ਕੰਮ ਕਰਨਾ, ਜਿਸ ਵਿੱਚ ਡਾਇਬੀਟੀਜ਼ ਨਾਲ ਸਬੰਧਤ ਸਿਹਤ ਸੰਭਾਲ ਪੇਸ਼ੇਵਰਾਂ ਦੀ ਸਿਖਲਾਈ ਅਤੇ ਸਿੱਖਿਆ ਲੋੜਾਂ ਦੀ ਪਛਾਣ ਕਰਨਾ ਆਦਿ ਹੋਵੇਗਾ। ਖੋਜ ਨੂੰ ਉਤਸ਼ਾਹਿਤ ਕਰਨਾ, ਅਤੇ ਡਾਇਬੀਟੀਜ਼ ਦੀ ਰੋਕਥਾਮ ਅਤੇ ਇਲਾਜ 'ਤੇ ਡਾਟਾ ਇਕੱਠਾ ਕਰਨ ਵਿੱਚ ਸੁਧਾਰ ਕਰਨਾ ਦੇ ਨਾਲ - ਨਾਲ ਜਾਣਕਾਰੀ ਅਤੇ ਗਿਆਨ ਸਾਂਝਾਕਰਨ ਨੂੰ ਉਤਸ਼ਾਹਿਤ ਕਰਨਾ ਹੋਵੇਗਾ, ਅਤੇ ਕਿਸੇ ਵੀ ਮੌਜੂਦਾ ਡਾਇਬੀਟੀਜ਼ ਦੀ ਰੋਕਥਾਮ ਅਤੇ ਇਲਾਜ ਦੀਆਂ ਰਣਨੀਤੀਆਂ ਅਤੇ ਸਭ ਤੋਂ ਵਧੀਆ ਅਭਿਆਸਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜਿਸ ਵਿੱਚ ਸਿਹਤ ਅਸਮਾਨਤਾਵਾਂ ਨੂੰ ਹੱਲ ਕਰਨ 'ਤੇ ਧਿਆਨ ਕੇਂਦਰਤ ਕਰਨਾ ਸ਼ਾਮਲ ਹੋਵੇਗਾ।

ਐਮਪੀ ਸਿੱਧੂ 2015 ਵਿੱਚ ਸੰਸਦ ਲਈ ਚੁਣੇ ਜਾਣ ਤੋਂ ਬਾਅਦ ਤੋਂ ਡਾਇਬੀਟੀਜ਼ ਭਾਈਚਾਰੇ ਲਈ ਇੱਕ ਭਾਵੁਕ ਮੁਹਰੀ ਰਹੇ ਹਨ। ਰਾਜਨੀਤੀ ਵਿੱਚ ਆਪਣੇ ਕੈਰੀਅਰ ਤੋਂ ਪਹਿਲਾਂ, ਉਸਨੇ ਅਠਾਰਾਂ ਸਾਲਾਂ ਤੱਕ ਇੱਕ ਸਿਹਤ ਸੰਭਾਲ ਪੇਸ਼ੇਵਰ ਵਜੋਂ ਕੰਮ ਕੀਤਾ। ਬਰੈਂਪਟਨ ਦੇ ਆਪਣੇ ਘਰੇਲੂ ਕਮਿਊਨਿਟੀ ਵਿੱਚ, ਜਿੱਥੇ 6 ਵਿੱਚੋਂ 1 ਵਿਅਕਤੀ ਡਾਇਬੀਟੀਜ਼ ਨਾਲ ਰਹਿੰਦਾ ਹੈ, ਉਸਨੇ ਅਕਸਰ ਦੇਖਿਆ ਕਿ ਦਿਲ ਅਤੇ ਗੁਰਦੇ ਦੀ ਬਿਮਾਰੀ, ਅੰਨ੍ਹੇਪਣ, ਅਤੇ ਅੰਗ ਕੱਟਣ ਸਮੇਤ ਹੋਰ ਹਾਲਤਾਂ ਵਿੱਚ ਸ਼ੂਗਰ ਕਿਵੇਂ ਇੱਕ ਗੁੰਝਲਦਾਰ ਕਾਰਕ ਹੈ।

ਚੁਣੇ ਜਾਣ ਤੋਂ ਬਾਅਦ, ਉਸਨੇ ਆਲ-ਪਾਰਟੀ ਡਾਇਬੀਟੀਜ਼ ਕਾਕਸ ਦੀ ਚੇਅਰ ਵਜੋਂ ਸੇਵਾ ਕੀਤੀ ਹੈ, ਜਿਸ ਦੁਆਰਾ ਉਸਨੇ ਆਪਣੇ ਸਹਿਯੋਗੀਆਂ ਵਿੱਚ ਬਿਮਾਰੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੰਮ ਕੀਤਾ ਹੈ, 2019 ਵਿੱਚ ਮਤਾ ਪਾਸ ਕੀਤਾ ਹੈ ਜਿਸ ਵਿੱਚ ਨਵੰਬਰ ਨੂੰ ਡਾਇਬੀਟੀਜ਼ ਜਾਗਰੂਕਤਾ ਮਹੀਨੇ ਵਜੋਂ ਮਾਨਤਾ ਦਿੱਤੀ ਗਈ ਹੈ, ਅਤੇ ਘਰੇਲੂ ਅਤੇ ਵਿਦੇਸ਼ਾਂ ਵਿੱਚ ਕਾਨਫਰੰਸਾਂ ਡਾਇਬੀਟੀਜ਼ ਵਿੱਚ ਕੈਨੇਡਾ ਦੀ ਨੁਮਾਇੰਦਗੀ ਕੀਤੀ ਹੈ ਤੇ ਕਰ ਰਹੀ ਹੈ।

ਸਿੱਧੂ ਨੇ ਵਾਅਦਾ ਕੀਤਾ ਹੈ ਕਿ ਉਹ ਡਾਇਬੀਟੀਜ਼ ਵਾਲੇ ਲੋਕਾਂ ਲਈ ਮੁਹਰੀ ਬਣ ਕੇ ਉਹਨਾਂ ਦੀ ਹਰ ਤਰ੍ਹਾਂ ਦੇ ਇਲਾਜ਼ ਅਤੇ ਮਦਦ ਲਈ ਤੱਤਪਰ ਰਹਿਣਗੇ। ਇਸ ਦੇ ਨਾਲ ਹੀ ਉਹ ਕੈਨੇਡਾ ਵਿੱਚ ਖੋਜ ਖੇਤਰ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਬਣਾ ਰਹੀ ਹੈ ਕਿਉਂਕਿ ਉਹ ਇਲਾਜ ਲੱਭਣ ਲਈ ਕੰਮ ਕਰ ਰਹੇ ਹਨ।

"ਇਕ ਜੁਟ -ਮਿਲ ਕੇ ਕੰਮ ਕਰਕੇ, ਅਸੀਂ ਇੱਕ ਦਿਨ ਇਸ ਬਿਮਾਰੀ ਨੂੰ ਖ਼ਤਮ ਕਰ ਸਕਦੇ ਹਾਂ। ਕੈਨੇਡਾ ਨੇ ਦੁਨੀਆ ਨੂੰ ਇਨਸੁਲਿਨ ਦਿੱਤਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇੱਕ ਦੇਸ਼ ਦੇ ਰੂਪ ਵਿੱਚ ਇਸ ਬਿਮਾਰੀ ਨਾਲ ਲੜਨ ਅਤੇ ਇਲਾਜ ਦੇ ਰਾਹ ਦੀ ਅਗਵਾਈ ਵੀ ਕਰੀਏ ਤਾਂ ਜੋ ਇਸ ਲਾਈਲਗ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾਂ ਪਾਇਆ ਜਾ ਸਕੇ।"

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਗਿੱਗ ਵਰਕਰਜ਼ ਨੂੰ ਬੈਨੇਫਿਟਸ ਦੇਣ ਬਾਰੇ ਵਿਚਾਰ ਕਰੇਗੀ ਫੋਰਡ ਸਰਕਾਰ

...ਪੰਨਾ 1 ਦਾ ਬਾਕੀ

ਸਰਕਾਰ ਨੇ ਆਖਿਆ ਕਿ ਉਹ ਇਸ ਰਿਪੋਰਟ ਵਿੱਚ ਕੀਤੀਆਂ ਗਈਆਂ ਸਾਰੀਆਂ ਸਿਫਾਰਿਸ਼ਾਂ ਉੱਤੇ ਵਿਚਾਰ ਕਰ ਰਹੀ ਹੈ ਤੇ ਇਸ ਸਬੰਧ ਵਿੱਚ ਅੱਗੇ ਬਣਦੀ ਕਾਰਵਾਈ ਕੀਤੀ ਜਾਵੇਗੀ। ਪਰ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਸਰਕਾਰ ਵੱਲੋਂ ਇਸ ਬਾਬਤ ਕਿਹੋ ਜਿਹੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਕਿਰਤ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਉਹ ਉਬਰ, ਲਿਫਟ, ਸਕਿੱਪ ਦ ਡਿਸ਼ਿਜ਼ ਆਦਿ ਵਰਗੀਆਂ ਕੰਪਨੀਆਂ ਨੂੰ ਇਹੋ ਸੁਨੇਹਾ ਦੇਣਾ ਚਾਹੁਣਗੇ ਕਿ ਇਹ ਕੰਪਨੀਆਂ ਆਪਣੇ ਗਿੱਗ ਵਰਕਰਜ਼ ਲਈ ਕੋਈ ਠੋਸ ਕਦਮ ਚੁੱਕਣ ਤੇ ਆਪਣੇ ਵਰਕਰਜ਼ ਦੀ ਸਾਂਭ ਸੰਭਾਲ ਕਰਨ ਤੇ ਜੇ ਉਹ ਅਜਿਹਾ ਨਹੀਂ ਕਰਨਗੀਆਂ ਤਾਂ ਉਹ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰਨਗੇ।

## ਦੋ ਸਕੂਲਾਂ ਲਾਗੇ ਜਾਅਲੀ ਗੰਨ ਲੈ ਕੇ ਘੁੰਮਣ ਵਾਲੇ 3 ਨੌਜਵਾਨ ਹਿਰਾਸਤ ਵਿੱਚ

ਬਰੈਂਪਟਨ, 9 ਦਸੰਬਰ (ਪੋਸਟ ਬਿਊਰੋ) : ਵੀਰਵਾਰ ਦੁਪਹਿਰ ਨੂੰ ਬਰੈਂਪਟਨ ਦੇ ਇੱਕ ਹਾਈ ਸਕੂਲ ਨੂੰ ਲਾਕਡਾਊਨ ਵਿੱਚ ਪਾਉਣ ਵਾਲੀ ਸਥਿਤੀ ਲਈ ਜਿੰਮੇਵਾਰ ਤਿੰਨ ਨੌਜਵਾਨਾਂ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ। ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਦੋ ਲੜਕੀਆਂ ਤੇ ਇੱਕ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਇਨ੍ਹਾਂ ਦੀ ਉਮਰ 16 ਸਾਲ ਦੱਸੀ ਜਾਂਦੀ ਹੈ। ਬਰੈਂਪਟਨ ਸੈਂਟੇਨੀਅਲ ਸੈਕੰਡਰੀ ਸਕੂਲ ਦੇ ਬਾਹਰੋਂ ਇਨ੍ਹਾਂ ਕੋਲੋਂ ਨਕਲੀ ਹਥਿਆਰ ਬਰਾਮਦ ਹੋਇਆ। ਐਲਗਿਨ ਡਰਾਈਵ ਤੇ ਮੈਕਮਰਕੀ ਐਵਨਿਊ ਏਰੀਆ ਵਿੱਚ ਸਥਿਤ ਸਕੂਲ ਦੇ ਇਲਾਕੇ ਵਿੱਚ ਕਿਸੇ ਨੂੰ ਹਥਿਆਰ ਲੈ ਕੇ ਘੁੰਮਦਿਆਂ ਵੇਖਣ ਤੋਂ ਬਾਅਦ ਸਕੂਲ ਨੂੰ ਹੋਲਡ ਐਂਡ ਸਕਿਓਰ ਵਾਲੀ ਸਥਿਤੀ ਵਿੱਚ ਲਿਆਂਦਾ ਗਿਆ।

ਇਸ ਸਕੂਲ ਦੇ ਨੇੜੇ ਹੀ ਸਥਿਤ ਬਿਸ਼ਪ ਫਰਾਂਸਿਜ਼ ਐਲਨ ਵਿੱਚ ਵੀ ਲਾਕਡਾਊਨ ਕਰ ਦਿੱਤਾ ਗਿਆ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਹਿਰਾਸਤ ਵਿੱਚ ਲਏ ਗਏ ਤਿੰਨੇ ਨੌਜਵਾਨ ਇਨ੍ਹਾਂ ਦੋਵਾਂ ਸਕੂਲਾਂ ਵਿੱਚੋਂ ਕਿਸੇ ਇੱਕ ਦੇ ਵਿਦਿਆਰਥੀ ਸਨ ਜਾਂ ਨਹੀਂ। ਇਸ ਦੌਰਾਨ ਕਿਸੇ ਨੂੰ ਕੋਈ ਸੱਟ-ਫੇਟ ਨਹੀਂ ਲੱਗੀ ਹੈ ਤੇ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਫਾਰੂਕ ਨੇ ਕਿਹਾ: ਕਿਸਾਨਾਂ ਵਾਂਗ ਜੰਮੂ ਕਸ਼ਮੀਰੀਆਂ ਨੂੰ ਵੀ ਕੁਰਬਾਨੀ ਦੇਣੀ ਪੈ ਸਕਦੀ ਹੈ



ਸ੍ਰੀਨਗਰ, 9 ਦਸੰਬਰ (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਬੀਤੇ ਦਿਨੀਂ ਕਿਹਾ ਕਿ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਸੂਬੇ ਦੇ ਵਿਸ਼ੇਸ਼ ਰਾਜ ਹੋਣ ਦਾ ਦਰਜਾ ਬਹਾਲ ਕਰਵਾਉਣ ਲਈ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਵਾਂਗ ਕੁਰਬਾਨੀਆਂ ਦੇਣੀਆਂ ਪੈ ਸਕਦੀਆਂ ਹਨ।

ਪਾਰਟੀ ਦੇ ਮੋਢੀ ਸ਼ੇਖ਼ ਮੁਹੰਮਦ ਅਬਦੁੱਲਾ ਦੇ 116ਵੇਂ ਜਨਮ ਦਿਨ ਮੌਕੇ ਇੱਥੇ ਨਸੀਮਬਾਗ ਵਿੱਚ ਉਨ੍ਹਾਂ ਦੇ ਮਕਬਰੇ ਉੱਤੇ ਨੈਸ਼ਨਲ ਕਾਨਫਰੰਸ ਦੇ ਯੂਥ ਵਿੰਗ ਦੀ ਇੱਕ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਅਬਦੁੱਲਾ ਨੇ ਇਹ ਵੀ ਕਿਹਾ ਕਿ ਉਸ ਦੀ ਪਾਰਟੀ ਕਿਸੇ ਵੀ ਤਰ੍ਹਾਂ ਦੀ ਹਿੰਸਾ ਦਾ ਸਮਰਥਨ ਨਹੀਂ ਕਰਦੀ। ਫਾਰੂਖ ਅਬਦੁੱਲਾ ਨੇ ਕਿਹਾ, "ਜਦੋਂ ਕਿਸਾਨਾਂ ਨੇ ਕੁਰਬਾਨੀਆਂ ਦਿੱਤੀਆਂ ਤਾਂ ਕੇਂਦਰ ਨੂੰ ਤਿੰਨੇ ਖੇਤੀ ਕਾਨੂੰਨ ਰੱਦ ਕਰਨੇ ਪਏ। ਇਸੇ ਤਰ੍ਹਾਂ ਸਾਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਕੋਈ ਵੀ ਕੁਰਬਾਨੀ ਦੇਣੀ ਪੈ ਸਕਦੀ ਹੈ। ਯਾਦ ਰੱਖੋ, ਅਸੀਂ ਧਾਰਾ 370, 35-ਏ ਅਤੇ ਵਿਸ਼ੇਸ਼ ਰਾਜ ਦਾ ਦਰਜਾ ਬਹਾਲ ਕਰਵਾਉਣ ਦਾ ਵਾਅਦਾ ਕੀਤਾ ਹੈ ਅਤੇ ਅਸੀਂ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਾਂ।"

## ਮੁੱਖ ਮੰਤਰੀ ਚੰਨੀ ਵੱਲੋਂ ਅਕਾਲ ਤਖ਼ਤ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ

### * ਤਲਵੰਡੀ ਸਾਬੋ ਵਿੱਚ ਵਿਰਾਸਤੀ ਮਾਰਗ ਬਣੇਗਾ, ਵਿਕਾਸ ਲਈ 15 ਕਰੋੜ ਦਿੱਤੇ



ਤਲਵੰਡੀ ਸਾਬੋ, 9 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਲਈਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਾਰੇ ਟੀਵੀ ਅਤੇ ਰੇਡੀਓ ਚੈਨਲਾਂ ਨੂੰ ਇੱਕੋ ਜਿਹੇ ਅਧਿਕਾਰ ਦੇਣ ਦੇ ਆਦੇਸ਼ ਦਿੱਤੇ ਜਾਣ ਤਾਂ ਕਿ ਗੁਰਬਾਣੀ ਕੀਰਤਨ ਦੀ ਪਹੁੰਚ ਵੱਧ ਤੋਂ ਵੱਧ ਲੋਕਾਂ ਤੱਕ ਵੀ ਯਕੀਨੀ ਬਣਾਈ ਜਾ ਸਕੇ ਅਤੇ ਕੋਈ ਵੀ ਸਰਧਾਲੂ ਕੀਰਤਨ ਸਰਵਣ ਕਰਨ ਤੋਂ ਵਾਂਝਾ ਨਾ ਰਹੇ।

ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਨਿੱਜੀ ਪੱਤਰ ਦੇ ਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਜਿਸ ਤਰ੍ਹਾਂ ਸਿੱਖ ਸੰਗਤ ਪਾਕਿਸਤਾਨ ਵਿਚਲੇ ਗੁਰਧਾਮਾਂ ਦੇ 'ਖੁੱਲੇ ਦਰਸ਼ਨ ਦੀਦਾਰ' ਲਈ ਤਾਂਘਦੀ ਹੈ, ਉਸੇ ਤਰ੍ਹਾਂਸਿੱਖ ਸੰਗਤ ਦੀ ਸ੍ਰੀ ਹਰਿਮੰਦਰ ਸਾਹਿਬ ਤੋਂ ਹਰ ਸਮੇਂ 'ਖੁੱਲ੍ਹੇ ਪ੍ਰਸਾਰਨ' ਦੀ ਵੀ ਹਮੇਸ਼ਾ ਤੋਂ ਤੀਬਰ ਇੱਛਾ ਹੈ।ਮੁੱਖ ਮੰਤਰੀ ਨੇ ਜਥੇਦਾਰ ਸਾਹਿਬ ਨੂੰ ਭਰੋਸਾ ਦਿੱਤਾ ਕਿ ਇਸ ਕਾਰਜਲਈ ਲੋੜੀਂਦਾ ਢਾਂਚਾ ਬਣਾਉਣ ਜਾਂ ਹੋਰ ਖਰਚ ਪੰਜਾਬ ਸਰਕਾਰ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰਫ ਇਕ ਸੀਮਤ ਪ੍ਰਸਾਰਨ ਘੇਰੇ ਵਾਲੇ ਅਤੇ ਇਕ ਪਰਿਵਾਰ ਦੀ ਮਾਲਕੀ ਵਾਲੇ ਪੰਜਾਬੀ ਚੈਨਲ ਨੂੰ ਕੁਝ ਰਕਮ ਬਦਲੇ ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਹੱਕ ਦੇਣ ਦਾ ਫੈਸਲਾ ਦਰੁਸਤ ਨਹੀਂ ਲੱਗਦਾ।

ਮੁੱਖ ਮੰਤਰੀ ਚਰਨਜੀਤ ਸਿੰਘ ਨੇ ਕਿਹਾ ਕਿ ਅਕਾਲੀ ਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵਿੱਚ ਬਹੁਮਤ ਹੈ ਤੇ ਉਸ ਨੇ 1996 ਅਤੇ 2004 ਵਿੱਚ ਹੋਈ ਸ਼੍ਰੋਮਣੀ ਕਮੇਟੀ ਦੀ ਚੋਣ ਲਈ ਜਾਰੀ ਕੀਤੇ ਗਏ ਆਪਣੇ ਚੋਣ ਮੈਨੀਫੈਸਟੋ ਵਿੱਚ ਸਿੱਖ ਸੰਗਤ ਨਾਲ ਵਾਅਦਾ ਕੀਤਾ ਸੀ ਕਿ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਆਪਣਾ ਟੀਵੀ ਚੈਨਲ ਚਲਾਵੇਗੀ।ਮੁੱਖ ਮੰਤਰੀ ਨੇ ਜਥੇਦਾਰ ਸਾਹਿਬ ਨੂੰ ਇਸ ਗੰਭੀਰ ਮੁੱਦੇ ਬਾਰੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਲੋੜੀਂਦੀਆਂ ਹਦਾਇਤਾਂ ਦੇਣ ਦੀ ਬੇਨਤੀ ਵੀ ਕੀਤੀ।

ਇਸ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਤਿਹਾ-ਸਕ ਨਗਰ ਤਲਵੰਡੀ ਸਾਬੋ ਦੇ ਵਿਕਾਸ ਲਈ ਕੁਝ ਨਾ ਕਰਨ ਲਈ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੀ ਨੁਕਤਾਚੀਨੀ ਕਰਦਿਆਂ ਐਲਾਨ ਕੀਤਾ ਕਿ ਅੰਮ੍ਰਿਤਸਰ ਅਤੇ ਚਮਕੌਰ ਸਾਹਿਬ ਵਾਂਗ ਤਲਵੰਡੀ ਸਾਬੋ ਵਿਖੇ ਵਿਰਾਸਤੀ ਮਾਰਗ ਬਣਾਇਆ ਜਾਵੇਗਾ।ਅੱਜ ਏਥੇ ਦਾਣਾ ਮੰਡੀ ਵਿਚ ਇਕ ਭਰਵੀਂ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਬਾਦਲਾਂ ਨੇ ਸਾਰਾ ਧਿਆਨ ਆਪਣੇ ਖ਼ਜ਼ਾਨੇ ਭਰਨ ਵੱਲ ਲਾਈ ਰੱਖਿਆ ਅਤੇ ਪਵਿੱਤਰ ਸ਼ਹਿਰ ਤਲਵੰਡੀ ਸਾਬੋ ਦੇ ਵਿਕਾਸ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਧਾਰਮਿਕ ਪੱਖ ਤੋਂ ਮਹੱਤਵ ਵਾਲੇ ਇਸ ਸ਼ਹਿਰ ਦੇ ਵਿਕਾਸ ਲਈ ਵਿਸ਼ੇਸ਼ ਉੱਦਮ ਕੀਤੇ ਜਾਣਗੇ।






## ਕੌੜੀ ਨਿੰਮ ਵੀ ਮਨੁੱਖੀ ਜੀਵਨ ਵਿੱਚ ਮਿਠਾਸ ਘੋਲੇਗੀ



ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)-ਨਿੰਮ ਦਾ ਨਾਂਅ ਲੈਂਦੇ ਸਾਰ ਇਸ ਦੀ ਕੁੜੱਤਣ ਜ਼ੁਬਾਨ ਉੱਤੇ ਆ ਜਾਂਦੀ ਹੈ, ਪਰ ਗੁਣਾਂ ਦੀ ਖਾਣ ਇਹ ਨਿੰਮ ਭਵਿੱਖ ਵਿੱਚ ਲੋਕਾਂ ਦੇ ਜੀਵਨ ਵਿੱਚ ਮਿਠਾਸ ਘੋਲੇਗੀ। ਇਸ ਦਾ ਮੁੱਖ ਕਾਰਨ ਇਸ ਨਾਲ ਜੁੜੇ ਉਤਪਾਦਾਂ ਦੀ ਵਧਦੀ ਮੰਗ ਲਈਭਾਰਤ ਵਿੱਚ ਇਸ ਦੀ ਵੱਡੇ ਪੱਧਰ ਉੱਤੇ ਕਾਰੋਬਾਰੀ ਖੇਤੀ ਕਰਨ ਦੀ ਤਿਆਰੀ ਹੈ। ਇਸ ਦੇ ਲਈ ਹਰ ਪੱਧਰ ਉੱਤੇ ਕੰਮ ਤੇਜ਼ੀ ਨਾਲ ਸ਼ੁਰੂ ਹੋ ਗਿਆ ਹੈ।

ਇਸ ਵੇਲੇ ਇਸ ਦਿਸ਼ਾ ਵਿੱਚ ਜੋ ਅਹਿਮ ਸਫਲਤਾ ਹੱਥ ਲੱਗੀ, ਉਸ ਵਿੱਚ ਨਿੰਮ ਦੀ ਅਜਿਹੀ ਜੀਨੋਮਿਕਸ ਤਿਆਰ ਕੀਤੀ ਗਈ ਹੈ, ਜਿਸ ਤੋਂ ਮੌਜੂਦਾ ਪੌਦੇ ਦੇ ਮੁਕਾਬਲੇ ਜ਼ਿਆਦਾ ਬੀਜ ਤੇ ਉਸ ਦੇ ਬੀਜਾਂ ਤੋਂ ਦੁੱਗਣੇ ਤੋਂ ਵੱਧ ਤੇਲ ਮਿਲੇਗਾ। ਇਹ ਚਾਰ ਤੋਂ ਪੰਜ ਸਾਲਾਂ ਵਿੱਚ ਤਿਆਰ ਵੀ ਹੋ ਜਾਏਗਾ।ਜੰਗਲਾਤ ਅਤੇ ਵਾਤਾਵਰਣ ਮੰਤਰਾਲੇ ਦੇ ਮੁਤਾ-ਬਕ ਨਿੰਮ ਦੀ ਕਾਰੋਬਾਰੀ ਖੇਤੀ ਨੂੰ ਉਤਸ਼ਾਹਤ ਕਰਨ ਦੀ ਇਹ ਯੋਜਨਾ ਦੇਸ਼ ਦੇ ਨਾਲ ਦੁਨੀਆ ਭਰ ਵਿੱਚ ਨਿੰਮ ਨਾਲ ਜੁੜੇ ਪ੍ਰਾਡਕਟ ਦੀ ਵਧਦੀ ਮੰਗ ਨੂੰ ਦੇਖ ਕੇ ਬਣਾਈ ਗਈ ਹੈ। ਇਸ ਦੇ ਤਹਿਤ ਵੱਡਾ ਟੀਚਾ ਸੀ, ਨਿੰਮ ਦਾ ਅਜਿਹਾ ਜੀਨੋਮਿਕਸ ਤਿਆਰ ਕਰਨਾ ਹੈ, ਜੋ ਗੁਣਾਂ ਪੱਖ ਤੋਂ ਮੂਲ ਪੌਦੇ ਵਰਗਾ ਹੋਵੇ। ਮੰਤਰਾਲੇ ਨੇ ਇਹ ਕੰਮ ਇੰਡੀਅਨ ਕੌਂਸਲ ਆਫ ਫਾਰੈਸਟਰੀ ਰਿਸਰਚ ਐਂਡ ਐਜੂਕੇਸ਼ਨ (ਆਈ ਸੀ ਐਫ ਆਰ ਈ) ਨੂੰ ਸੌਂਪਿਆ ਸੀ। ਇਸ ਨੇ ਆਪਣੇ ਨਾਲ ਜੁੜੀਆਂ ਕਰੀਬ ਨੌਂ ਹੋਰ ਸੰਸਥਾਵਾਂ ਦੀ ਮਦਦ ਨਾਲ ਇਹ ਸਫਲਤਾ ਹਾਸਲ ਕੀਤੀ ਹੈ।

ਇਸ ਯੋਜਨਾ ਤਹਿਤ ਨਿੰਮ ਦੇ ਛੇ ਜੀਨੋਮਿਕਸ ਤਿਆਰ ਕੀਤੇ ਗਏ ਹਨ। ਇਨ੍ਹਾਂ ਸਭ ਜੀਨੋਮਿਕਸ ਨੂੰ ਮੰਤਰਾਲੇ ਦੀ ਹਾਈਪਾਵਰ ਕਮੇਟੀ ਨੇ ਮਨਜ਼ੂਰੀ ਦੇ ਦਿੱਤੀ ਹੈ। ਆਯੁਰਵੈਦ ਦੇ ਪੱਖ ਤੋਂ ਨਿੰਮ ਦੀਆਂ ਪੱਤੀਆਂ ਤੋਂ ਲੈ ਕੇ ਛਿਲਕੇ, ਬੀਜ, ਤੇਲ, ਲੱਕੜੀ ਸਾਰੇ ਲਾਭਕਾਰੀ ਹਨ। ਨਿੰਮ ਦੇ ਰੁੱਖ ਆਮ ਤੌਰ ਉੱਤੇ ਭਾਰਤ ਵਿੱਚ ਬਹੁਤ ਹੁੰਦੇ ਹਨ। ਪੂਰਬੀ ਉੱਤਰ ਪ੍ਰਦੇਸ਼ ਦੇ ਇਲਾਕੇ ਵਿੱਚ ਇਸ ਨੂੰ ਆਮ ਘਰਾਂ ਦੇ ਬਾਹਰ ਲਾਇਆ ਜਾਂਦਾ ਹੈ, ਕਿਉਂਕਿ ਇਹ ਆਕਸੀਜਨ ਦਾ ਵਧੀਆ ਸਰੋਤ ਮੰਨਿਆ ਜਾਂਦਾ ਹੈ। ਇਸ ਦੀਆਂ ਪੱਤੀਆਂ ਆਦਿ ਦੀ ਵਰਤੋਂ ਨਾਲ ਘਰ ਕੀੜਿਆਂ ਤੋਂ ਸੁਰੱਖਿਅਤ ਰਹਿੰਦਾ ਹੈ।ਭਾਰਤ ਅਤੇ ਦੁਨੀਆ ਵਿੱਚ ਨਿੰਮ ਦੇ ਤੇਲ ਦੀ ਬਹੁਤ ਮੰਗ ਹੈ। ਪਿੱਛੇ ਜਿਹੇ ਇਸ ਦਾ ਯੂਰੀਏ ਵਿੱਚ ਵੀ ਇਸਤੇਮਾਲ ਤੇਜ਼ੀ ਨਾਲ ਵਧਿਆ ਹੈ। ਭਾਰਤ ਵਿੱਚ ਅੱਜਕੱਲ੍ਹ ਨਿੰਮ ਕੋਟਿਡ ਯੂਰੀਆ ਤਿਆਰ ਕੀਤਾ ਜਾ ਰਿਹਾ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਦੇ ਲਿਹਾਜ਼ ਨਾਲ ਇਸ ਨੂੰ ਜ਼ਿਆਦਾ ਉਪਯੋਗੀ ਦੱਸਿਆ ਜਾ ਰਿਹਾ ਹੈ ਅਤੇ ਯੂਰੀਏ ਦੀ ਕਾਲਾਬਾਜ਼ਾਰੀ ਵੀ ਰੁਕੀ ਹੈ।

# ਵਿਸ਼ਵ ਪੰਜਾਬੀ ਕਾਨਫ਼ਰੰਸ ਵਲੋਂ ਕਰਵਾਇਆ ਗਿਆ ਸੈਮੀਨਾਰ

## ਗੁਰੂ ਤੇਗ਼ ਬਹਾਦਰ ਜੀ ਅਤੇ ਕਿਸਾਨੀ ਅੰਦੋਲਨ ਬਾਰੇ ਪੇਪਰ ਪੜ੍ਹੇ ਗਏ











ਬਰੈਂਪਟਨ, (ਡਾ. ਝੰਡ) - ਪ੍ਰਾਪਤ ਸੂਚਨਾ ਅਨੁਸਾਰ ਵਿਸ਼ਵ ਪੰਜਾਬੀ ਕਾਨਫ਼ਰੰਸ (ਰਜਿ.) ਟੋਰਾਂਟੋ ਵੱਲੋਂ ਇਕ-ਰੋਜ਼ਾ ਸੈਮੀ ਨਾਰ ਮਿਸੀਸਾਗਾ ਦੇ 'ਗਰੈਂਡ ਤਾਜ ਬੈਂਕੁਇਟ ਹਾਲ ਐਂਡ ਕਨਵੈੱਨਸ਼ਨ ਸੈਂਟਰ' ਵਿਚ ਕਰਵਾਇਆ ਗਿਆ ਜੋ ਕਿ ਗੁਰੂ ਤੇਗ਼ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼-ਉਤਸਵ ਨੂੰ ਸਮੱਰਪਿਤ ਸੀ। ਸੈਮੀਨਾਰ ਦਾ ਉਦਘਾਟਨ ਜੋਤੀ ਪ੍ਰਜਵਲਿਤ ਕਰਕੇ ਚੇਅਰਮੈਨ ਗਿਆਨ ਸਿੰਘ ਕੰਗ ਅਤੇ ਪ੍ਰਧਾਨ ਕਮਲਜੀਤ ਸਿੰਘ ਲਾਲੀ ਦੀ ਅਗਵਾਈ ਵਿਚ ਪ੍ਰਬੰਧਕੀ ਟੀਮ ਵੱਲੋਂ ਕੀਤਾ ਗਿਆ। ਸੈਮੀਨਾਰ ਦੇ ਆਰੰਭ ਵਿਚ ਸ਼ਬਦ 'ਦੇਹਿ ਸ਼ਿਵਾ ਬਰ ਮੋਹਿ ਇਹੈ'' ਅਤੇ ਕੈਨੇਡਾ ਦਾ ਰਾਸ਼ਟਰੀ ਗੀਤ 'ਓ ਕੈਨੇਡਾ' ਪੇਸ਼ ਕੀਤੇ ਗਏ।

ਸੈਮੀਨਾਰ ਦਾ ਪਹਿਲਾ ਹਿੱਸਾ ਗੁਰੂ ਜੀ ਦੇ ਜੀਵਨ ਅਤੇ ਰਚਨਾ ਨਾਲ ਸਬੰਧਿਤ ਸੀ ਜਿਸ ਵਿਚ ਪੰਜ ਵਿਦਵਾਨਾਂ ਵੱਲੋਂ ਆਪਣੇ ਪੇਪਰ ਪੇਸ਼ ਕੀਤੇ ਗਏ। ਡਾ. ਦਵਿੰਦਰ ਸਿੰਘ ਸੇਖੋਂ ਨੇ ਆਪਣੇ ਪੇਪਰ ਵਿਚ ਗੁਰੂ ਜੀ ਦੀ ਸਮੁੱਚੀ ਬਾਣੀ ਬਾਰੇ ਚਰਚਾ ਕੀਤੀ ਅਤੇ ਬਾਣੀ ਦੇ ਬਿਓਰੇ ਦੇ ਨਾਲ ਨਾਲ ਸਬੰਧਿਤ ਰਾਗਾਂ ਅਤੇ ਵਰਤੀ ਗਈ ਭਾਸ਼ਾ ਬਾਰੇ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਵੱਲੋਂ ਬਾਣੀ ਵਿਚਲੀ ਸਿੱਖਿਆ ਦਾ ਵੀ ਭਾਵਪੂਰਤ ਵਰਨਣ ਕੀਤਾ ਗਿਆ। ਪੂਰਨ ਸਿੰਘ ਪਾਂਧੀ ਹੁਰਾਂ ਨੇ ਗੁਰੂ ਜੀ ਦੇ ਜੀਵਨ ਫ਼ਲਸਫ਼ੇ, ਸਿਧਾਂਤ ਅਤੇ ਉਨ੍ਹਾਂ ਵੱਲੋਂ ਰਚਿਤ ਬਾਣੀ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਸਾਨੂੰ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਨਾ ਕਿਸੇ ਕੋਲੋਂ ਡਰਨਾ ਚਾਹੀਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਣਾ ਚਾਹੀਦਾ ਹੈ। ਡਾ. ਡੀ.ਪੀ. ਸਿੰਘ ਨੇ ਗੁਰੂ ਜੀ ਦੇ ਜੀਵਨ ਸਮਾਚਾਰ ਦੱਸਣ ਦੇ ਨਾਲ ਨਾਲ ਉਨ੍ਹਾਂ ਨਾਲ ਸਬੰਧਿਤ ਗੁਰਦੁਆਰਿਆਂ ਨੂੰ ਵੀ ਪਾਵਰ-ਪੁਆਇੰਟ ਰਾਹੀਂ ਪ੍ਰਦਰਸ਼ਿਤ ਕੀਤਾ। ਡਾ. ਗੁਰਨਾਮ ਕੌਰ ਨੇ ਗੁਰੂ ਜੀ ਦੇ ਉਪਦੇਸ਼ਾਂ ਦਾ ਸਦਾਚਾਰਕ ਪੱਖ ਉਜਾਗਰ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਮਨੁੱਖ ਨੂੰ ਸੱਚਾ-ਸੁੱਚਾ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੱਤੀ ਗਈ ਹੈ ਅਤੇ ਗੁਰੂ ਜੀ ਦੀ ਰਚਨਾ ਸਾਨੂੰ ਇਹ ਵੀ ਸਮਝਾਉਂਦੀ ਹੈ ਕਿ ਇਹ ਜੱਗ ਸਦੀਵੀ ਨਹੀਂ ਹੈ ਅਤੇ ਮਨੁੱਖ ਨਾਸ਼ਵਾਨ ਹੈ ਜੋ ਕਿ ਜੀਵਨ ਦੀ ਅਟੱਲ ਸੱਚਾਈ ਹੈ। ਏਸੇ ਤਰ੍ਹਾਂ ਪਿਆਰਾ ਸਿੰਘ ਕੁੱਦੋਵਾਲ ਵੱਲੋਂ ਆਪਣੇ ਪੇਪਰ ਵਿਚ ਗੁਰੂ ਜੀ ਦੀ ਰਚਨਾ ਵਿਚ 'ਬਿਸਰਾਮ' ਦੇ ਸੰਕਲਪ 'ਤੇ ਚਰਚਾ ਕੀਤੀ ਗਈ। ਇਨ੍ਹਾਂ ਪੇਪਰਾਂ ਉੱਪਰ ਟਿੱਪਣੀ ਕਰਦੇ ਹੋਏ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਕਿਹਾ ਕਿ ਸਾਰੇ ਉੱਚ-ਕੋਟੀ ਵਿਦਵਾਨਾਂ ਨੇ ਬੜੀ ਸਪੱਸ਼ਟਤਾ ਨਾਲ ਗੁਰੂ ਜੀ ਦੇ ਜੀਵਨ ਅਤੇ ਰਚਨਾ ਦੇ ਵੱਖ-ਵੱਖ ਪਹਿਲੂਆਂ ਉੱਪਰ ਰੌਸ਼ਨੀ ਪਾਈ ਹੈ। ਉਨ੍ਹਾ ਕਿਹਾ ਕਿ ਗੁਰੂ ਜੀ ਦੀ ਕੁਰਬਾਨੀ ਵਿਲੱਖਣ ਹੈ ਤੇ ਇਹ ਮਨੁੱਖਤਾ ਲਈ ਕੀਤਾ ਗਿਆ ਮਹਾਨ ਬਲੀਦਾਨ ਹੈ, ਅਤੇ ਇਸ ਤਰ੍ਹਾਂ ਉਹ ਦੁਨੀਆਂ-ਭਰ ਵਿਚ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸਮਝੇ ਜਾ ਸਕਦੇ ਹਨ।

ਸੈਮੀਨਾਰ ਦਾ ਦੂਸਰਾ ਭਾਗ ਦਿੱਲੀ ਵਿਚ ਚੱਲ ਰਹੇ ਵਰਤਮਾਨ ਕਿਸਾਨੀ ਅੰਦੋਲਨ ਨਾਲ ਸਬੰਧਿਤ ਸੀ ਅਤੇ ਇਸ ਵਿਚ ਵੀ ਪੰਜ ਵਿਦਵਾਨਾਂ ਵੱਲੋਂ ਆਪਣੇ ਪੇਪਰ ਪੇਸ਼ ਕੀਤੇ ਗਏ। ਪਹਿਲਾ ਪੇਪਰ ਜੀਟੀਏ ਦੇ ਜਾਣੇ-ਪਛਾਣੇ ਵਿਦਵਾਨ ਦੇਵ ਦੂਹੜੇ ਦਾ ਸੀ ਜਿਸ ਵਿਚ ਕੋਆਪ੍ਰੇਟਿਵ ਖੇਤੀ ਮਾਡਲ ਦੀ ਚਰਚਾ ਕੀਤੀ ਗਈ। ਉਨ੍ਹਾਂ ਦਾ ਮੱਤ ਸੀ ਕਿ ਹੁਣ ਪੰਜਾਬ ਵਿਚ ਜ਼ਮੀਨਾਂ ਦੀ ਮਾਲਕੀਅਤ ਬਹੁਤ ਘੱਟ ਹੋਣ ਕਾਰਨ ਵਰਤਮਾਨ ਖੇਤੀ ਮਾਡਲ ਪ੍ਰਸੰਗਿਕ ਨਹੀਂ ਰਿਹਾ ਅਤੇ ਕੈਨੇਡਾ ਵਿਚਲਾ ਸਾਂਝੀ ਖੇਤੀ ਦਾ ਮਾਡਲ ਅਪਨਾਅ ਕੇ ਪੰਜਾਬ ਦੇ ਖੇਤੀ ਸੰਕਟ ਨੂੰ ਹੱਲ ਕੀਤਾ ਜਾ ਸਕਦਾ ਹੈ। ਦੂਜਾ ਪੇਪਰ ਡਾ. ਕੰਵਲਜੀਤ ਕੌਰ ਗਿੱਲ ਦਾ ਸੀ ਜਿਸ ਵਿਚ ਉਨ੍ਹਾ ਨੇ ਵਰਤਮਾਨ ਕਿਸਾਨੀ ਅੰਦੋਲਨ ਵਿਚ ਔਰਤਾਂ ਦੇ ਵਿਸ਼ੇਸ਼ ਯੋਗਦਾਨ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਸੰਘਰਸ਼ ਵਿਚ ਬੀਬੀਆਂ ਵੱਡੀ ਗਿਣਤੀ ਵਿਚ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੁੱਦੀਆਂ ਹਨ। ਔਰਤਾਂ ਦੀ ਵਰਤਮਾਨ ਸਥਿਤੀ ਦੇ ਸੰਦਰਭ ਵਿਚ ਮਰਦਮ-ਸ਼ੁਮਾਰੀ ਦੇ ਅੰਕੜਿਆਂ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਅਜੇ ਭਾਰਤ ਦੇ ਬਹੁਤ ਸਾਰੇ ਰਾਜਾਂ, ਖ਼ਾਸ ਕਰਕੇ ਪੰਜਾਬ ਅਤੇ ਹਰਿਆਣੇ ਵਿਚ ਔਰਤਾਂ ਦਾ ਅਨੁਪਾਤ ਕਾਫ਼ੀ ਘੱਟ ਹੈ ਜਿਸ ਲਈ ਜਜਾਗਰੂਕ ਹੋਣ ਦੀ ਲੋੜ ਹੈ। ਪ੍ਰੋ. ਜਗੀਰ ਸਿੰਘ ਕਾਹਲੋਂ ਨੇ 'ਵਰਤਮਾਨ ਕਿਸਾਨੀ ਅੰਦੋਲਨ ਤੇ ਪਰਵਾਸੀ ਸਰੋਕਾਰ' ਦੇ ਸਿਰਲੇਖ ਹੇਠ ਆਪਣੇ ਪੇਪਰ ਵਿਚ ਦੱਸਿਆ ਕਿ ਪੰਜਾਬ ਵਿਚ ਚੱਲੇ ਵੱਖ-ਵੱਖ ਕਿਸਾਨੀ ਅੰਦੋਲਨਾਂ ਦਾ ਵਿਰਸਾ ਪੰਜਾਬੀਆਂ ਕੋਲ ਹੋਣ ਕਰਕੇ ਵਿਦੇਸ਼ਾਂ ਵਿਚ ਪੰਜਾਬੀ ਪਰਵਾਸੀ ਵਿਸ਼ੇਸ਼ ਕਰਕੇ ਇਸ ਅੰਦੋਲਨ ਵੱਲ ਖਿੱਚੇ ਗਏ। ਉਨ੍ਹਾਂ ਕਿਹਾ ਕਿ ਪੰਜਾਬੀ ਅਤੇ ਵਿਸ਼ੇਸ਼ ਕਰਕੇ ਸਿੱਖ ਗੁਰੂ ਨਾਨਕ ਦੇਵ ਜੀ ਦੇ ਕਿਸਾਨੀ ਜੀਵਨ, ਪੱਗੜੀ ਸੰਭਾਲ ਜੱਟ, ਮਾਲਵੇ ਦੀ ਮੁਜਾਰਾ ਲਹਿਰ, ਛੀਨੇ ਦਾ ਮੋਗਾ ਮੋਰਚਾ, ਖ਼ੁਸ਼ ਹੈਸੀਅਤ ਟੈਕਸ ਵਿਰੁੱਧ ਮੋਰਚਾ, ਗ਼ਦਰ ਪਾਰਟੀ ਅਤੇ ਹੋਰ ਕਿਸਾਨੀ ਲਹਿਰਾਂ ਦੀ ਵਿਰਾਸਤ ਤੋਂ ਪ੍ਰਭਾਵਿਤ ਹੋਏ। ਇਸ ਦੇ ਨਾਲ ਹੀ ਉਨਾਂ ਨੇ ਜੀਟੀਏ ਵਿਚ ਕਿਸਾਨ ਹਮਾਇਤੀ ਗਰੁੱਪ ਦੀ ਅਗਵਾਈ ਵਿਚ ਪਰਵਾਸੀਆਂ ਵੱਲੋਂ ਕੀਤੀਆਂ ਗਈਆਂ ਸਰਗ਼ਰਮੀਆਂ ਬਾਰੇ ਵੀ ਚਰਚਾ ਕੀਤੀ।

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਜੋਗਿੰਦਰ ਸਿੰਘ ਤੂਰ ਨੇ ਆਪਣੇ ਪੇਪਰ ਵਿਚ ਕਾਨੂੰਨੀ ਨੁਕਤਾ-ਨਿਗਾਹ ਤੋਂ ਕਿਸਾਨ ਸੰਘਰਸ਼ ਦੀ ਵਿਆਖਿਆ ਕਰਦਿਆਂ ਕਿਹਾ ਕਿ ਖੇਤੀਬਾੜੀ ਸੈੱਕਟਰ ਸਰਕਾਰ ਦੇ ਅਧਿਕਾਰ-ਖੇਤਰ ਵਿਚ ਨਹੀਂ ਆਉਂਦਾ। ਇੱਥੇ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਤੂਰ ਸਾਹਿਬ ਵੱਲੋਂ ਪਿਛਲੇ ਦਿਨੀਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਕਿਤਾਬਚਾ "ਖੇਤੀ ਕਾਨੂੰਨਾਂ ਵਿਚ ਕਾਲ਼ਾ ਕੀ ਹੈ" ਸਿਰਲੇਖ ਹੇਠ ਤਿਆਰ ਕੀਤਾ ਗਿਆ ਜਿਸ ਦੀ ਅਖ਼ਬਾਰਾਂ ਵਿਚ ਬੜੀ ਚਰਚਾ ਹੋਈ ਸੀ ਅਤੇ ਲੱਖਾਂ ਲੋਕਾਂ ਨੇ ਇਸ ਨੂੰ ਪੜ੍ਹ ਕੇ ਖੇਤੀ ਕਾਨੂੰਨਾਂ ਬਾਰੇ ਜਾਣਕਾਰੀ ਹਾਸਲ ਕੀਤੀ ਸੀ। ਉੱਘੇ ਅਰਥ-ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਵਰਤਮਾਨ ਕਿਸਾਨੀ ਸੰਘਰਸ਼ ਦੇ ਇਤਿਹਾਸਕ ਪਰਿਪੇਖ ਨੂੰ ਪੇਸ਼ ਕਰਦਿਆਂ ਦੱਸਿਆ ਕਿ ਇਸ ਅੰਦੋਲਨ ਨੇ ਤਿੰਨ ਕਾਲ਼ੇ ਕਾਨੂੰਨ ਵਾਪਸ ਕਰਵਾਉਣ ਕਰਵਾਉਣ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ ਜਿਨ੍ਹਾਂ ਦਾ ਆਉਣ ਵਾਲੇ ਸਾਲਾਂ ਵਿਚ ਪੰਜਾਬੀ ਅਤੇ ਭਾਰਤੀ ਜਨ-ਮਾਣਸ ਦੇ ਮਨਾਂ ਉੱਪਰ ਗਹਿਰਾ ਪ੍ਰਭਾਵ ਪਵੇਗਾ। ਇਸ ਅੰਦੋਲਨ ਨੂੰ 'ਜਨ-ਅੰਦੋਲਨ' ਕਰਾਰ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਇਸ ਵਿਚ ਜਿੱਥੇ ਸਮਾਜ ਦੇ ਹਰੇਕ ਵਰਗ ਨੇ ਭਾਗ ਲਿਆ, ਉੱਥੇ ਇਸ ਦੀ ਵਿਸ਼ਾਲਤਾ ਇਸ ਹੱਦ ਤੀਕ ਹੋ ਗਈ ਹੈ ਕਿ ਇਸ ਨੂੰ 'ਭਾਰਤੀ ਗਣਰਾਜ ਦੇ ਰਖਵਾਲੇ' ਵਜੋਂ ਵੀ ਵੇਖਿਆ ਗਿਆ ਹੈ। ਇਨ੍ਹਾਂ ਪੇਪਰਾਂ 'ਤੇ ਟਿੱਪਣੀ ਕਰਦਿਆਂ ਹੋਇਆਂ ਪ੍ਰਿੰਸੀਪਲ ਸਰਵਣ ਸਿੰਘ ਨੇ ਕਿਹਾ ਕਿ ਇਹ ਸੈਮੀਨਾਰ ਇਕ ਵਿਲੱਖਣ ਸੈਮੀਨਾਰ ਹੈ ਜਿਸ ਨੇ ਇਕ ਵਿਸ਼ੇਸ਼ ਪੱਧਰ ਸਥਾਪਿਤ ਕਰ ਦਿੱਤਾ ਹੈ। ਸੈਮੀਨਾਰ ਦੇ ਇਨ੍ਹਾਂ ਦੋਹਾਂ ਭਾਗਾਂ ਦਾ ਸੰਚਾਲਨ ਕ੍ਰਮਵਾਰ ਪ੍ਰਬੰਧਕੀ ਕਮੇਟੀ ਦੀ ਉਪ-ਪ੍ਰਧਾਨ ਸੁਰਜੀਤ ਕੌਰ ਅਤੇ ਸੰਯੁਕਤ ਸਕੱਤਰ ਡਾ. ਅਮਰਦੀਪ ਸਿੰਘ ਬਿੰਦਰਾ ਵੱਲੋਂ ਕੀਤਾ ਗਿਆ।

ਸੈਮੀਨਾਰ ਦੀ ਸਮਾਪਤੀ ਉਪਰੰਤ ਕਵੀ-ਦਰਬਾਰ ਵੀ ਹੋਇਆ ਜਿਸ ਵਿਚ ਹੀਰਾ ਧਾਲੀਵਾਲ, ਹਰਜੀਤ ਬਾਜਵਾ, ਰਣਜੀਤ ਕੌਰ ਪਰਵਿੰਦਰ ਗੋਗੀ, ਸੁਖਚਰਨ ਗਿੱਲ, ਸੋਨੀਆ ਸ਼ਰਮਾ, ਪਰਮਜੀਤ ਦਿਓਲ, ਸੁਰਜੀਤ ਕੌਰ, ਜਗੀਰ ਸਿੰਘ ਕਾਹਲੋਂ, ਮੇਜਰ ਨਾਗਰਾ, ਸਤਪਾਲ ਕੌਰ ਬਿੰਦਰਾ,ਹਰਦਿਆਲ ਝੀਤਾ ਤੇ ਹੋਰਨਾਂ ਵੱਲੋਂ ਭਾਗ ਲਿਆ ਗਿਆ। ਇਸ ਦੀ ਮੰਚ-ਸੰਚਾਲਨਾ ਪਿਆਰਾ ਸਿੰਘ ਕੁੱਦੋਵਾਲ ਵੱਲੋਂ ਕੀਤੀ ਗਈ। ਵੱਡੀ ਗਿਣਤੀ ਵਿਚ ਪਹੁੰਚੇ ਸਰੋਤਿਆਂ ਲਈ ਪ੍ਰਬੰਧਕਾਂ ਵੱਲੋਂ ਬਰੇਕ-ਫ਼ਾਸਟ, ਲੰਚ ਤੇ ਡਿਨਰ ਦਾ ਪ੍ਰਬੰਧ ਕੀਤਾ ਗਿਆ। ਕਮੇਟੀ ਦੇ ਮੀਡੀਆ-ਸਕੱਤਰ ਚਮਕੌਰ ਸਿੰਘ ਮਾਛੀਕੇ ਅਤੇ ਜੱਸ ਬਰਾੜ ਵੱਲੋਂ ਇਸ ਸੈਮੀਨਾਰ ਨੂੰ ਫੇਸਬੁੱਕ 'ਤੇ ਲਾਈਵ ਟੈਲੀਕਾਸਟ ਕੀਤਾ ਗਿਆ। ਇਹ ਸੈਮੀਨਾਰ ਜਿੱਥੇ ਸਰੋਤਿਆਂ ਦੇ ਚੇਤਿਆਂ ਵਿਚ ਦੇਰ ਤੱਕ ਵੱਸਿਆ ਰਹੇਗਾ, ਉੱਥੇ ਆਉਣ ਵਾਲੇ ਸਮੇਂ ਵਿਚ ਇਹ ਸੈਮੀਨਾਰ ਆਯੋਜਕਾਂ ਲਈ ਇਕ ਵਿਸ਼ੇਸ਼ ਪੱਧਰ ਵੀ ਸਥਾਪਿਤ ਕਰ ਗਿਆ ਹੈ।

## -ਹਲਕਾ-ਫੁਲਕਾ-

ਡਾਕਟਰ ਆਪਣੀ ਪਤਨੀ ਅਤੇ ਬੱਚਿਆਂ ਨਾਲ ਆਰਾਮ ਨਾਲ ਸੌਂ ਰਿਹਾ ਸੀ ਕਿ ਅਚਾਨਕ ਫ਼ੋਨ ਆਇਆ।

ਆਦਮੀ, ''ਡਾਕਟਰ ਸਾਹਿਬ, ਜੋ ਦਵਾਈ ਤੁਸੀਂ ਮੈਨੂੰ ਦਿੱਤੀ ਸੀ, ਉਸ ਨਾਲ ਮੇਰੀ ਉਲਟੀਆਂ ਬੰਦ ਹੋ ਗਈਆਂ, ਪਰ ਸਾਹ ਬਹੁਤ ਤੇਜ਼ ਚੱਲ ਰਿਹਾ ਹੈ।

ਡਾਕਟਰ (ਗੁੱਸੇ ਨਾਲ), ''ਚਿੰਤਾ ਨਾ ਕਰੋ, ਸਵੇਰ ਤੱਕ ਉਹ ਵੀ ਬੰਦ ਹੋ ਜਾਵੇਗਾ।

## ਮੋਦੀ ਸਰਕਾਰ ਨੂੰ ਵਹਿਮ ਹੋ ਗਿਆ ਸੀ ਕਿ ਉਹ ਬਹੁਤ ਉਚੀ ਉਡਾਣ ਭਰ ਰਹੀ ਹੈ

-ਆਕਾਰ ਪਟੇਲ-

ਇਹ ਮਹੀਨਾ ਦੋ ਸਾਲ ਪਹਿਲਾਂ ਹੋਈ ਸ਼ੁਰੂਆਤ ਦੀ ਨਿਸ਼ਾਨਦੇਹੀ ਕਰਦਾ ਹੈ ਜਦੋਂ ਸਰਕਾਰ ਆਪਣਾ ਰਸਤਾ ਭਟਕ ਗਈ ਸੀ। ਦਸੰਬਰ 2019 ਤੋਂ ਦਸੰਬਰ 2021 ਤੱਕ ਦੇ ਸਮਾਂ ਕਾਲ ਬਾਰੇ ਵਖਰੇਵਾਂ ਚੀਜ਼ ਇਹ ਹੈ ਕਿ ਇਸ ਤੋਂ ਪਹਿਲਾਂ ਮੋਦੀ ਸਰਕਾਰ ਇਹ ਸੋਚਦੀ ਸੀ ਕਿ ਉਹ ਬੜੀ ਉਚੀ ਉਡਾਣ ਭਰ ਰਹੀ ਹੈ। ਇਸ ਨੇ ਉਹ ਤਿੰਨ ਚੀਜ਼ਾਂ ਕੀਤੀਆਂ, ਜਿਨ੍ਹਾਂ ਬਾਰੇ ਦਹਾਕਿਆਂ ਤੋਂ ਬੜੇ ਜ਼ੋਰਦਾਰ ਢੰਗ ਨਾਲ ਪ੍ਰਚਾਰ ਕਰ ਰਹੀ ਸੀ। ਟ੍ਰਿਪਲ ਤਲਾਕ ਨੂੰ ਅਪਰਾਧ ਬਣਾਉਣ ਵਾਲਾ ਕੰਮ 1 ਅਗਸਤ 2019 ਨੂੰ ਆਇਆ। ਸੁਪਰੀਮ ਕੋਰਟ ਪਹਿਲਾਂ ਹੀ ਟ੍ਰਿਪਲ ਤਲਾਕ ਨੂੰ ਅਯੋਗ ਐਲਾਨ ਕਰ ਚੁੱਕੀ ਸੀ। ਇਸ ਲਈ ਕੋਈ ਕਾਰਨ ਨਹੀਂ ਸੀ ਕਿ ਸਰਕਾਰ ਇਸ ਨੂੰ ਅਪਰਾਧ ਦੀ ਸ਼੍ਰੇਣੀ ਵਿਚ ਲਿਆਉਂਦੀ। ਪਰ ਕਿਸੇ ਵੀ ਤਰ੍ਹਾਂ ਅਜਿਹਾ ਕੀਤਾ ਗਿਆ। ਚਾਰ ਦਿਨ ਬਾਅਦ 5 ਅਗਸਤ ਨੂੰ ਕਸ਼ਮੀਰ ਦੀ ਖੁਦਮੁਖਤਾਰੀ ਖੋਹ ਲਈ, ਜੋ ਕਥਿਤ ਤੌਰ ਉੱਤੇ ਇਸ ਦੇ ਕੋਲ ਸੀ ਅਤੇ ਧਾਰਾ 370 ਨੂੰ ਰੱਦ ਕਰ ਦਿੱਤਾ ਗਿਆ। ਪਹਿਲਾਂ ਇਸ ਸਾਲ ਵਿੱਚ ਬਾਲਾਕੋਟ ਸਟ੍ਰਾਈਕਸ ਨੇ ਸਪੱਸ਼ਟ ਤੌਰ ਉੱਤੇ ਭਾਰਤ ਦੀਆਂ ਰਾਸ਼ਟਰੀ ਸੁਰੱਖਿਆ ਸਮੱਸਿਆਵਾਂ ਦਾ ਹੱਲ ਕਰ ਦਿੱਤਾ।



9 ਨਵੰਬਰ ਨੂੰ ਸੁਪਰੀਮ ਕੋਰਟ ਨੇ ਤਿੰਨ ਦਹਾਕਿਆਂ ਤੋਂ ਸਸਪੈਂਡ ਬਾਬਰੀ ਮਸਜਿਦ ਮੁੱਦੇ ਉੱਤੇ ਹਿੰਦੂ ਸੰਗਠਨਾਂ ਦੇ ਪੱਖ ਵਿੱਚ ਫੈਸਲਾ ਕੀਤਾ। ਅਮਿਤ ਸ਼ਾਹ ਦੇ ਪਾਰਲੀਮੈਂਟ ਨੂੰ ਇਹ ਭਰੋਸਾ ਦੇਣ ਦੇ ਬਾਅਦ ਕਿ ਦੇਸ਼ ਵਿਆਪੀ ਰਾਸ਼ਟਰੀ ਨਾਗਰਿਕਤਾ ਰਜਿਸਟਰ ਉੱਤੇ ਕੰਮ ਜਾਰੀ ਹੈ, 11 ਦਸੰਬਰ ਨੂੰ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ ਪਾਸ ਕਰ ਦਿੱਤਾ। ਚਾਰ ਦਿਨ ਬਾਅਦ 15 ਦਸੰਬਰ 2019 ਨੂੰ ਸ਼ਾਹੀਨ ਬਾਗ ਰੋ ਵਿਖਾਵੇ ਸ਼ੁਰੂ ਹੋ ਗਏ। ਇਨ੍ਹਾਂ ਨਾਲ ਪੱਖਪਾਤੀ ਕਾਨੂੰਨਾਂ ਦੇ ਵਿਰੁੱਧ ਰਾਸ਼ਟਰ ਪੱਧਰੀ ਅੰਦੋਲਨ ਦੀ ਸ਼ੁਰੂਆਤ ਹੋਈ। ਇਸ ਦੇ ਬਾਅਦ ਸਰਕਾਰ ਆਪਣਾ ਏਜੰਡਾ ਲਾਗੂ ਕਰਨ ਵਿੱਚ ਸਮਰੱਥ ਨਹੀਂ ਰਹੀ ਤੇ ਇਹ ਦੇਖਣਾ ਹੈਰਾਨੀਜਨਕ ਹੈ ਕਿ ਸ਼ਾਹੀਨ ਬਾਗ ਤੋਂ ਪਹਿਲਾਂ ਦੇ 9 ਮਹੀਨੇ ਦੀ ਤੁਲਨਾ ਵਿੱਚ ਅੱਗੇ ਦੋ ਸਾਲਾਂ ਤੋਂ ਕੀ ਹੋਇਆ। ਯਕੀਨੀ ਤੌਰ ਉੱਤੇ ਐਨ ਆਰ ਸੀ ਨੂੰ ਤਾਕ ਉੱਤੇ ਰੱਖਣ ਦੇ ਬਾਅਦ ਅਗਲਾ ਕਦਮ ਵਾਪਸ ਖਿੱਚਿਆ ਗਿਆ। ਦੇਸ਼ ਵਿੱਚ ਵਿਧਾਨ ਸਭਾਵਾਂ ਨੇ ਐਨ ਐਰ ਸੀ ਦੇ ਵਿਰੁੱਧ ਮਤੇ ਪਾਸ ਕੀਤੇ। ਇਨ੍ਹਾਂ ਵਿੱਚੋਂ ਆਖਰੀ ਸੀ 20 ਫਰਵਰੀ ਨੂੰ ਬਿਹਾਰ ਵੱਲੋਂ, ਜਿੱਥੇ ਭਾਜਪਾ ਵਿਧਾਇਕਾਂ ਨੇ ਉਸ ਮਤੇ ਦੇ ਵਿਰੁੱਧ ਇਕਮਤ ਹੋ ਕੇ ਵਿਰੋਧ ਪ੍ਰਗਟਾਇਆ ਜਿਸ ਦੇ ਬਾਰੇ ਸ਼ਾਹ ਨੇ ਵਾਅਦਾ ਕੀਤਾ ਸੀ ਕਿ ਪਾਰਲੀਮੈਂਟ ਵਿੱਚ ਆ ਰਿਹਾ ਹੈ।

ਸ਼ਾਹੀਨ ਬਾਗ ਰੋਸ ਵਿਖਾਵੇ ਅਗਲੇ ਮਹੀਨੇ ਖਤਮ ਹੋ ਗਏ ਪਰ ਜਿੱਤ ਪਹਿਲਾਂ ਹਾਸਲ ਕਰ ਲਈ ਗਈ ਸੀ। ਦਿੱਲੀ ਵਿੱਚ ਹੋਈ ਤਬਾਹੀ ਤੇ ਅਨੁਰਾਗ ਕਸ਼ਯਪ ਅਤੇ ਕਪਿਲ ਮਿਸ਼ਰਾ ਵਰਗੀਆਂ ਹਸਤੀਆਂ ਦਾ ਗੁੱਸਾ ਦਰਸਾਉਂਦਾ ਹੈ ਕਿ ਲੱਗੀ ਸੱਟ ਨਾਲ ਸਰਕਾਰ ਕਿੰਨੀ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ। ਮਾਰਚ ਵਿੱਚ ਮਹਾਮਾਰੀ ਸ਼ੁਰੂ ਹੋ ਗਈ ਅਤੇ ਲਾਕਡਾਊਨ ਨੇ ਭਾਰਤੀ ਅਰਥ ਵਿਵਸਥਾ ਨੂੰ ਚੌਪਟ ਕਰ ਦਿੱਤਾ। ਪ੍ਰਤੀ ਵਿਅਕਤੀ ਜੀ ਡੀ ਪੀ ਬੰਗਲਾ ਦੇਸ਼ ਤੋਂ ਪਿੱਛੇ ਚਲੀ ਗਈ, ਵਿੱਤੀ ਘਾਟਾ ਬਹੁਤ ਜ਼ਿਆਦਾ ਹੋ ਗਿਆ ਅਤੇ ਤਣਾਅ ਗ੍ਰਸਤ ਸਰਕਾਰ ਨੇ ਪ੍ਰਸ਼ਾਸਨ ਦੀਆਂ ਲਾਗਤਾਂ ਨੂੰ ਪੈਟਰੋਲ ਤੇ ਡੀਜ਼ਲ ਉੱਤੇ ਤਸੀਹੇ ਪੂਰਨ ਟੈਕਸਾਂ ਰਾਹੀਂ ਸਾਰੇ ਭਾਰਤੀਆਂ ਉੱਤੇ ਲੱਦ ਦਿੱਤਾ। ਲਾਕਡਾਊਨ ਦਾ ਅਸਰ ਵਿੱਤੀ ਸਾਲ 2020-21 ਦੇ ਪੂਰੇ 12 ਮਹੀਨਿਆਂ ਤੱਕ ਮਹਿਸੂਸ ਕੀਤਾ ਗਿਆ ਅਤੇ ਅਜੇ ਵੀ ਅਸੀਂ ਇਸ ਤੋਂ ਉਭਰਨਾ ਹੈ।

ਮਹਾਮਾਰੀ ਦੌਰਾਨ 23 ਕਰੋੜ ਭਾਰਤੀ ਗ਼ਰੀਬੀ ਵਿੱਚ ਡੁੱਬ ਗਏ ਅਤੇ ਬੇਰੋਜ਼ਗਾਰੀ ਦੀ ਦਰ ਜੋ 1947 ਦੇ ਬਾਅਦ ਪਹਿਲਾਂ ਹੀ 2018 ਤੱਕ 6 ਫ਼ੀਸਦੀ ਦੀ ਉਚਾਈ ਤੱਕ ਪਹੁੰਚ ਗਈ ਸੀ, ਉਥੇ ਹੀ ਰਹੀ। ਜੂਨ 2020 ਵਿੱਚ ਮਹਾਮਾਰੀ ਦੌਰਾਨ ਖੇਤੀ ਆਰਡੀਨੈਂਸ ਪਾਸ ਕੀਤੇ ਗਏ। ਸਤੰਬਰ ਵਿੱਚ ਬਿਨਾਂ ਵੋਟਾਂ ਦੇ ਪਾਰਲੀਮੈਂਟ ਵਿੱਚ ਬਿੱਲ ਪਾਸ ਕਰਵਾ ਦਿੱਤੇ ਗਏ। ਨਵੰਬਰ ਦੇ ਅਖੀਰ ਵਿੱਚ ਕਿਸਾਨ ਦਿੱਲੀ ਦੇ ਬਹਾਰੀ ਇਲਾਕਿਆਂ ਵਿੱਚ ਪਹੁੰਚ ਗਏ ਅਤੇ ਅੱਜ ਵੀ ਉਥੇ ਡਟੇ ਹੋਏ ਹਨ। ਬਿਨਾਂ ਸ਼ੱਕ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈ ਲਏ ਹਨ, ਪਰ ਉਹ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇ ਮਾਮਲੇ ਵਿੱਚ ਸੰਕਟ ਦਾ ਸਾਹਮਣਾ ਕਰ ਰਹੀ ਹੈ। ਉਹ ਅੰਦੋਲਨ ਦੇ ਸਿੱਟਿਆਂ ਬਾਰੇ ਵੀ ਚਿੰਤਤ ਹੈ, ਖਾਸ ਕਰ ਕੇ ਪੱਛਮੀ ਉਤਰ ਪ੍ਰਦੇਸ਼ ਦੇ ਕਿਸਾਨਾਂ ਵਿੱਚ ਕਿਉਂਕਿ ਕੁਝ ਹੀ ਮਹੀਨਿਆਂ ਬਾਅਦ ਇਸ ਸੂਬੇ ਵਿੱਚ ਚੋਣਾਂ ਹੋਣ ਵਾਲੀਆਂ ਹਨ।

ਰਾਸ਼ਟਰਪਤੀ ਚੋਣਾਂ ਵਿੱਚ ਮੋਦੀ ਦੇ ਮਿੱਤਰ ਟਰੰਪ ਨੂੰ ਹਰਾਉਣ ਪਿੱਛੋਂ ਜਨਵਰੀ ਵਿੱਚ ਬਾਈਡੇਨ ਪ੍ਰਸ਼ਾਸਨ ਨੇ ਸਹੁੰ ਚੁੱਕੀ (ਜਾਪਾਨ ਦੇ ਏਬੇ ਵਰਗੇ ਇੱਕ ਹੋਰ ਮਿੱਤਰ ਵੀ ਸਾਥ ਛੱਡ ਗਏ)। ਕੁਝ ਦਿਨ ਬਾਅਦ ਭਾਰਤ ਨੇ ਬਾਈਡੇਨ ਦੇ ਲੋਕਤੰਤਰ ਦੇ ਦਬਾਅ ਦੇ ਡਰੋਂ ਕਸ਼ਮੀਰੀਆਂ ਉੱਤੇ 17 ਮਹੀਨਿਆਂ ਤੱਕ ਜਾਰੀ ਇੰਟਰਨੈਟ ਦੀ ਰੋਕ ਹਟਾ ਦਿੱਤੀ।

ਮਈ 2020 ਵਿੱਚ ਭਾਰਤ ਨੂੰ ਦੱਸਿਆ ਗਿਆ ਕਿ ਚੀਨੀ ਹਮਲਾਵਰ ਵਜੋਂ ਲੱਦਾਖ ਵਿੱਚ ਅੱਗੇ ਵਧ ਰਹੇ ਹਨ। ਬੀਤੇ ਸਾਲ 15 ਜੂਨ ਨੂੰ ਦੋਵਾਂ ਧਿਰਾਂ ਵਿਚਾਲੇ ਡਾਂਗਾਂ ਅਤੇ ਪੱਥਰਾਂ ਨਾਲ ਝੜਪ ਹੋਈ ਅਤੇ 20 ਭਾਰਤੀਆਂ ਨੇ ਜਾਨ ਗਵਾ ਲਈ। ਸਰਹੱਦ ਦੇ ਨਾਲ ਸਥਿਤੀ ਤਣਾਅ ਪੂਰਨ ਬਣੀ ਹੋਈ ਹੈ ਤੇ ਸਰਕਾਰ ਨੇ ਅਚਾਨਕ ਕੰਟਰੋਲ ਰੇਖਾ ਉੱਤੇ ਪਾਕਿਸਤਾਨ ਦੇ ਨਾਲ ਸ਼ਾਂਤੀ ਕਾਇਮ ਕਰ ਦਿੱਤੀ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਫ਼ੌਜੀਆਂ ਨੂੰ ਚੀਨ ਵੱਲ ਭੇਜ ਦਿੱਤਾ। ਅਜਿਹਾ ਮੰਨਿਆ ਜਾਂਦਾ ਸੀ ਕਿ ਕੌਮੀ ਸੁਰੱਖਿਆ ਦੀ ਸਮੱਸਿਆ ਬਾਲਾਕੋਟ ਦੇ ਬਾਅਦ ਹੱਲ ਕਰ ਲਈ ਗਈ ਜੋ ਸਪੱਸ਼ਟ ਤੌਰ ਉੱਤੇ ਕਿਸੇ ਵੀ ਤਰ੍ਹਾਂ ਸੁਲਝਾਈ ਨਹੀਂ ਜਾ ਸਕੀ। ਭਾਰਤ ਉੱਤੇ ਅਮਰੀਕਾ ਦੇ ਦੋ ਹੋਰਨਾਂ ਦੇਸ਼ਾਂ ਦੇ ਨਾਲ ਸਮੁੰਦਰੀ ਫ਼ੌਜ ਗਠਜੋੜ (ਜਿਸ ਨੂੰ ਕਵਾਡ ਕਿਹਾ ਜਾਂਦਾ ਹੈ) ਦਾ ਇਸ ਸਾਲ ਦਰਜਾ ਘਟਾ ਦਿੱਤਾ ਗਿਆ ਜਦੋਂ ਅਮਰੀਕਾ ਨੇ ਖੇਤਰ ਵਿੱਚ ਬ੍ਰਿਟੇਨ ਅਤੇ ਆਸਟ੍ਰੇਲੀਆ ਦੇ ਨਾਲ ਇੱਕ ਪੂਰਨ ਫ਼ੌਜ ਤੇ ਸਮੁੰਦਰੀ ਫ਼ੌਜੀ ਗਠਜੋੜ ਦਾ ਐਲਾਨ ਕਰ ਦਿੱਤਾ।

ਕਸ਼ਮੀਰ ਦਾ ਮੁੱਦਾ ਵੀ 'ਅਣਸੁਲਝਿਆ' ਸਾਬਤ ਹੋਇਆ। ਸੂਬੇ ਵਿੱਚ ਅੱਜ ਕੋਈ ਲੋਕਤੰਤਰ ਨਹੀਂ ਹੈ ਅਤੇ ਇਹ ਇੱਕੋ-ਇੱਕ ਭਾਰਤੀ ਸੂਬਾ/ ਕੇਂਦਰ ਸ਼ਾਸਿਤ ਸੂਬਾ ਹੈ ਜਿੱਥੇ ਕੋਈ ਚੁਣੀ ਹੋਈ ਸਰਕਾਰ ਨਹੀਂ ਜਿਵੇਂ ਅਸੀਂ ਰੋਜ਼ਾਨਾ ਦੀਆਂ ਘਟਨਾਵਾਂ ਤੇ ਅੰਕੜਿਆਂ ਨੂੰ ਦੇਖ ਸਕਦੇ ਹਾਂ। ਹਿੰਸਾ ਵਿੱਚ ਕੋਈ ਕਮੀ ਨਹੀਂ ਆਈ। ਇੱਥੋਂ ਤੱਕ ਕਿ ਇੱਥੇ ਆਬਾਦੀ ਹੋਰ ਜ਼ਿਆਦਾ ਦੁਸ਼ਮਣੀ ਵਾਲੀ ਬਣ ਗਈ ਹੈ। ਫ਼ੌਜ, ਜਿਸ ਨੂੰ ਦੋ ਕੰਮ ਸੌਂਪੇ ਗਏ: ਪਾਕਿਸਤਾਨ ਨਾਲ ਲੱਗਦੀ ਦੁਸ਼ਮਣੀ ਵਾਲੀ ਸਰਹੱਦ ਦਾ ਪ੍ਰਬੰਧ ਕਰਨਾ ਅਤੇ ਕਸ਼ਮੀਰ ਵਿੱਚ ਬਗਾਵਤ ਨਾਲ ਨਜਿੱਠਣ ਲਈ, ਫਿਰ ਤੀਸਰੀ ਪ੍ਰਮੁੱਖ ਚੀਜ਼ ਕਰਨੀ ਪੈ ਰਹੀ ਹੈ ਅਤੇ ਉਹ ਹੈ ਚੀਨ। ਇਹ ਦੇਖਣਾ ਸੌਖਾ ਨਹੀਂ ਕਿ ਕਿਵੇਂ ਸਰਕਾਰ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਦੌਰ ਵਿੱਚੋਂ ਆਸਾਨੀ ਨਾਲ ਬਾਹਰ ਨਿਕਲਦੇ ਹਨ। ਅਜਿਹੇ ਕਿਹਾ ਜਾਂਦਾ ਸੀ ਕਿ ਇਸ ਸਾਲ ਅਰਥ ਵਿਵਸਥਾ 8 ਫ਼ੀਸਦੀ ਤੋਂ ਵੱਧ ਦੀ ਦਰ ਨਾਲ ਵਧੇਗੀ ਪਰ ਕੁਲ ਜੀ ਡੀ ਪੀ ਦੀ ਦਰ ਉਥੇ ਹੀ ਵਾਪਸ ਪਹੁੰਚ ਗਈ ਹੈ ਜਿੱਥੇ ਇਹ ਮਹਾਮਾਰੀ ਤੋਂ ਪਹਿਲਾਂ ਸੀ ਹੁਣ, ਜਦੋਂ ਇਹ ਰੀਂਗਣ ਵਰਗੀ ਮੱਠੀ ਰਫ਼ਤਾਰ ਸੀ।

ਸ਼ਾਇਦ ਭਾਜਪਾ ਉਤਰ ਪ੍ਰਦੇਸ਼ ਦੀ ਚੋਣ ਜਿੱਤ ਲਵੇਗੀ ਪਰ ਉਹ ਇੱਕ ਸਿਆਸਤੀ ਜਿੱਤ ਹੋਵੇਗੀ ਅਤੇ ਅਰਥ ਵਿਵਸਥਾ ਨੂੰ ਲੈ ਕੇ ਰਾਸ਼ਟਰੀ ਸੁਰੱਖਿਆ ਅਤੇ ਅਸੰਤੁਸ਼ਟ ਕਿਸਾਨਾਂ ਅਤੇ ਘੱਟ ਗਿਣਤੀਆਂ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਬਣੀਆਂ ਰਹਿਣਗੀਆਂ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


## -ਮਿੰਨੀ ਕਹਾਣੀ-

### ਕੰਜਕਾਂ

-ਨਵਨੀਤ ਸਿੰਘ

ਅੱਜ ਨਰਾਤਿਆਂ ਦਾ ਅਖੀਰਲਾ ਦਿਨ ਹੋਣ ਕਾਰਨ ਘਰ ਜੋਤਾਂ ਜਗਾਈਆਂ ਸੀ। ਮੇਰੀ ਘਰਵਾਲੀ ਆਖਣ ਲੱਗੀ, ''ਅਸੀਂ ਕੰਜਕਾਂ ਦੇਣੀਆਂ ਨੇ। ਆਪਣੇ ਘਰ ਤਾਂ ਦੇਵੀ ਮਾਤਾ ਦੀ ਕਿਰਪਾ ਨਾਲ ਤਿੰਨ ਲੜਕੇ ਪੈਦਾ ਹੋਏ, ਜਾਓ ਗੁਆਂਢ ਵਿੱਚ ਹੋਣੀਆਂ ਧੀਆਂ ਲਿਆਓ ਆਵਾਜ਼ ਮਾਰ ਕੇ।'' ਮੈਂ ਚੁੱਪ ਕੀਤਾ ਚਲਾ ਗਿਆ। ਗੁਆਂਢ, ਇੱਕ ਘਰ, ਦੂਜਾ ਅਤੇ ਤੀਜਾ ਇਸ ਤਰ੍ਹਾਂ ਛੇ-ਸੱਤ, ਅੱਠ, ਦਸ ਘਰ ਫਿਰੇ ਕਿਧਰੇ ਕੰਜਕ ਨਜ਼ਰ ਨਹੀਂ ਆਈ, ਫਿਰ ਮੈਨੂੰ ਕਿਸੇ ਨੇ ਕਿਹਾ ਰੁਲਦੂ ਦੇ ਘਰ ਜਾ।

ਮੈਂ ਰੁਲਦੂ ਦੇ ਘਰ ਗਿਆ ਆਵਾਜ਼ ਮਾਰੀ, ''ਓ ਰੁਲਦਾ ਸਿਆਂ ਘਰੇ ਓ?''

''ਆਓ ਜੀ, ਜੀ ਆਇਆਂ ਨੂੰ ਲਾਲਾ ਜੀ, ਅੱਜ ਕਿੱਦਾਂ ਆਉਣੇ ਹੋਏ?''

''ਰੁਲਦਾ ਸਿਆਂ! ਆਪਣੀਆਂ ਗੁੱਡੀਆਂ ਨਜ਼ਰ ਨਹੀਂ ਆਉਂਦੀਆਂ ਕਿੱਥੇ ਗਈਆਂ?''

'ਜੀ ਅੱਜ ਕੰਜਕਾਂ ਸੀ ਨਾ, ਇਸ ਲਈ ਸਵੇਰ ਦਾ ਕੋਈ ਨਾ ਕੋਈ ਮੇਰੀਆਂ ਧੀਆਂ ਨੂੰ ਆਪਣੇ ਘਰੋ-ਘਰੀ ਲਿਜਾ ਰਿਹਾ ਹੈ ਤੇ ਮੈਂ ਵੀ ਮਨ੍ਹਾ ਨਹੀਂ ਕੀਤਾ ਕਿਸੇ ਨੂੰ..., ਆਖਰ ਧੀ ਤਾਂ ਸਭ ਦੀ ਸਾਂਝੀ ਹੁੰਦੀ ਐ।''

''ਅੱਛਾ ਰੁਲਦਾ ਸਿਆਂ ਤੇਰੀ ਘਰਵਾਲੀ ਨੇ ਕੰਜਕਾਂ ਦੀ ਪੂਜਾ ਕਰ ਲਈ ਜੋਤਾਂ ਜਗਾ ਲਈਆਂ?''

ਰੁਲਦਾ ਇਕਦਮ ਬੋਲਿਆ, ''ਲਾਲਾ ਜੀ ਮੇਰਾ ਤਾਂ ਵਿਆਹ ਨਹੀਂ ਹੋਇਆ, ਫਿਰ ਘਰਵਾਲੀ ਕਿੱਥੋਂ ਆਉਣੀ?''

ਮੈਂ ਕਿਹਾ, ''ਰੁਲਦਾ ਸਿਆਂ ਜੇ ਵਿਆਹ ਨਹੀਂ ਹੋਇਆ ਤਾਂ ਏਨੀਆਂ ਧੀਆਂ ਕਿੱਥੋਂ ਆਈਆਂ, ਜੋ ਤੇਰੇ ਘਰ ਨੇ?''

ਰੁਲਦੇ ਦਾ ਜਵਾਬ ਸੁਣ ਮੈਂ ਹੈਰਾਨ ਰਹਿ ਗਿਆ, ''ਲਾਲ ਜੀ, ਇਹ ਸਭ ਉਹ ਧੀਆਂ ਨੇ ਜੋ ਮੈਨੂੰ ਸੜਕ ਕਿਨਾਰੇ, ਕੋਈ ਮੰਦਰ ਦੀ ਕੰਧ ਦੇ ਪਿਛਲੇ ਪਾਸੇ, ਕੋਈ ਗੁਰਦੁਆਰੇ ਦੇ ਗੇਟ ਮੂਹਰੇ ਲੱਗੇ ਪੰਘੂੜੇ ਅਤੇ ਕੋਈ ਕੂੜੇ ਦੇ ਢੇਰ ਉੱਤੇ ਮਿਲੀ, ਇਨ੍ਹਾਂ ਨੂੰ ਕੁੱਤੇ ਨਾ ਨੋਚ ਖਾਣ ਇਸ ਲਈ ਘਰ ਲੈ ਆਉਂਦਾ ਸੀ, ਬੱਸ ਇਹ ਸਭ ਮੇਰੀਆਂ ਧੀਆਂ ਨੇ ਅਤੇ ਓਹ ਜੋ ਵੱਡੀ ਤੁਰੀ ਆਉਂਦੀ ਹੈ ਇਹ ਮੈਨੂੰ ਤਲਾਬ ਵਾਲੇ ਮੰਦਰ ਪਿੱਛੋਂ ਮਿਲੀ ਸੀ।''

ਜਦ ਰੁਲਦੇ ਨੇ ਏਨੀ ਗੱਲ ਸੁਣੀ ਤਾਂ ਮੇਰੇ ਪੈਰਾਂ ਹੇਠਾਂ ਜ਼ਮੀਨ ਖਿਸਕ ਗਈ, ਮੈਂ ਦੱਬੇ ਪੈਰੀਂ ਘਰ ਆ ਗਿਆ। ਸਾਰੀ ਗੱਲ ਘਰਵਾਲੀ ਨੂੰ ਦੱਸੀ। ਅਸੀਂ ਦੋਵੇਂ ਭੁੱਬਾਂ ਮਾਰ ਰੋਏ। ਅੱਜ ਤੋਂ ਪੰਜ ਸਾਲ ਪਹਿਲਾਂ ਜੋ ਸਾਡੇ ਘਰ ਲੜਕੀ ਪੈਦਾ ਹੋਈ ਸੀ ਤਾਂ ਅਸੀਂ ਓਹ ਲਿਫਾਫੇ ਵਿੱਚ ਬੰਨ੍ਹ ਕੇ ਮੰਦਰ ਦੇ ਪਿੱਛੇ ਸੁੱਟ ਆਏ ਸੀ। ਜੋ ਸਭ ਤੋਂ ਵੱਡੀ ਧੀ ਰੁਲਦੇ ਕੋਲ ਸੀ, ਉਹ ਕੋਈ ਹੋਰ ਨਹੀਂ, ਸਾਡੀ ਆਪਣੀ ਧੀ ਸੀ, ਸਾਡੇ ਕੋਲ ਪਛਤਾਵੇ ਤੋਂ ਇਲਾਵਾ ਕੁਝ ਨਹੀਂ, ਮੈਨੂੰ ਓਸੇ ਵੇਲੇ ਇਹ ਜੋਤਾਂ ਪੂਜਾ ਸਭ ਬੇਕਾਰ ਲੱਗੀ ਕਿਉਂਕਿ ਆਪਣੀ ਦੇਵੀ ਨੂੰ ਪੂਜਣਾ ਮੇਰੇ ਲਈ ਲਾਹਨਤ ਸੀ ਹੋਰ ਕੁਝ ਨਹੀਂ। ਕਿਸੇ ਨੇ ਸੱਚ ਕਿਹਾ ਰੱਬ ਧੀ ਵੀ ਓਸ ਘਰ ਦਿੰਦਾ ਜਿਨ੍ਹਾਂ ਦੀ ਔਕਾਤ ਧੀ ਪਾਲਣ ਦੀ ਹੋਵੇ।

# ਭਾਜਪਾ ਤੋਂ ਸੱਟ ਖਾਧੀ ਬਾਦਲ ਅਕਾਲੀ ਦਲ ਨੇ, ਪਰ ਹਾਲਾਤ ਕਿਸ ਨੇ ਬਣਾਏ ਸਨ!



ਜਤਿੰਦਰ ਪੰਨੂ

ਅਗਲੇ ਸਾਲ ਪੰਜਾਬ ਦਾ ਮੁੱਖ ਮੰਤਰੀ ਬਣਨ ਲਈ ਸਰਪੱਟ ਦੌੜਾਂ ਲਾ ਰਹੇ ਸੁਖਬੀਰ ਸਿੰਘ ਬਾਦਲ ਨੂੰ ਦਿੱਲੀ ਵਾਲੇ ਪ੍ਰਮੁੱਖ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਦੀ ਦਲਬਦਲੀ ਕਰਨ ਅਤੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਇੱਕ ਵੱਡਾ ਝਟਕਾ ਲੱਗਾ ਹੈ। ਮਨਜਿੰਦਰ ਸਿੰਘ ਸਿਰਸਾ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ, ਪਰ ਬੀਤੇ ਅਗਸਤ ਵਿੱਚ ਹੋਈਆਂ ਚੋਣਾਂ ਵਿੱਚ ਪਾਰਟੀ ਜਿੱਤ ਗਈ, ਸਿਰਸਾ ਆਪਣੇ ਵਾਲੀ ਸੀਟ ਤੋਂ ਹਾਰ ਗਿਆ ਸੀ। ਬਾਅਦ ਵਿੱਚ ਉਹ ਇੱਕ ਪਿੱਛੋਂ ਦੂਜੇ ਕੇਸ ਵਿੱਚ ਉਲਝਦਾ ਗਿਆ ਅਤੇ ਇੱਕ ਦਿਨ ਬਾਦਲ ਅਕਾਲੀ ਦਲ ਨਾਲੋਂ ਨਾਤਾ ਤੋੜ ਕੇ ਭਾਜਪਾ ਵਿੱਚ ਸ਼ਾਮਲ ਹੋ ਗਿਆ। ਦਿੱਲੀ ਗੁਰਦੁਆਰਾ ਕਮੇਟੀ ਦੀ ਨਵੀਂ ਟੀਮ ਕਾਨੂੰਨੀ ਤੌਰ ਉੱਤੇ ਹਾਲੇ ਬਣੀ ਨਹੀਂ ਸੀ ਤੇ ਸਿਰਸਾ ਉਸ ਕਮੇਟੀ ਦਾ ਕਾਰਜਕਾਰੀ ਪ੍ਰਧਾਨ ਸੀ। ਜਾਣ ਲੱਗਾ ਉਹ ਇਸ ਅਹੁਦੇ ਤੋਂ ਅਸਤੀਫਾ ਦੇ ਗਿਆ ਤੇ ਭਾਜਪਾ ਲੀਡਰਾਂ ਦੀ ਬੁੱਕਲ ਵਿੱਚ ਖੜੋ ਕੇ ਉਸ ਨੇ ਕਹਿ ਦਿੱਤਾ ਕਿ ਉਹ ਸਾਰੇ ਭਾਰਤ ਵਿਚਲੇ ਸਿੱਖਾਂ ਦੇ ਹਿੱਤਾਂ ਵਾਸਤੇ ਅਕਾਲੀ ਦਲ ਨੂੰ ਛੱਡ ਕੇ ਭਾਜਪਾ ਵਿੱਚ ਆਇਆ ਹੈ। ਅਕਾਲੀ ਲੀਡਰਸ਼ਿਪ ਨੇ ਇਸ ਤੋਂ ਉਲਟ ਸਟੈਂਡ ਲੈ ਲਿਆ। ਪਹਿਲਾਂ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਇਹ ਕਿਹਾ ਕਿ ਸਿਰਸਾ ਨੂੰ ਕੇਸਾਂ ਵਿੱਚ ਗ੍ਰਿਫਤਾਰ ਕਰਨ ਦਾ ਡਰਾਵਾ ਦੇ ਕੇ ਭਾਜਪਾ ਨੇ ਆਪਣੇ ਵੱਲ ਖਿੱਚਿਆ ਹੈ। ਫਿਰ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਤੋਂ ਕਹਾਇਆ ਕਿ ਜਿੱਦਾਂ ਮੁਗਲ ਬਾਦਸ਼ਾਹ ਧਰਮ ਬਦਲੀ ਜਾਂ ਮੌਤ ਵਿੱਚੋਂ ਇੱਕ ਪਾਸਾ ਚੁਣਨ ਨੂੰ ਆਖਦੇ ਸਨ, ਕੇਂਦਰ ਸਰਕਾਰ ਨੇ ਸਿਰਸੇ ਨੂੰ ਜੇਲ੍ਹ ਜਾਂ ਭਾਜਪਾ ਵਿੱਚੋਂ ਇੱਕ ਦੀ ਚੋਣ ਕਰਨ ਲਈ ਕਹਿ ਕੇ ਦਲਬਦਲੀ ਕਰਵਾਈ ਹੈ। ਜਥੇਦਾਰ ਨੇ ਇਹ ਵੀ ਕਿਹਾ ਕਿ ਮਨਜਿੰਦਰ ਸਿੰਘ ਸਿਰਸੇ ਨੇ ਉਸ ਨੂੰ ਫੋਨ ਉੱਤੇ ਅਗੇਤਾ ਹੀ ਦੱਸ ਦਿਤਾ ਸੀ ਕਿ ਕੇਂਦਰ ਸਰਕਾਰ ਆਹ ਦਬਾਅ ਪਾ ਰਹੀ ਹੈ।

ਸਾਰਿਆਂ ਤੋਂ ਪਿੱਛੋਂ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਬੋਲਿਆ ਕਿ ਮਨਜਿੰਦਰ ਸਿੰਘ ਸਿਰਸਾ ਨੇ ਦੋ ਦਿਨ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਭਾਜਪਾ ਜੇਲ੍ਹ ਜਾਣ ਦਾ ਡਰਾਵਾ ਦੇ ਕੇ ਆਪਣੇ ਨਾਲ ਆਉਣ ਨੂੰ ਕਹਿੰਦੀ ਹੈ ਤੇ ਇਸ ਬਾਰੇ ਵਾਟਸਐਪ ਮੈਸੇਜ ਵੀ ਕਰ ਦਿੱਤਾ ਸੀ। ਜੇ ਸੁਖਬੀਰ ਸਿੰਘ ਬਾਦਲ ਦਾ ਇਹ ਕਹਿਣਾ ਸਹੀ ਹੈ ਤਾਂ ਮਨਜਿੰਦਰ ਸਿੰਘ ਸਿਰਸੇ ਦੀ ਸਾਰੇ ਦੇਸ਼ ਦੇ ਸਿੱਖਾਂ ਦੇ ਭਲੇ ਲਈ ਦਲਬਦਲੀ ਦੀ ਗੱਲ ਕੱਟਣ ਲਈ ਉਸ ਨੂੰ ਸਿਰਸੇ ਦਾ ਵਾਟਸਐਪ ਮੈਸੇਜ ਲੋਕਾਂ ਨੂੰ ਦਿਖਾ ਦੇਣਾ ਚਾਹੀਦਾ ਸੀ। ਉਸ ਨੇ ਇਹ ਕੰਮ ਨਹੀ ਕੀਤਾ। ਇਸ ਦੀ ਬਜਾਏ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਿਉਂਕਿ ਕਿਸਾਨ ਅੰਦੋਲਨ ਵਿੱਚ ਪੰਜਾਬ ਨੇ ਸਭ ਤੋਂ ਵੱਧ ਹਿੱਸਾ ਪਾਇਆ ਹੈ, ਭਾਜਪਾ ਲੀਡਰਸ਼ਿਪ ਉਸੇ ਕੌੜ ਕਾਰਨ ਸਿੱਖਾਂ ਦੀ ਸੰਸਥਾ ਅਕਾਲੀ ਦਲ ਨੂੰ ਖਤਮ ਕਰਨ ਤੇ ਦਿੱਲੀ ਦੇ ਗੁਰਦੁਆਰਿਆਂ ਉੱਤੇ ਕਬਜ਼ਾ ਕਰਨ ਦੀ ਸਾਜ਼ਿਸ਼ ਕਰ ਰਹੀ ਹੈ। ਉਸ ਦਾ ਕਹਿਣ ਦਾ ਢੰਗ ਏਦਾਂ ਦਾ ਹੈ, ਜਿਵੇਂ ਭਾਜਪਾ ਨਾਲ ਬੜੀ ਕੌੜ ਰੱਖੀ ਬੈਠਾ ਹੋਵੇ ਤੇ ਭਾਵੇਂ ਇਹ ਵੀ ਕਹਿੰਦਾ ਹੈ ਕਿ ਅਕਾਲੀ ਦਲ ਇਨ੍ਹਾਂ ਸਾਜ਼ਿਸ਼ਾਂ ਤੋਂ ਘਬਰਾਉਣ ਵਾਲਾ ਨਹੀਂ, ਪਰ ਨਾਲ ਹੀ ਇਹ ਗੱਲ ਵੀ ਕਹੀ ਜਾਂਦਾ ਹੈ ਕਿ ਭਾਜਪਾ ਸਾਡੇ ਦਿੱਲੀ ਦੇ ਆਗੂਆਂ ਨੂੰ ਤੋੜਨ ਲਈ ਕੇਂਦਰ ਦੀਆਂ ਜਾਂਚ ਏਜੰਸੀਆਂ ਵੀ ਵਰਤਣ ਲੱਗ ਪਈ ਹੈ।

ਕਿਸੇ ਵੀ ਰਾਜ ਦੀ ਚੋਣ ਵਿੱਚ ਭਾਜਪਾ ਜਿਸ ਤਰ੍ਹਾਂ ਕੇਂਦਰ ਦੀਆਂ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਦੀ ਹੈ, ਲੋਕ ਪੱਛਮੀ ਬੰਗਾਲ ਵਿੱਚ ਉਸ ਦੀ ਵੱਡੀ ਵੰਨਗੀ ਵੇਖ ਚੁੱਕੇ ਹਨ। ਭਾਜਪਾ ਪੰਜਾਬ ਵਿੱਚ ਵੀ ਇਹੋ ਕਰਨਾ ਚਾਹੇਗੀ। ਸੁਖਬੀਰ ਸਿੰਘ ਬਾਦਲ ਨੂੰ ਜਿਹੜੀ ਗੱਲ ਮੰਨਣੀ ਮੁਸ਼ਕਲ ਜਾਪਦੀ ਹੈ, ਉਹ ਇਹ ਹੈ ਕਿ ਜਿਹੜੇ ਦਿੱਲੀ ਦੇ ਆਗੂ ਇਨ੍ਹਾਂ ਨੂੰ ਆਪਣੇ ਪੱਕੇ ਸਾਥੀ ਲੱਗਦੇ ਹਨ, ਉਹ ਭਾਜਪਾ ਦੇ ਨਿਸ਼ਾਨ ਉੱਤੇ ਚੋਣਾਂ ਲੜ ਚੁੱਕੇ ਹੋਣ ਕਾਰਨ ਪਹਿਲਾਂ ਹੀ ਉਨ੍ਹਾਂ ਦੇ ਸੰਪਰਕ ਵਿੱਚ ਸਨ। ਮਨਜਿੰਦਰ ਸਿੰਘ ਸਿਰਸਾ ਨੂੰ ਸਿਆਸੀ ਆਗੂ ਵਜੋਂ ਜਦੋਂ ਲੋਕ ਜਾਣਦੇ ਨਹੀਂ ਸਨ, ਓਦੋਂ ਉਸ ਨੇ ਦਿੱਲੀ ਅਸੈਂਬਲੀ ਦੇ ਜੰਗਪੁਰਾ ਹਲਕੇ ਤੋਂ ਸਾਲ 2008 ਵਿੱਚ ਭਾਜਪਾ ਦੇ ਨਿਸ਼ਾਨ ਕਮਲ ਦੇ ਫੁੱਲ ਨਾਲ ਚੋਣ ਲੜੀ ਤੇ ਕਾਂਗਰਸ ਪਾਰਟੀ ਦੇ ਤਰਵਿੰਦਰ ਸਿੰਘ ਮਰਵਾਹਾ ਤੋਂ ਹਾਰਿਆ ਸੀ। ਫਿਰ ਸਾਲ 2012 ਵਿੱਚ ਉਸ ਦੀ ਪਤਨੀ ਸਤਵਿੰਦਰ ਕੌਰ ਸਿਰਸਾ ਦੱਖਣੀ ਦਿੱਲੀ ਨਗਰ ਨਿਗਮ ਦੇ ਪੰਜਾਬੀ ਬਾਗ ਵਾਰਡ ਤੋਂ ਭਾਜਪਾ ਦੇ ਓਸੇ ਚੋਣ ਨਿਸ਼ਾਨ ਨਾਲ ਚੋਣ ਲੜੀ ਤੇ ਜਿੱਤੀ ਸੀ। ਬਾਅਦ ਵਿੱਚ ਉਹ ਅਕਾਲੀ ਦਲ ਵਿੱਚ ਆਇਆ ਅਤੇ ਰਾਕੇਟ ਵਾਂਗ ਚੜ੍ਹਦਾ ਹੋਇਆ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਕਰਨ ਤੱਕ ਵੀ ਪਹੁੰਚ ਗਿਆ ਸੀ। ਇਸ ਦੌਰਾਨ ਸਾਲ 2017 ਵਿੱਚ ਜਰਨੈਲ ਸਿੰਘ ਵੱਲੋਂ ਵਿਹਲੀ ਕੀਤੀ ਰਾਜੌਰੀ ਗਾਰਡਨ ਵਿਧਾਨ ਸਭਾ ਸੀਟ ਤੋਂ ਉੱਪ ਚੋਣ ਲੜਨ ਲਈ ਉਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਲਾਹ ਨਾਲ ਭਾਜਪਾ ਦੇ ਚੋਣ ਨਿਸ਼ਾਨ ਵਾਲਾ ਉਮੀਦਵਾਰ ਬਣਿਆ ਤੇ ਜਿੱਤਿਆ ਸੀ। ਅੱਜ ਵਾਲੀਆਂ ਗੱਲਾਂ ਛੋਟੇ ਬਾਦਲ ਨੂੰ ਓਦੋਂ ਸੋਚਣੀਆਂ ਚਾਹੀਦੀਆਂ ਸਨ ਕਿ ਇਹ ਬੰਦਾ ਭਾਜਪਾ ਵੱਲ ਨੂੰ ਛੜੱਪਾ ਵੀ ਮਾਰ ਸਕਦਾ ਹੈ।

ਮਨਜਿੰਦਰ ਸਿੰਘ ਸਿਰਸਾ ਦੀ ਦਲਬਦਲੀ ਦੇ ਬਾਅਦ ਸੁਖਬੀਰ ਸਿੰਘ ਬਾਦਲ ਵੀ ਕਹਿੰਦਾ ਹੈ ਅਤੇ ਸੁਖਬੀਰ ਸਿੰਘ ਦੇ ਕਹਿਣ ਉੱਤੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਕਹਿ ਦਿੱਤਾ ਹੈ ਕਿ ਭਾਜਪਾ ਸਿੱਖਾਂ ਦੇ ਧਾਰਮਿਕ ਅਸਥਾਨਾਂ ਉੱਤੇ ਕਬਜ਼ੇ ਕਰਨ ਲਈ ਯਤਨ ਕਰ ਰਹੀ ਹੈ। ਜਦੋਂ ਭਾਜਪਾ ਵੱਲੋਂ ਵਾਰ-ਵਾਰ ਚੋਣਾਂ ਲੜ ਚੁੱਕੇ ਮਨਜਿੰਦਰ ਸਿੰਘ ਸਿਰਸਾ ਨੂੰ ਦਿੱਲੀ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦਿੱਤੀ ਸੀ, ਭਾਜਪਾ ਦਾ ਪੈਰ-ਧਰਾਵਾ ਤਾਂ ਓਦੋਂ ਹੀ ਹੋ ਗਿਆ ਸੀ। ਸਿਰਸਾ ਦੇ ਜਾਣ ਪਿੱਛੋਂ ਬਾਦਲ ਅਕਾਲੀ ਦਲ ਦੀ ਟੇਕ ਹਰਮੀਤ ਸਿੰਘ ਕਾਲਕਾ ਉੱਤੇ ਹੈ, ਪਰ ਉਹ ਵੀ 2015 ਵਿੱਚ ਵਿਧਾਨ ਸਭਾ ਲਈ ਕਾਲਕਾਜੀ ਹਲਕੇ ਤੋਂ ਭਾਜਪਾ ਟਿਕਟ ਉੱਤੇ ਚੋਣ ਲੜ ਚੁੱਕਾ ਹੈ। ਇੱਕ ਜਣਾ ਭਾਜਪਾ ਵਿੱਚ ਹੈ, ਉਸ ਪਿੱਛੋਂ ਫਿਰ ਉਹ ਹਰਮੀਤ ਸਿੰਘ ਕਾਲਕਾ ਅਕਾਲੀ ਆਗੂ ਵਜੋਂ ਦਿੱਲੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦਾ ਸਭ ਤੋਂ ਵੱਡਾ ਪ੍ਰਬੰਧਕ ਹੈ, ਜਿਹੜਾ ਚੋਣਾਂ ਵਿੱਚ ਭਾਜਪਾ ਉਮੀਦਵਾਰ ਬਣਦਾ ਰਿਹਾ ਹੈ। ਦਿੱਲੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਵਿੱਚ ਬਾਦਲ ਅਕਾਲੀ ਦਲ ਦੇ ਮੈਂਬਰਾਂ ਵਿੱਚੋਂ ਸਾਡੀ ਜਾਣਕਾਰੀ ਮੁਤਾਬਕ ਅੱਜ ਵੀ ਚਾਰ ਜਣੇ ਉਹ ਹਨ, ਜਿਹੜੇ ਓਥੇ ਤਾਂ ਅਕਾਲੀ ਦਲ ਦੇ ਆਗੂ ਹਨ ਅਤੇ ਦਿੱਲੀ ਨਗਰ ਨਿਗਮ ਵਿੱਚ ਭਾਜਪਾ ਦੇ ਕੌਂਸਲਰ ਹਨ। ਸੰਸਾਰ ਦੇ ਸਿੱਖਾਂ ਦੀ ਸ਼ਰਧਾ ਵਾਲੇ ਧਾਰਮਿਕ ਸਥਾਨਾਂ ਵਿੱਚ ਸਭ ਤੋਂ ਪਹਿਲਾ ਨਾਂ ਪੰਜ ਤਖਤ ਸਾਹਿ-ਹਬਾਨ ਦਾ ਹੁੰਦਾ ਹੈ। ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਦਸਵੇਂ ਗੁਰੂ ਸਾਹਿਬ ਦੇ ਜਨਮ ਸਥਾਨ ਵਾਲੇ ਤਖਤ ਸਾਹਿਬ ਦਾ ਪ੍ਰਧਾਨ ਅੱਜਕੱਲ੍ਹ ਅਵਤਾਰ ਸਿੰਘ ਹਿੱਤ ਹੈ। ਉਸ ਨੂੰ ਵੀ ਇਹ ਪ੍ਰਧਾਨਗੀ ਸੁਖਬੀਰ ਸਿੰਘ ਬਾਦਲ ਨੇ ਦਿੱਤੀ ਹੈ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਾਲਾ ਰਿਕਾਰਡ ਹੋਰ ਫੋਲਿਆ ਜਾਵੇ ਤਾਂ ਅਵਤਾਰ ਸਿੰਘ ਹਿੱਤ ਵੀ ਸਾਲ 2015 ਵਿੱਚ ਹਰੀ ਨਗਰ ਹਲਕੇ ਤੋਂ ਭਾਜਪਾ ਦੇ ਚੋਣ ਨਿਸ਼ਾਨ ਕਮਲ ਦੇ ਫੁੱਲ ਨਾਲ ਚੋਣ ਲੜ ਅਤੇ ਹਾਰ ਚੁੱਕਾ ਹੈ। ਕਹਿਣ ਨੂੰ ਉਹ ਵੀ ਬਾਦਲ ਅਕਾਲੀ ਦਲ ਦਾ ਆਗੂ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡ ਦਾ ਪ੍ਰਧਾਨ ਹੈ, ਪਰ ਚੋਣ ਕਮਿਸ਼ਨ ਦੇ ਰਿਕਾਰਡ ਮੁਤਾਬਕ ਉਹ ਭਾਜਪਾ ਆਗੂ ਹੈ।

ਹੈਰਾਨੀ ਇਸ ਗੱਲ ਦੀ ਨਹੀਂ ਕਿ ਅਕਾਲੀ ਦਲ ਬਾਦਲ ਦੇ ਆਗੂ ਵਾਰੀ-ਵਾਰ ਇਸ ਨੂੰ ਛੱਡ ਕੇ ਭਾਜਪਾ ਵੱਲ ਤੁਰੇ ਜਾਂਦੇ ਹਨ, ਸਗੋਂ ਇਸ ਗੱਲ ਕਰ ਕੇ ਹੈ ਕਿ ਬਾਦਲ ਅਕਾਲੀ ਦਲ ਇਨ੍ਹਾਂ ਨੂੰ ਆਪਣੇ ਮੰਨੀ ਜਾਂਦਾ ਹੈ। ਹੋਰ ਹੈਰਾਨੀ ਦੀ ਗੱਲ ਇਹ ਹੈ ਕਿ ਬਾਦਲ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋਸ਼ ਲਾਉਂਦਾ ਹੈ ਕਿ ਭਾਜਪਾ ਸਿੱਖ ਧਰਮ ਅਸਥਾਨਾਂ ਉੱਤੇ ਕਬਜ਼ਾ ਕਰ ਲੈਣਾ ਚਾਹੁੰਦੀ ਹੈ, ਪਰ ਸੱਚਾਈ ਇਹ ਹੈ ਕਿ ਭਾਜਪਾ ਉਮੀਦਵਾਰ ਬਣ ਚੁੱਕੇ ਬੰਦਿਆਂ ਨੂੰ ਆਪਣੇ ਬੰਦੇ ਮੰਨ ਕੇ ਦਿੱਲੀ ਤੋਂ ਪਟਨਾ ਸਾਹਿਬ ਤੱਕ ਉਨ੍ਹਾਂ ਦਾ ਕਬਜ਼ਾ ਬਾਦਲ ਦਲ ਖੁਦ ਕਰਵਾ ਚੁੱਕਾ ਹੈ। ਸਾਰਾ ਕੁਝ ਭਾਜਪਾ ਦੀ ਝੋਲੀ ਖੁਦ ਪਾ ਚੁੱਕਣ ਪਿੱਛੋਂ ਏਦਾਂ ਦੀ ਚਿੰਤਾ ਦਾ ਕੋਈ ਫਾਇਦਾ ਹੋਣਾ ਨਹੀਂ ਤੇ ਅਗਲੇ ਸਾਲ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਸਰਪੱਟ ਦੌੜਾਂ ਲਾਉਣ ਦਾ ਭਰਮ ਪਾਉਣ ਵਾਲੇ ਅਕਾਲੀ ਦਲ ਦੇ ਪ੍ਰਧਾਨ ਨੂੰ ਇਹ ਸੱਚਾਈ ਮੰਨਣੀ ਔਖੀ ਹੋ ਰਹੀ ਹੈ ਕਿ ਉਸ ਦੀਆਂ ਤਿਕੜਮਾਂ ਪੁੱਠੀਆਂ ਪਈਆਂ ਹਨ। ਏਨੀ ਵੱਡੀ ਸੱਟ ਖਾਣ ਪਿੱਛੋਂ ਆਮ ਆਦਮੀ ਇਹ ਸੋਚਣ ਦੀ ਕੋਸ਼ਿਸ਼ ਕਰਦਾ ਹੈ ਕਿ ਉਸ ਤੋਂ ਗਲਤੀ ਕਿੱਥੇ ਰਹੀ ਹੈ ਤੇ ਅੱਗੇ ਤੋਂ ਬਚਣ ਦਾ ਯਤਨ ਕਰਦਾ ਹੈ, ਪਰ ਸੁਖਬੀਰ ਸਿੰਘ ਬਾਦਲ ਇਹ ਵੀ ਕਰਨ ਨੂੰ ਤਿਆਰ ਨਹੀਂ। ਇਸ ਦਾ ਅਸਰ ਸ਼ਾਇਦ ਉਸ ਪੰਜਾਬ ਦੀਆਂ ਵਿਧਾਨ ਸਭਾ ਚੋਣ ਦੌਰਾਨ ਦਿੱਸੇਗਾ।

# ਮਿਸ਼ਨ-22 ਚੋਣ ਸਿਆਸਤ ਨੂੰ ਭਾਂਜ ਦਈਏ !

ਪੰਜਾਬ ਅੰਦਰ 16-ਵੀਂ ਵਿਧਾਨਸਭਾ ਲਈ ਆਮ ਚੋਣਾਂ, 27-ਮਾਰਚ, 2022 ਨੂੰ 15-ਵੀਂ ਵਿਧਾਨ ਸਭਾ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ, 'ਫਰਵਰੀ ਦੇ ਅੰਤ ਜਾਂ ਮਾਰਚ ਦੇ ਸ਼ੁਰੂ ਵਿੱਚ ਹੋਣ ਦੀ ਸੰਭਾਵਨਾ ਹੈ। ਇਹ ਚੋਣਾਂ ਉਸ ਵੇਲੇ ਹੋ ਰਹੀਆਂ ਹਨ ਜਦੋਂ ਕੌਮਾਂਤਰੀ ਪੱਧਰ 'ਤੇ ਕੋਵਿਡ-19 ਮਹਾਂਮਾਰੀ ਦੇ ਮਾਰੂ ਅਸਰ ਕਾਰਨ ਕੌਮਾਂਤਰੀ ਸਾਮਰਾਜੀ ਬਾਜ਼ਾਰ ਮੰਦੇ ਕਾਰਨ ਲੁਟਕਿਆ ਹੋਇਆ ਹੈ। ਆਰਥਿਕ-ਅਸਮਾਨਤਾ, ਬੇਰੁਜ਼ਗਾਰੀ ਤੇ ਮਹਿੰਗਾਈ ਕਾਰਨ ਆਮ ਲੋਕਾਂ ਦਾ ਜਨ-ਜੀਵਨ ਦੁੱਭਰ ਹੋਇਆ ਪਿਆ ਹੈ। ਇਨ੍ਹਾਂ ਮਾੜੇ ਪ੍ਰਭਾਵਾਂ ਦਾ ਸੇਕ ਪੰਜਾਬ ਦੇ ਹਰ ਵਰਗ 'ਤੇ ਪਿਆ ਦੂਰੋ ਹੀ ਨਜ਼ਰ ਆ ਰਿਹਾ ਹੈ। ਪੰਜਾਬ ਦੀ ਕਿਸਾਨੀ ਜੋ ਪਹਿਲਾਂ ਹੀ ਟੁੱਟੀ ਪਈ ਸੀ। ਮੋਦੀ ਸਰਕਾਰ ਵੱਲੋ ਪਾਸ ਕੀਤੇ ਨਵੇਂ ਕਿਸਾਨ ਵਿਰੋਧੀ ਤਿੰਨ ਖੇਤੀ ਕਾਲੇ ਕਾਨੂੰਨਾਂ ਕਾਰਨ ਕਿਸਾਨੀ 'ਤੇ ਪੈਣ ਵਾਲੇ ਮਾੜੇ ਕਾਰਪੋਰੇਟੀ ਮਾਰੂ ਅਸਰਾਂ ਨੂੰ ਭਾਂਪਦਿਆ ਪੰਜਾਬ ਦੀ ਕਿਸਾਨੀ ਜੋ ਪਹਿਲਾ ਹੀ ਸੰਘਰਸ਼ਸ਼ੀਲ ਸੀ। ਹੁਣ ਇਕ ਸਾਲ ਦੇ ਵੱਧ ਸਮੇਂ ਤੋਂ ਇਨ੍ਹਾਂ ਕਾਨੂੰਨਾਂ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਦੇ ਰੂਪ ਵਿੱਚ ਦਿੱਲੀ ਦੇ ਬਾਰਡਰ 'ਤੇ ਅੰਦੋਲਨ ਕਰ ਰਹੀ ਹੈ। ਅੱਜ ਇਹ ਕਿਸਾਨ ਅੰਦੋਲਨ ਕਿਸਾਨ-ਮਜ਼ਦੂਰ ਏਕਤਾ ਦਾ ਰੂਪ ਧਾਰੀ ਸਾਰੇ ਦੇਸ਼ ਅੰਦਰ ਅੱਗੇ ਵੱਧ ਰਿਹਾ ਹੈ। ਭਾਵੇਂ ਮੋਦੀ ਸਰਕਾਰ ਲਿਫ ਗਈ ਹੈ। ਪੰਜਾਬ ਅੰਦਰ ਸਮੁੱਚੀ ਕਿਰਤੀ-ਜਮਾਤ ਤੇ ਮਜ਼ਦੂਰ-ਮੁਲਾਜ਼ਮ ਵਰਗ ਹੱਕਾਂ ਲਈ ਸੰਘਰਸ਼ਸ਼ੀਲ ਨਜ਼ਰ ਆ ਰਿਹਾ ਹੈ ਪਰ ਕਿਸਾਨ ਅੰਦੋਲਨ ਦੀ ਜਿੱਤ ਕਾਰਨ ਰਾਜਸੀ ਸਮੀਕਰਨ ਬਦਲ ਗਏ ਹਨ।

ਇਕ ਪਾਸੇ ਤਾਂ ਪੰਜਾਬੀਆਂ ਦਾ ਇੱਕ ਵੱਡਾ ਹਿੱਸਾ ਆਪਣੀਆਂ ਮੰਗਾਂ ਲਈ ਸਿਰ ਤੋੜ ਸੰਘਰਸ਼ ਵਿੱਚ ਕੁੱਦਿਆ ਹੋਇਆ ਹੈ। ਪਰ ਮਿਸ਼ਨ-22 ਦੂਸਰੇ ਪਾਸੇ ਰਾਜਸੀ ਮੌਕਾ-ਪ੍ਰਸਤ ਪਾਰਟੀਆਂ ਜਿਨ੍ਹਾਂ ਪਾਸ ਪੰਜਾਬੀਆਂ ਦੇ ਮਸਲਿਆਂ ਦਾ ਨਾ ਕੋਈ ਸਾਰਥਕ ਹਲ ਹੈ ਤੇ ਨਾ ਹੀ ਗੰਭੀਰ ਹਨ, ਉਹ ਚੋਣ ਮੁਹਿੰਮਾਂ ਚਲਾ ਰਹੇ ਹਨ। ਝੂਠੇ ਵਾਹਦੇ, ਭਾਵਕ ਭਾਸ਼ਣ ਅਤੇ ਲਾਰੇ ਲਾਉਣ ਵਿੱਚ ਪੂਰੀ ਤਰ੍ਹਾਂ ਸਰਗਰਮ ਹੈ। ਉਹ ਆਗੂ ਇਕ ਪਾਰਟੀ ਨੂੰ ਛੱਡ ਕੇ ਦੂਸਰੀ ਪਾਰਟੀ ਵਿੱਚ ਜਾਣ ਦੀ ਮੰਡੀ ਲਈ ਪੂਰੀ ਤਰ੍ਹਾਂ ਸਰਗਰਮ ਹਨ। ਇਸ ਵੇਲੇ ਪੰਜਾਬ ਦੀ ਰਾਜਗੱਦੀ 'ਤੇ ਸ਼੍ਰੀ ਚਰਨਜੀਤ ਸਿੰਘ ਚੰਨੀ, 'ਜਿਹੜਾ ਕਾਂਗਰਸ ਅੰਦਰ ਹੋਏ ਤਾਜ਼ਾ-ਤਾਜ਼ਾ ਜਥੇਬੰਦਕ ਮੌਕਾ-ਪ੍ਰਸਤ ਬਦਲਾਅ ਬਾਦ ਸ਼੍ਰੀ ਅਮਰਿੰਦਰ ਸਿੰਘ ਨੂੰ ਲਾਂਭੇ ਕਰਕੇ ਮੁੱਖ ਮੰਤਰੀ ਬਣਿਆ, ਗੱਦੀ ਤੇ ਬਿਰਾਜਮਾਨ ਹੈ। ਉਸ ਦਾ ਰੱਥਵਾਨ ਬਣਿਆ ਨਵਜੋਤ ਸਿੰਘ ਸਿੱਧੂ ਜਿਹੜਾ ਕਾਂਗਰਸ ਦਾ ਪ੍ਰਧਾਨ ਹੈ। ਕਾਂਗਰਸ-ਪਾਰਟੀ ਕੌਮੀ ਪਾਰਟੀ ਜੋ ਪੂੰਜੀ-ਪਤੀਆਂ ਤੇ ਜਾਗੀਰਦਾਰਾਂ ਦੀ ਨੁਮਾਇੰਦਗੀ ਕਰਦੀ ਹੈ। ਮੈਦਾਨ ਵਿੱਚ ਮੁੱਖ ਵਿਰੋਧੀ ਪਾਰਟੀ "ਆਪ" ਜਿਸ ਦੀਆਂ ਹੁਣ 16-ਸੀਟਾਂ ਹਨ ਤੇ ਪੰਜਾਬ ਅੰਦਰ ਕੋਈ ਠੋਸ ਜਥੇਬੰਦਕ ਢਾਂਚਾ ਵੀ ਨਹੀਂ ਹੈ, ਪੰਜਾਬੀਆਂ ਲਈ ਬਿਨ੍ਹਾਂ ਕੋਈ ਲੋਕ-ਸੰਘਰਸ਼ ਕੀਤਿਆਂ ਆਪਣੇ ਸਿਰ ਤਾਜ ਪਹਿਨਾਉਣਾ ਚਾਹੁੰਦੀ ਹੈ। ਟੁੱਟਿਆ-ਭੱਜਿਆ ਸ਼੍ਰੋ.ਅਕਾਲੀ ਅਤਿ ਫਿਰਕੂ ਬੀ.ਜੇ.ਪੀ. ਨਾਲੋ ਯਾਰੀ ਤੋੜ ਕੇ ਹੁਣ ਅਤਿ ਦੀ ਮੌਕਾ ਪ੍ਰਸਤ ਬੀ.ਐਸ.ਪੀ. ਨਾਲ ਨਵੀਂ ਯਾਰੀ ਪਾ ਕੇ ਚੋਣ ਮੈਦਾਨ ਵਿੱਚ ਵੀ ਕੁੱਦਿਆ ਹੋਇਆ ਹੈ। ਕੌਮੀ ਪਾਰਟੀ ਬੀ.ਜੇ.ਪੀ. ਪੰਜਾਬ ਅੰਦਰ ਸਹਿਕ ਰਹੀ ਹੈ, ਪਾਣੀ ਪਿਆਉਣ ਵਾਲਾ ਵੀ ਕੋਈ ਨਜ਼ਰ ਨਹੀਂ ਆ ਰਿਹਾ ਹੈ। ਬੀ.ਐਸ.ਪੀ. ਜਿਹੜੀ ਪਛਾਣ ਦੀ ਰਾਜਨੀਤੀ ਕਰਕੇ ਹੋਂਦ ਵਿੱਚ ਹੈ, ਨੇ ਅਕਾਲੀ ਦਲ ਨਾਲ ਨਵੀਂ ਨਵੀਂ ਗੱਲ-ਵਕੜੀ ਪਾਈ ਹੈ, ਦੇਖੋ ਕੀ ਸਿੱਟਾ ਨਿਕਲੇਗਾ ? ਲੋਕ ਇਨਸਾਫ ਪਾਰਟੀ, ਸ਼੍ਰੋ. ਅਕਾਲੀ ਦਲ (ਸੰਯੁਕਤ) ਅਤੇ ਪੰਜਾਬ ਲੋਕ ਕਾਂਗਰਸ ਪਾਰਟੀਆਂ ਵੀ ਖੰਭ-ਤੋਲ ਰਹੀਆਂ ਹਨ।

ਭਾਵੇਂ ਪੰਜਾਬ ਅੰਦਰ ਆਜ਼ਾਦੀ ਤੋਂ ਪਹਿਲਾਂ ਅਤੇ ਬਾਦ ਅੱਜ ਤੱਕ ਪੰਜਾਬੀਆਂ ਦੇ ਹਰ ਮੱਸਲਿਆਂ ਦੇ ਹੱਲ ਲਈ ਜੇਕਰ ਕੋਈ ਪਾਰਟੀ ਸੰਜੀਦਾ ਰਹੀ ਹੈ ਤਾਂ ਉਹ ਕਮਿਊਨਿਸਟ ਪਾਰਟੀ ਹੀ ਸੀ। ਬੋਲੀ ਦੇ ਅਧਾਰ 'ਤੇ ਪੰਜਾਬ ਦੀ ਵੰਡ, ਪੰਜਾਬ ਦੀਆਂ ਹੱਕੀ ਮੰਗਾਂ, ਦਹਿਸ਼ਤਗਰਦੀ ਸਮੇਂ ਅਤੇ ਲੋਕ ਮੰਗਾਂ ਲਈ ਸਭ ਤੋਂ ਮੋਹਰੇ ਹੋ ਕੇ ਪੰਜਾਬੀਆਂ ਦਾ ਹੱਥ ਫੜਨ ਵਾਲੇ ਤੇ ਅਗਵਾਨੀ ਕਰਨ ਵਾਲੇ ਕਮਿਊਨਿਸਟ ਹੀ ਸਨ। ਅੱਜ ਵੀ ਕਿਸਾਨ ਮੰਗਾਂ ਤੇ ਲੋਕ ਮੰਗਾਂ ਲਈ ਲਾਲ ਝੰਡਾ ਹੀ ਅੱਗੇ ਰਹਿੰਦਾ ਹੈ। ਭਾਵੇਂ ਸੀ.ਪੀ.ਆਈ (ਐਮ), ਸੀ.ਪੀ.ਆਈ. ਤੇ ਸੀ.ਪੀ.ਆਈ.(ਮ.ਲ.) ਦਾ ਵਿਧਾਨ ਸਭਾ ਅੰਦਰ ਅੱਜ ਕੋਈ ਨੁਮਾਇੰਦਾ ਨਹੀਂ ਹੈ, ਪਰ ਇਹ ਪਾਰਟੀਆਂ ਹੀ ਪੰਜਾਬੀਆਂ ਦੀਆਂ ਸ਼ੁਭਚਿੰਤਕ ਰਹੀਆਂ ਹਨ।

1849 ਤੋਂ ਬਾਦ ਪੰਜਾਬ (ਵੰਡ ਤੋਂ ਪਹਿਲਾ ਤੇ ਬਾਦ) ਤਿੰਨ ਵਾਰ ਵੰਡਿਆ ਗਿਆ ਹੈ। ਦੇਸ਼ ਅੰਦਰ ਜਦੋਂ 1861 ਨੂੰ ਇੰਡੀਅਨ ਕੌਂਸਿਲ ਐਕਟ ਬਣਿਆ ਤਾਂ ਪੰਜਾਬ ਨੂੰ ਕਾਰਜਕਾਰੀ ਕੌਂਸਲ ਅਧੀਨ ਰੱਖਿਆ ਗਿਆ। ਜਦੋਂ ਇੰਡੀਆਂ ਐਕਟ 1919 ਬਣਿਆ ਤਾਂ ਲੈਜਿਸਟੇਟਿਵ ਕੌਂਸਲ ਦੇ ਗਠਨ ਸਮੇਂ ਪੰਜਾਬ ਅੰਦਰ 175 ਮੈਂਬਰੀ ਕੌਂਸਲ ਬਣੀ। ਕੌਂਸਿਲ ਦਾ ਪਹਿਲਾ ਇਜਲਾਸ ਪਹਿਲੀ ਅਪ੍ਰੈਲ, 1937 ਨੂੰ ਹੋਇਆ। ਅਗਸਤ, 1947 ਦੀ ਵੰਡ ਵੇਲੇ ਪੂਰਬੀ ਪੰਜਾਬ ਦੇ ਹਿੱਸੇ 79 ਮੈਂਬਰ ਆਏ ਸਨ। 15-ਜੁਲਾਈ, 1948 ਨੂੰ ਪੈਪਸੂ ਨੂੰ ਪੰਜਾਬ 'ਚ ਮਿਲਾ ਕੇ, 'ਅਪ੍ਰੈਲ, 1952 ਨੂੰ ਪੰਜਾਬ ਵਿਧਾਨ ਸਭਾ ਦਾ ਗਠਨ ਹੋਇਆ। ਵਿਧਾਨ ਪ੍ਰੀਸ਼ਦ ਦੇ 1956 ਨੂੰ 40 ਮੈਂਬਰ ਸਨ ਜੋ ਵਧਾ ਕੇ 46 ਕਰ ਦਿੱਤੇ। ਫਿਰ ਗਿਣਤੀ 51 ਤੋਂ ਘਟਾ ਕੇ 40 ਕਿਰ ਦਿੱਤੀ। ਹੁਣ ਵਿਧਾਨ ਸਭਾ ਹੀ ਹੈ ਜਿਸ ਦੀ ਗਿਣਤੀ 50 ਤੋਂ ਵਧਾ ਕੇ 104 ਤੇ ਹੁਣ ਇਹ 117 ਮੈਂਬਰੀ ਹੈ। ਇਸ ਵੇਲੇ ਕਾਬਜ਼ ਪਾਰਟੀ ਕਾਂਗਰਸ ਪਾਸ 80-ਸੀਟਾਂ (38.50% ਵੋਟ), ਅਕਾਲੀ ਦਲ ਪਾਸ 14-ਸੀਟਾਂ (25.24%ਵੋਟ), ਆਪ ਪਾਸ 16-ਸੀਟਾਂ (23.72% ਵੋਟ), ਬੀ.ਜੇ.ਪੀ. ਪਾਸ 2-ਸੀਟਾਂ (5.39% ਵੋਟ), ਐਲ.ਆਈ.ਪੀ. ਪਾਸ 2-ਸੀਟਾਂ (1.23% ਵੋਟ), ਪੀ.ਐਲ.ਸੀ. (ਕੈਪਟਨ) ਪਾਸ 1-ਸੀਟ ਹੀ ਹੈ। ਅਸੰਬਲੀ ਅੰਦਰ ਕੁਲ 117 ਸੀਟਾਂ ਹਨ। ਕਾਂਗਰਸ ਪਾਰਟੀ ਨੇ 2017 ਵੇਲੇ 77-ਸੀਟਾਂ, ਅਕਾਲੀ ਦਲ ਨੇ 15-ਸੀਟਾਂ ਅਤੇ ਆਪ ਨੇ 20-ਸੀਟਾਂ ਜਿੱਤੀਆਂ ਸਨ। ਆਜ਼ਾਦੀ ਤੋਂ ਪਹਿਲਾ ਸਾਂਝੇ ਪੰਜਾਬ ਅੰਦਰ 5 ਅਪ੍ਰੈਲ-1937 ਤੋਂ 19-ਮਾਰਚ 1945 ਤੱਕ ਤੇ ਫਿਰ 21-ਮਾਰਚ 1946 ਤੋਂ 4-ਜੁਲਾਈ 1947 ਤੱਕ ਯੂਨੀਨਿਸਟ ਪਾਰਟੀ ਹੀ ਕਾਬਜ ਰਹੀ ਸੀ।

ਆਜ਼ਾਦੀ ਬਾਦ ਲੰਬੇ ਸਮੇਂ ਤੱਕ ਪੰਜਾਬ, 'ਕਾਂਗਰਸ ਪਾਰਟੀ ਦੇ ਜੂਲੇ ਹੇਠ ਹੀ ਰਿਹਾ ਤੇ ਉਸ ਤੋਂ ਬਾਦ ਅਕਾਲੀ ਦਲ ਜਾਂ ਅਕਾਲੀ-ਗਠ-ਜੋੜ ਹੀ ਪੰਜਾਬੀਆਂ 'ਤੇ ਰਾਜ ਕਰਦਾ ਰਿਹਾ ਹੈ। 8-ਵਾਰ ਪੰਜਾਬ ਅੰਦਰ ਰਾਸ਼ਟਰਪਤੀ ਰਾਜ ਵੀ ਲਾਗੂ ਕੀਤਾ ਗਿਆ ਅਤੇ 11-ਜੂਨ, 1987-ਤੋਂ 25-ਫਰਵਰੀ, 1992 ਤੱਕ 4 ਸਾਲ, 259 ਦਿਨ ਪੰਜਾਬ ਅੰਦਰ ਰਾਸ਼ਟਰਪਤੀ ਰਾਜ ਲਾਗੂ ਹੋਣ ਨਾਲ ਸਾਰੀ ਵਿਧਾਨਕ ਪ੍ਰਕਿਰਿਆ ਹੀ ਠੱਪ ਰਹੀ ਸੀ। ਦੇਸ਼ ਦੀ ਆਜ਼ਾਦੀ ਅੰਦਰ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਾ ਪੰਜਾਬ ਤਿੰਨ ਵਾਰ ਵੰਡਿਆ ਗਿਆ। ਸਭ ਤੋਂ ਵੱਧ ਦੁੱਖ 1947 ਦੀ ਵੰਡ ਵੇਲੇ ਭੋਗਣੇ ਪਏ। ਪੰਜਾਬੀਆਂ ਨੂੰ ਬੋਲੀ ਅਧਾਰਿਤ ਹੱਕ ਦੇਣ ਤੋਂ ਰੋਕਣਾ, ਦਰਿਆਈ-ਪਾਣੀ, ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਦੇ ਹੱਕ ਤੋਂ ਪੰਜਾਬੀਆਂ ਨੂੰ ਦਰ-ਕਿਨਾਰ ਕੀਤਾ ਹੋਇਆ ਹੈ। ਇਹ ਸਭ ਕੇਂਦਰ ਸਰਕਾਰ ਦੀਆਂ ਪੰਜਾਬੀਆਂ ਪ੍ਰਤੀ ਵਿਤਕਰੇ ਵਾਲੀਆਂ ਨੀਤੀਆਂ ਰਹੀਆਂ ਹਨ। ਜਿਸ ਦੇ ਸਿੱਟੇ ਵੱਜੋ ਪੰਜਾਬੀਆਂ ਨੂੰ 1978 ਤੋਂ ਲੈ ਕੇ 1994 ਤੱਕ ਕੇਂਦਰ ਦੇ ਹਾਕਮਾਂ ਦੀਆਂ ਵਿਤਕਰੇ ਵਾਲੀਆਂ ਨੀਤੀਆਂ ਕਾਰਨ ਘੋਰ ਸੰਤਾਪ ਸਹਿੰਦਿਆਂ ਹਜ਼ਾਰਾਂ ਪੰਜਾਬੀਆਂ ਨੂੰ ਅਣਿਆਈ ਮੌਤੇ ਮਰਨਾ ਪਿਆ। ਇਨ੍ਹਾਂ ਦੁਸ਼ਵਾਰੀਆਂ ਲਈ ਕਾਂਗਰਸ ਤੇ ਅਕਾਲੀ ਦਲ ਅਤੇ ਕੇਂਦਰ ਦੇ ਹਾਕਮ ਜਿੰਮੇਵਾਰ ਹਨ। ਅੱਜ ਪੰਜਾਬ ਰਾਜਸੀ ਪੱਖੋ ਅਤੇ ਸਮਾਜਕ, ਆਰਥਿਕ ਤੇ ਸੱਭਿਆਚਾਰ ਖੇਤਰ ਅੰਦਰ ਨਿਘਰ ਚੁੱਕਾ ਹੈ। ਖੇਤੀ ਸੰਕਟ, ਬੇਰੁਜ਼ਗਾਰੀ, ਨੌਜਵਾਨਾਂ ਦਾ ਪ੍ਰਵਾਸ, ਸਨਅਤੀ-ਖੜੋਤ ਤੇ ਧਾਰਮਿਕ ਮਸਲਿਆਂ ਅੰਦਰ ਆਪਸੀ ਤੇ ਰਾਜਨੀਤਕ ਖਿਚੋਤਾਣੀ ਕਾਰਨ ਪੰਜਾਬ ਅਤੇ ਪੰਜਾਬੀਆਂ ਸਾਹਮਣੇ ਬਹੁਤ ਸਾਰੀਆਂ ਚੁਣੌਤੀਆਂ ਦਰ ਪੇਸ਼ ਹਨ ਜੋ ਇੱਕ ਵੱਡਾ ਸਵਾਲ ਹੈ, ਇਨ੍ਹਾਂ 'ਚ ਕਿਵੇਂ ਬਾਹਰ ਨਿਕਲਿਆ ਜਾਵੇ ? ਰਾਜ ਦੀਆਂ ਜਮਹੂਰੀ ਲਹਿਰਾਂ ਜਿਨ੍ਹਾਂ ਨੇ, 'ਰਾਜ ਦੀ ਟੁੱਟੀ ਸਹਿਜ-ਬੋਘ ਧਾਰਾ ਨੂੰ ਮੁੜ ਜੋੜ ਕੇ ਇਕ ਲੜੀ ਬਣਾਉਣੀ ਸੀ, 'ਕਮਜੋਰ ਹੋਣ ਕਰਕੇ ਅੱਜ ਗੈਰ-ਪ੍ਰਸੰਗਕ ਬਣੀਆਂ ਲਗਦੀਆਂ ਹਨ। ਇਨ੍ਹਾਂ ਲੋਕ ਜਮਹੂਰੀ ਸ਼ਕਤੀਆਂ ਦੇ ਕਮਜ਼ੋਰ ਹੋਣ ਕਾਰਨ ਹੀ ਅੱਜ ਪੰਜਾਬੀ ਦੁੱਖ ਭੋਗ ਰਹੇ ਹਨ।

ਪੰਜਾਬੀਆਂ ਦੀਆਂ ਦੂਰ ਚਿਰ ਤੋਂ ਦਰਪੇਸ਼ ਸਮੱਸਿਆਵਾਂ, 'ਦਰਿਆਈ ਪਾਣੀਆਂ 'ਤੇ ਹੱਕ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਲ ਕਰਨ ਅਤੇ ਗੁਆਂਢੀ ਰਾਜਾਂ 'ਪੰਜਾਬੀ ਬੋਲੀ ਨੂੰ ਢੁੱਕਵਾਂ ਸਥਾਨ ਦੇਣ ਨੂੰ ਰਾਜ ਦੀ ਕੋਈ ਵੀ ਕਾਬਜ਼ ਰਹੀ ਪਾਰਟੀ ਇਸ ਦੇ ਹਲ ਲਈ ਸੰਵੇਦਨਸ਼ੀਲ ਨਹੀਂ ਦਿੱਸਦੀ ਹੈ! ਸੂਬਿਆਂ ਨੂੰ ਵੱਧ ਅਧਿਕਾਰ, ਰਾਜ ਦੀ ਨਿਘਰ ਚੁੱਕੀ ਆਰਥਿਕ ਹਾਲਤ ਜਿਸ 'ਤੇ ਇਸ ਵੇਲੇ 3.73 ਲੱਖ ਕਰੋੜ ਦਾ ਕਰਜਾ ਹੈ ਜੋ ਹਰ ਰੋਜ ਵੱਧ ਰਿਹਾ ਹੈ (ਕੈਗ ਦੀ ਰਿਪੋਰਟ 2020-21) ਉਸ ਤੋਂ ਕਿਵੇਂ ਖਲਾਸੀ ਹੋਵੇ ? ਚਲ ਰਹੇ ਇਸ ਚੋਣ ਦੰਗਲ 'ਚ ਸਭ ਪਾਰਟੀਆਂ ਚੁੱਪ ਹਨ ! ਜਦ ਕਿ ਇਨ੍ਹਾਂ ਦੁਸ਼ਵਾਰੀਆਂ ਲਈ ਕਾਂਗਰਸ ਤੇ ਅਕਾਲੀ ਦਲ ਗਠਜੋੜ ਹੀ ਮੁੱਖ ਜਿੰਮੇਵਾਰ ਹਨ, 'ਕਿਉਂਕਿ ਇਨ੍ਹਾਂ ਦੇ ਆਕਾ ਹੀ ਕੇਂਦਰ ਅੰਦਰ ਰਾਜ ਕਰਦੇ ਆ ਰਹੇ ਹਨ। ਪੰਜਾਬ ਅੰਦਰ ਵਾਰ-ਵਾਰ ਵਾਪਰ ਰਹੀਆਂ ਧਾਰਮਿਕ ਬੇ-ਰਹੁਮਤੀਆਂ ਦਾ ਵਾਪਰਨਾ, ਕਿਉਂਕਿ ਇਨ੍ਹਾਂ ਦੋਨੋ ਪਾਰਟੀਆਂ ਦੇ ਰਾਜ ਅੰਦਰ ਹੀ ਹੁੰਦਾ ਆ ਰਿਹਾ ਹੈ, ਲਈ ਇਹ ਜਿੰਮੇਵਾਰ ਹਨ। ਮੁੱਖ ਤੌਰ ਤੇ ਪੰਜਾਬ ਦੇ ਮੌਜੂਦਾ ਦੁੱਖਾਂ ਤੋਂ ਕਿਵੇਂ ਨਿਜ਼ਾਤ ਮਿਲੇ ਮਿਸ਼ਨ-22 ਪਾਸ ਕੋਈ ਹੱਲ ਦਿਸਦਾ ਵੀ ਨਹੀਂ ਹੈ। ਰਾਜ ਅੰਦਰ ਬੇਰੁਜ਼ਗਾਰੀ, ਨਸ਼ੇ, ਭ੍ਰਿਸ਼ਟਾਚਾਰ, ਗੈਂਗਵਾਰ, ਰੇਤ ਮਾਫ਼ੀਆ, ਖੇਤੀ ਸੰਕਟ ਪੰਜਾਬੀਆਂ ਸਾਹਮਣੇ ਮੂੰਹ ਅੱਡੀ ਖੜੇ ਹਨ। ਸਨਅਤੀਕਰਨ ਦੀ ਮੁੜ ਉਸਾਰੀ ਤੋਂ ਬਿਨਾਂ ਸਾਹਮਣੇ ਖੜਾ ਬਰਬਾਦ ਕੀਤਾ ਗਿਆ ਸਰਕਾਰੀ ਖੇਤਰ ਦਾ ਕਲਿਆਣਕਾਰੀ ਢਾਂਚਾ ਸਿਹਤ, ਸਿੱਖਿਆ, ਬਿਜਲੀ, ਟਰਾਂਸਪੋਰਟ ਆਦਿ ਵਿਭਾਗਾਂ ਨੂੰ ਮੁੜ ਪੈਰਾਂ ਤੇ ਕਿਵੇਂ ਖੜਾ ਕੀਤਾ ਜਾਵੇ ? ਪੰਜਾਬੀਆਂ ਨੂੰ ਰੁਜ਼ਗਾਰ ਤੇ ਵਧੀਆ ਸਹੂਲਤਾਂ ਦੇਣ ਯੋਗ ਬਣਾਉਣ ਲਈ ਹਾਕਮ ਬਣਨ ਜਾ ਰਹੀਆਂ ਪਾਰਟੀਆਂ ਕੀ ਕਦਮ ਚੁੱਕਣਗੀਆਂ ? ਉਨ੍ਹਾਂ ਪਾਸ ਇਨ੍ਹਾਂ ਦੀ ਮੁੜ ਉਸਾਰੀ ਲਈ ਪੂੰਜੀ ਅਤੇ ਢਾਂਚਾਗਤ ਸਹੂਲਤਾਂ ਕਿਥੋਂ ਪ੍ਰਾਪਤ ਹੋਣਗੀਆਂ ? ਉਨ੍ਹਾਂ ਦੇ ਵਾਹਦੇ, ਭਾਵਕ-ਨਾਹਰੇ ਅਤੇ ਫੋਕੀਆ ਤਸੱਲੀਆਂ ਨੂੰ ਕੋਈ ਵੀ ਪੰਜਾਬੀ ਹੁਣ ਮੰਨਣ ਨੂੰ ਤਿਆਰ ਨਹੀਂ ਹੋਵੇਗਾ ਜੋ ਪਹਿਲਾ ਹੀ ਪਰਖੇ ਜਾ ਚੁੱਕੇ ਹੋਏ ਹਨ। ਲਗਦਾ ਹੁਣ ਪੰਜਾਬੀ ਇਨ੍ਹਾਂ ਗਪੋੜੀਆਂ ਨੂੰ ਮੂੰਹ ਨਹੀਂ ਲਾਉਣਗੇ ?

**ਪੰਜਾਬ ਚੋਣਾਂ**

ਅੱਜ ! ਕਿਸਾਨ ਅੰਦੋਲਨ ਸਾਰੇ ਦੇਸ਼ ਅੰਦਰ ਅੱਗੇ ਵੱਧ ਰਿਹਾ ਹੈ। ਸਾਰੇ ਪੰਜਾਬੀ ਇਸ ਅੰਦੋਲਨ ਵਿੱਚ ਯਥਾ-ਸ਼ਕਤੀ ਮੁਤਾਬਿਕ ਹਿਸਾ ਲੈ ਰਹੇ ਹ। ਇਸ ਵੇਲੇ ਭਾਵੇਂ ਮੁੱਖ ਮੁੱਦਾ ਕੇਂਦਰ ਦੀ ਮੋਦੀ ਸਰਕਾਰ ਵਲੋ ਵੱਲੋਂ ਪਾਸ ਕੀਤੇ ਖੇਤੀ ਸਬੰਧੀ ਤਿੰਨ ਕਾਲੇ ਕਾਨੂੰਨ ਵਾਪਸ ਕਰਵਾ ਲਏ ਹਨ, ਅਜੇ ਸੰਯੁਕਤ ਕਿਸਾਨ ਅੰਦੋਲਨ ਨੂੰ ਸਫ਼ਲ ਬਣਾਉਣਾ ਹੈ। ਪਰ ਮਿਸ਼ਨ-22 ਪਾਰਟੀਆਂ ਰਾਜਸੀ ਲਾਹਾ ਲੈਣ ਲਈ ਪੰਜਾਬ ਅੰਦਰ ਚੋਣ ਮੁਹਿੰਮਾਂ ਚਲਾ ਰਹੀਆਂ ਹਨ, ਉਹ ਪੰਜਾਬੀਆਂ ਅਤੇ ਕਿਸਾਨਾਂ ਦੀਆਂ ਕਿਵੇਂ ਹਿਤੂ ਹੋ ਸਕਦੀਆਂ ਹਨ ? ਅੱਜ 10-ਲੱਖ ਤੋਂ ਵੱਧ ਪੰਜਾਬ ਦਾ ਨੌਜਵਾਨ ਰੁਜ਼ਗਾਰ ਲਈ ਸੰਘਰਸ਼ ਕਰ ਰਿਹਾ ਹੈ। ਖੇਤ ਮਜ਼ਦੂਰ ਅਤੇ ਮੁਲਾਜ਼ਮ-ਵਰਗ ਸਭ ਸੰਘਰਸ਼ਾਂ ਦੇ ਰਾਹ ਪਏ ਹੋਏ ਹਨ। ਪਰ ਸੌੜੇ-ਸਿਆਸੀ ਹਿਤਾਂ ਲਈ ਉਪਰੋਕਤ ਕੁਝ ਰਾਜਨੀਤਕ ਪਾਰਟੀਆਂ ਲੋਕ ਹਿਤਾਂ ਤੋਂ ਪਿਛੇ ਹੱਟ, ਚੋਣਾਂ ਜਿੱਤਣ ਦਾ ਅਲਾਪ ਕਰ ਰਹੀਆਂ ਹਨ। ਉਹ ਸਗੋਂ ਚਲ ਰਹੇ ਇਨ੍ਹਾਂ ਲੋਕ ਅੰਦੋਲਨਾਂ ਨੂੰ ਕਮਜ਼ੋਰ ਕਰ ਰਹੀਆਂ ਹਨ। ਅੱਜ ਸਾਰੇ ਪੰਜਾਬੀਆਂ ਨੂੰ ਇਨ੍ਹਾਂ ਪਾਰਟੀਆਂ ਦਾ ਨੋਟਿਸ ਲੈਣਾ ਬਣਦਾ ਹੈ।

ਨੌਜਵਾਨ ਕਿਸੇ ਕੌਮ ਜਾਂ ਦੇਸ਼ ਦੇ ਭਵਿੱਖ ਦੇ ਵਾਰਸ ਹੁੰਦੇ ਹਨ। ਪਰ ਦੇਸ਼ ਦੇ ਹਾਕਮਾਂ ਨੇ ਯੋਜਨਾਂ-ਬੱਧ ਢੰਗ ਨਾਲ ਇਸ ਸ਼ਕਤੀ ਨੂੰ ਨਿਪੁੰਨਸਿਕ ਬਣਾਉਣ ਲਈ ਨਸ਼ਿਆਂ ਦੇ ਪ੍ਰਭਾਵ ਹੇਠ ਸੁੱਟ ਦਿੱਤਾ ਹੈ। ਪੰਜਾਬ ਅੰਦਰ ਸ਼ਰੇਆਮ ਹਰ ਤਰ੍ਹਾਂ ਦੇ ਨਸ਼ੇ ਵਿਕ ਰਹੇ ਹਨ ਜੋ ਮਾਫੀਆਂ ਗਰੁੱਪ ਵਲੋਂ ਹਾਕਮਾਂ ਦੇ ਨੱਕ ਹੇਠਾਂ ਵੇਚੇ ਜਾ ਰਹੇ ਹਨ। ਨਸ਼ਈ ਨੌਜਵਾਨ ਪੰਜਾਬ ਦਾ ਭਵਿੱਖ ਤਾਂ ਨਹੀਂ ਬਣ ਸੱਕਿਆ, ਪਰ ਉਹ ਥਕਾਨ, ਦਰਦ ਅਤੇ ਮਨਸਿਕ-ਤਨਾਅ ਹੇਠ ਆਕੇ ਸਭ ਕੁਝ ਭੁੱਲ ਹੀ ਗਿਆ,'ਕਿ ਕੀ ਠੀਕ ਹੈ ਤੇ ਕੀ ਗਲਤ ਹੈ ? ਪੰਜਾਬ ਰਾਜ ਸਿਹਤ, ਸਿਖਿਆ ਅਤੇ ਬੌਧਿਕ ਰੁਤਬਿਆਂ 'ਚ ਵੀ ਹੇਠਾਂ ਹੀ ਜਾ ਰਿਹਾ ਹੈ। ਇਕ ਪਾਸੇ ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਸਾਰੇ ਖੁਦ-ਮੁਖਤਾਰ ਜਮਹੂਰੀ ਅਦਾ-ਰਿਆ ਦਾ ਭੋਗ ਪਾ ਰਹੀ ਹੈ, ਦੇਸ਼ ਦੇ ਲੋਕਾਂ ਵੱਲੋ ਖੂਨ-ਪਸੀਨਾ ਡੋਲ ਕੇ ਉਸਾਰੇ ਜਨਤਕ ਅਦਾਰੇ, 'ਜਿਹੜੇ ਲੱਖਾਂ ਲੋਕਾਂ ਨੂੰ ਰੁਜ਼ਗਾਰ ਦੇ ਰਹੇ ਸਨ ਉਨਾਂ ਦਾ ਨਿਜੀਕਰਨ ਕਰਕੇ ਰੁਜ਼ਗਾਰ ਖੋਹ ਰਹੀ ਹੈ। ਪਰ ਪੂੰਜੀਪਤੀਆਂ ਪੱਖੀ ਉਪਰੋਕਤ ਪਾਰਟੀਆਂ ਵੱਲੋ ਕੇਂਦਰ ਦੀਆਂ ਇਨ੍ਹਾਂ ਨੀਤੀਆਂ ਦਾ ਵਿਰੋਧ ਤਾਂ ਕੀ ਕਰਨਾ ਸਗੋਂ ਉਨਾਂ ਨੀਤੀਆਂ ਨੂੰ ਪ੍ਰਾਂਤ ਅੰਦਰ ਲਾਗੂ ਕਰ ਰਹੀਆਂ ਹਨ। ਕਾਂਗਰਸ, ਆਪ, ਅਕਾਲੀ ਜਾਂ ਬੀ.ਜੇ.ਪੀ. ਹੋਵੇ ਜਾਂ ਬੀ.ਐਸ.ਪੀ., ਇਹ ਸਾਰੀਆਂ ਪਾਰਟੀਆਂ ਪੰਜਾਬ ਤੇ ਪੰਜਾਬੀਆਂ ਦੇ ਹੱਕਾਂ ਦੀ ਰਾਖੀ ਕਰਨ ਦੀ ਥਾਂ ਕੇਵਲ ਤੇ ਕੇਵਲ ਪੰਜਾਬ ਦੀ ਗੱਦੀ ਤੇ ਬਿਰਾਜਮਾਨ ਹੋਣ ਲਈ ਤਰਲੇ ਲੈ ਰਹੀਆਂ ਹਨ। ਇਹ ਪਾਰਟੀਆਂ ਨਾ ਤਾਂ ਰਾਜਨੀਤਕ ਤੌਰ ਤੇ ਅਤੇ ਨਾ ਹੀ ਨੈਤਿਕ ਤੌਰ 'ਤੇ ਸੋਹਣੇ ਪੰਜਾਬ ਲਈ ਤਰਸ ਰੱਖਦੀਆਂ ਨਜ਼ਰ ਆਉਂਦੀਆਂ ਤੇ ਨਾ ਹੀ ਹਮਦਰਦੀ ਕਰਦੀਆਂ ਲੱਗ ਰਹੀਆਂ ਹਨ । ਸਰਕਾਰੀ ਨੀਤੀਆਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਸਰਕਾਰੀ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਦਾ ਰਾਜ ਦੇ ਵਿਕਾਸ ਅੰਦਰ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਪਰ ਜਿਸ ਤਰ੍ਹਾਂ ਪਹਿਲਾ ਬਾਦਲ ਸਰਕਾਰ, ਫਿਰ ਪਿਛਲੀ ਕੈਪਟਨ ਤੇ ਹੁਣ ਚੰਨੀ ਦੀ ਕਾਂਗਰਸ ਸਰਕਾਰ ਨੇ ਇਸ ਵਰਗ ਨੂੰ ਜ਼ਲੀਲ ਕੀਤਾ ਹੈ, ਮੁਲਾਜ਼ਮ ਵਰਗ ਨੂੰ ਜਰੂਰ ਹੀ ਇਨ੍ਹਾਂ ਚੋਣਾਂ 'ਚ ਸੋਚਣਾ ਪਏਗਾ ? ਦੇਸ਼ ਦੇ ਇਸ ਖੁਸ਼ਹਾਲ ਰਾਜ ਦੀ ਸਾਡੇ ਸਾਹਮਣੇ ਆਰਥਿਕ, ਸਮਾਜਕ, ਰਾਜਨੀਤਕ ਤੇ ਸੱਭਿਆਚਾਰ ਦੀ ਜੋ ਤਸਵੀਰ ਦਿਸ ਰਹੀ ਹੈ, ਪੰਜਾਬ ਦੀ ਮਾੜੀ ਹਾਲਤ ਲਈ ਰਾਜ ਕਰਦੀਆਂ ਰਹੀਆਂ ਪਾਰਟੀਆਂ ਕਾਂਗਰਸ, ਅਕਾਲੀਦਲ, ਅਕਾਲੀ-ਬੀ.ਜੇ.ਪੀ. ਅਤੇ ਇਨ੍ਹ ਦੇ ਕਈ ਵਾਰ ਉਸਰੇ ਗਠਜੋੜ ਸਾਰੇ ਜਿੰਮੇਵਾਰ ਹਨ। ਇਨ੍ਹਾਂ ਪ੍ਰਤੀ ਪੰਜਾਬੀ ਜਰੂਰ ਸੋਚਣਗੇ ਸਮਾਂ ਮੰਗ ਕਰਦਾ ਹੈ ?

ਇਨ੍ਹਾਂ ਚੋਣਾਂ ਦੌਰਾਨ ਪੰਜਾਬ ਅੰਦਰ ਪਿਛਲੇ ਰਾਜਨੀਤਕ ਇਤਿਹਾਸ ਵਲ ਵੀ ਧਿਆਨ ਦੇਣਾ ਵੀ ਪਏਗਾ। ਮਾਰਚ, 1849 ਨੂੰ ਖਾਲਸਾ ਰਾਜ ਦੇ ਖਾਤਮੇ ਬਾਦ ਪੰਜਾਬ ਅੰਦਰ ਬਸਤੀਵਾਦੀ ਸਾਮਰਾਜੀ (ਫਰੰਗੀਆਂ) ਬਰਤਾਨੀਆ ਦੀ ਈਸਟ ਇੰਡੀਆਂ ਕੰਪਨੀ ਦਾ ਰਾਜ ਕਾਇਮ ਹੋਇਆ ਸੀ। 1861 ਨੂੰ ਪੰਜਾਬ ਅੰਦਰ ਪਹਿਲੀ ਨਾਮਜ਼ਦ ਵਿਧਾਨਕ ਪ੍ਰਕਿਰਿਆ ਸ਼ੁਰੂ ਹੋਈ ਅਤੇ ਇਸ ਸ਼ੁਰੂਆਤ ਇੰਡੀਅਨ ਕੌਂਸਲ ਐਕਟ ਬਣਨ ਬਾਦ 1919 ਨੂੰ ਲੈਜਿਸਟੇਟਿਵ ਕੌਂਸਲ ਦਾ ਗਠਨ ਹੋਇਆ। ਪਹਿਲੀ-ਅਪ੍ਰੈਲ, 1937 ਨੂੰ ਕੌਂਸਲ ਦਾ ਪਹਿਲਾ ਅਜਲਾਸ ਹੋਇਆ। ਸਰ ਸਿਕੰਦਰ ਹਿਆਤ ਖਾਂ ਪੰਜਾਬ ਦਾ ਯੁਨੀਨਿਸਟ ਪਾਰਟੀ ਵੱਲੋਂ ਮੁੱਖ-ਮੰਤਰੀ ਬਣਿਆ ਤੇ 5-ਸਾਲ, 265 ਦਿਨ ਉਹ ਇਸ ਪੱਦਵੀ ਤੇ 26-ਦਸੰਬਰ, 1942 (ਮੌਤ ਹੋਣ) ਤੱਥ ਕਾਇਮ ਰਿਹਾ। ਇਸੇ ਪਾਰਟੀ ਦਾ ਮਾਲਿਕ ਖਿਜਰ ਟਿਵਾਣਾ ਵੀ ਪਹਿਲਾ 30-ਦਸੰਬਰ, 1942 ਤੋਂ 19-ਮਾਰਚ 1945 ਅਤੇ ਫਿਰ 21-ਮਾਰਚ 1946 ਤੋਂ 2-ਮਾਰਚ 1947 ਤੱਕ ਮੁੱਖ-ਮੰਤਰੀ ਰਿਹਾ ਤੇ ਦੇਸ਼ ਦੀ ਵੰਡ ਵਿਰੁਧ ਅਸਤੀਫ਼ਾ ਦੇ ਦਿੱਤਾ ਸੀ। ਦੋਨੇ ਮੁੱਖ ਮੰਤਰੀ ਤੇ ਇਨ੍ਹਾਂ ਦੀ ਪਾਰਟੀ ਬਸਤੀਵਾਦੀ-ਪ੍ਰਸਤ ਸੀ, ਪਰ ਉਹ ਮੁਸਲਿਮ ਲੀਹਾ ਵਿਰੁਧ ਸਨ। ਆਜਾਦੀ ਬਾਦ 15-ਅਗਸਤ, 1947 ਨੂੰ ਗੋਪੀ ਚੰਦ ਭਾਗਰਵ ਮੁੱਖ ਮੰਤਰੀ ਬਣਿਆ। ਉਹ ਦੂਸਰੀ ਵਾਰ 18-ਅਕਤੂਬਰ, 1949 ਨੂੰ ਤੇ ਫਿਰ 21-ਜੂਨ 1964 ਨੂੰ ਤੀਸਰੀ ਵਾਰ ਕਾਂਗਰਸ ਪਾਰਟੀ ਵਲੋ ਮੁੱਖ ਮੰਤਰੀ ਬਣਿਆ। ਇਸੇ ਤਰ੍ਹਾਂ ਭੀਮਸੇਨ ਸੱਚਰ ਪਹਿਲੀ ਵਾਰ 13-ਅਪ੍ਰੈਲ, 1949 ਤੇ ਦੂਸਰੀ ਵਾਰ 17-ਅਪ੍ਰੈਲ, 1952 ਨੂੰ ਕਾਂਗਰਸ ਪਾਰਟੀ ਵੱਲੋ ਰਾਜ ਦਾ ਮੁੱਖ ਮੰਤਰੀ ਬਣਿਆ। ਪ੍ਰਤਾਪ ਸਿੰਘ ਕੈਰੋਂ ਕਾਂਗਰਸ ਵਲੋਂ 23-ਜਨਵਰੀ 1956 ਤੇ ਦੂਸਰੀ ਵਾਰ 11-ਅਪ੍ਰੈਲ, 1962 ਨੂੰ ਮੁੱਖ ਮੰਤਰੀ ਬਣਿਆ। ਇਸੇ ਤਰ੍ਹਾਂ ਗੁਰਨਾਮ ਸਿੰਘ ਪਹਿਲੀ ਵਾਰ 8-ਮਾਰਚ, 1967 ਅਤੇ ਦੂਸਰੀ ਵਾਰ 17-ਫਰਵਰੀ, 1969 ਨੂੰ ਅਕਾਲੀ-ਗਠਜੋੜ ਮੁੱਖ ਮੰਤਰੀ ਬਣਿਆ। ਪ੍ਰਕਾਸ਼ ਸਿੰਘ ਬਾਦਲ ਅਕਾਲੀ + ਜਨਸੰਘ ਵੱਲੋ ਪਹਿਲੀ ਵਾਰ 27 ਮਾਰਚ, 1970 ਨੂੰ ਮੁੱਖ ਮੰਤਰੀ ਬਣਿਆ ਦੂਸਰੀ ਵਾਰ 20-ਜੂਨ 1977 ਅਕਾਲੀ + ਜਨ ਸੰਘ, ਤੀਸਰੀ ਵਾਰ 12-ਫਰਵਰੀ, 1997 ਅਕਾਲੀ ਦਲ +ਬੀ.ਜੇ.ਪੀ., ਚੌਥੀ ਵਾਰ 1-ਮਾਰਚ 2007, ਤੇ ਪੰਜਵੀ ਵਾਰ 14-ਮਾਰਚ 2012 ਅਕਾਲੀ +ਬੀ.ਜੇ.ਪੀ. ਵੱਲੋ ਸਭ ਤੋਂ ਵੱਧ ਬਾਦਲ ਅਤੇ ਅਕਾਲੀ ਦਲ ਨੇ ਪੰਜਾਬ 'ਤੇ ਰਾਜ ਕੀਤਾ।

ਪੰਜਾਬ ਅੰਦਰ ਕਾਂਗਰਸ ਪਾਰਟੀ ਦੇ ਹੁਣ ਤਕ 14-ਮੁੱਖ ਮੰਤਰੀ (16555 +000 ਚੰਨੀ ਦਿਨ ਸ਼੍ਰੋ.ਅ.ਦਲ ਦੇ 3-ਮੁੱਖਮੰਤਰੀ (7977 ਦਿਨ), ਯੂਨੀਲਿਸਟ ਪਾਰਟੀ ਦੇ 2-ਮੁੱਖ ਮੰਤਰੀ (3251 ਦਿਨ), ਆਜ਼ਾਦ ਇਕ ਮੁੱਖ ਮੰਤਰੀ (2090 ਦਿਨ), ਪੰਜਾਬ ਜਨਤਾ ਪਾਰਟੀ ਇਕ ਮੁੱਖ ਮੰਤਰੀ (272 ਦਿਨ) ਅਕਾਲੀ ਦਲ (ਫਤਹਿ ਸਿੰਘ) ਇਕ ਮੁੱਖ ਮੰਤਰੀ (262 ਦਿਨ) ਵਲੋਂ ਪੰਜਾਬ ਤੇ ਰਾਜ ਕੀਤਾ। ਅੱਜ ਪੰਜਾਬ ਦੀ ਹਰ ਪੱਖੋ ਜੋ ਮਾੜੀ ਹਾਲਤ ਹੋਈ ਦਿਸ ਰਹੀ ਹੈ ਇਸ ਲਈ ਉਪਰੋਕਤ ਮੁੱਖ ਮੰਤਰੀ ਜਿਨ੍ਹਾਂ ਨੇ ਲੋਕਾਂ ਦੇ ਟੈਕਸਾਂ 'ਤੇ ਹਰ ਤਰਾਂ ਦੇ ਗੁਲ-ਛਰੇ ਉਡਾਏ ਅਤੇ ਉਨ੍ਹਾਂ ਦੀਆਂ ਪਾਰਟੀਆਂ ਨੇ ਮੌਜਾਂ ਕੀਤੀਆਂ ਹਨ। ਕੀ ਅੱਜ ਜੋ ਰਾਜ ਦੀ ਮਾੜੀ ਹਾਲਤ ਹੋਈ ਹੈ ਇਸ ਲਈ ਜਵਾਬਦੇਹ ਨਹੀਂ ਹਨ ? ਪੰਜਾਬ ਦੇ ਲੋਕ ਅੱਜ ਮਿਸ਼ਨ-22 ਪਾਰਟੀਆਂ ਪਾਸੋਂ ਸਵਾਲ ਪੁੱਛਣ ਦੇ ਹੱਕਦਾਰ ਵੀ ਹਨ ? ਬੇਅੰਤ ਸਿੰਘ (ਮਰਹੂਮ) ਮੁੱਖ ਮੰਤਰੀ ਨੇ ਸੇਵਾ ਦੌਰਾਨ ਸ਼ਹਾਦਤ ਪ੍ਰਾਪਤ ਕੀਤੀ। ਪ੍ਰਕਾਸ਼ ਸਿੰਘ ਬਾਦਲ, ਰਾਜਿੰਦਰ ਕੌਰ ਭੱਠਲ, ਅਮਰਿੰਦਰ ਸਿੰਘ, ਸ: ਮੁੱਖ ਮੰਤਰੀ ਅਤੇ ਬਿਰਾਜਮਾਨ ਮੁੱਖ-ਮੰਤਰੀ ਚਰਨਜੀਤ ਸਿੰਘ ਚੰਨੀ ਜਿਉਂਦੇ ਹਨ।

ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿੱਚ ਹਿੱਸਾ ਪਾਉਣ ਲਈ ਪੰਜਾਬੀਆਂ ਦਾ ਇਕ ਸ਼ਾਨਦਾਰ ਇਤਿਹਾਸ ਅਤੇ ਗੌਰਵਮਈ ਵਿਰਸਾ ਰਿਹਾ ਹੈ। 1857 ਦੀ ਪਹਿਲੀ ਜੰਗਿ-ਏ-ਆਜ਼ਾਦੀ ਦੀ ਲਹਿਰ ਤੋਂ ਬਾਦ ਕੂਕਾ ਲਹਿਰ, ਗਦਰ ਪਾਰਟੀ, ਜੱਲ੍ਹਿਆਵਾਲਾ ਬਾਗ, ਨੌਜਵਾਨ ਭਗਤ ਸਿੰਘ ਤੇ ਸਾਥੀ ਅਤੇ ਗੁਰ-ਦੁਆਰਾ ਸੁਧਾਰ ਲਹਿਰ ਤੋਂ ਇਲਾਵਾ ਅਨੇਕਾਂ ਅੰਦੋਲਨਾਂ ਤੋਂ ਲੈ ਕੇ 1947 ਤੱਕ ਸਮੁੱਚੇ ਪੰਜਾਬੀਆਂ ਨੇ ਕੌਮੀ ਮੁਕਤੀ ਅੰਦੋਲਨ ਦੌਰਾਨ ਬੇ-ਮਿਸਾਲ ਕੁਰਬਾਨੀਆਂ ਕੀਤੀਆਂ ਸਨ। ਅੱਜ ਵੀ ਭਾਰਤ ਹੀ ਨਹੀਂ ਸਾਰੇ ਸੰਸਾਰ ਦਾ ਇਤਿਹਾਸ ਇਨ੍ਹਾਂ ਕੁਰਬਾਨੀਆਂ ਦੀ ਗਵਾਹੀ ਅਤੇ ਹਾਮੀ ਭਰ ਰਿਹਾ ਹੈ। ਆਜ਼ਾਦੀ ਲਈ ਚਲੀਆਂ ਇਨ੍ਹਾਂ ਲਹਿਰਾਂ ਨੇ ਸਮੁੱਚੀ ਪੰਜਾਬੀ ਕੌਮ ਨੂੰ ਧਰਮ ਨਿਰਪੱਖਤਾ, ਕੌਮੀ ਏਕਤਾ ਅਤੇ ਸਾਮਰਾਜ ਦੇ ਵਿਰੋਧ ਵਿੱਚ ਇਕ ਲੜੀ ਵਿਚ ਪਰੋ ਕੇ ਸਾਂਝੇ ਕੌਮੀ ਰਿਸ਼ਤਿਆਂ ਨੂੰ ਮਜ਼ਬੂਤ ਕੀਤਾ। ਪਰ ਬਸਤੀਵਾਦੀ ਬਰਤਾਨਵੀ ਸਾਮਰਾਜ ਦੀਆਂ ਫੁੱਟ-ਪਾਉ ਚਾਲਾਂ ਅਤੇ ਸਾਜਸ਼ਾਂ ਦੇ ਬਾਵਜੂਦ ਸਮੁੱਚਾ ਭਾਈਚਾਰਾ ਇਕ ਮੁੱਠ ਰਿਹਾ। ਉਪ-ਮਹਾਂਦੀਪ ਭਾਰਤ ਦੀ 1947 ਨੂੰ ਸਾਮਰਾਜੀਆਂ ਅਤੇ ਬੁਰਜੂਆਂ ਤੇ ਫਿਰਕੂ ਰਾਜਨੀਤੀ ਕਾਰਨ ਹੋਈ ਫਿਰਕੂ ਵੰਡ ਨੇ ਸਭ ਤੋਂ ਵੱਧ ਕੁੜੱਤਣ ਪੰਜਾਬ ਤੇ ਬੰਗਾਲ ਅੰਦਰ ਪੰਜਾਬੀਆਂ ਤੇ ਬੰਗਾਲੀਆਂ ਅੰਦਰ ਪੈਦਾ ਕਰਕੇ ਇਨ੍ਹਾਂ ਦੋਨਾਂ ਕੌਮਾਂ ਅੰਦਰ ਅਸਹਿਸ਼ੀਲਤਾ ਨੂੰ ਜਨਮ ਦਿੱਤਾ। 1947 ਦੀ ਵੰਡ ਵੇਲੇ ਦੇ ਅੱਲ੍ਹੇ ਜ਼ਖ਼ਮ ਅਜੇ ਤੱਕ ਭਰੇ ਨਹੀਂ ਗਏ ਹਨ ?

ਪਿਛਲੀਆਂ ਦਰਦਨਾਕ ਇਤਿਹਾਸਕ ਯਾਦਾਂ ਦੇ ਬਾਵਜੂਦ ਅੱਜ ਵੀ ਪੰਜਾਬੀਆਂ ਦੀ ਭਾਈਚਾਰਕ ਏਕਤਾ ਅਤੇ ਦੇਸ਼ ਦੀ ਆਜ਼ਾਦੀ ਦੀ ਰਾਖੀ ਲਈ ਕਿਸਾਨਾਂ-ਮਜ਼ਦੂਰਾਂ, ਖੱਬੀਆਂ ਧਿਰਾਂ, ਕਮਿਊਨਿਸਟਾਂ ਅਤੇ ਜਮਹੂਰੀਅਤ-ਪਸੰਦ ਸ਼ਕਤੀਆਂ ਹੀ ਲੋਕਾਂ ਦੀ ਬਾਂਹ ਫੜਦੀਆਂ ਰਹੀਆਂ ਹਨ। ਇਹ ਉਹ ਦੇਸ਼ ਭਗਤ ਲੋਕ ਸਨ, 'ਜਿਹਨਾਂ ਨੇ ਪਹਿਲਾ ਦੇਸ਼ ਦੀ ਆਜ਼ਾਦੀ ਲਈ ਤੇ ਫਿਰ ਲੋਕ ਏਕਤਾ ਲਈ ਹਾਕਮਾਂ ਦੀਆਂ ਫਿਰਕੂ ਤੇ ਅਸਹਿਣਸ਼ੀਲਤਾ ਵਾਲੀਆਂ ਨੀਤੀਆਂ ਵਿਰੁਧ ਹਰ ਤਰ੍ਹਾਂ ਦੀ ਕੁਰਬਨੀ ਦੇ ਕੇ ਲੋਕ ਹਿਤੂ ਹੋਣ ਦਾ ਸਬੂਤ ਦਿੱਤਾ ਹੈ। ਮੌਜੂਦਾ ਚਲ ਰਹੇ ਦਿੱਲੀ ਦੀਆਂ ਬਰੂਹਾਂ ਤੇ ਕਿਸਾਨ ਅੰਦੋਲਨ ਦੀ ਸਫਲਤਾ ਲਈ ਵੀ ਆਪਣੀ ਸ਼ਕਤੀ ਅਨੁਸਾਰ ਯੋਗਦਾਨ ਪਾ ਕੇ ਬਨਦਾ ਫਰਜ਼ ਅਦਾ ਕਰ ਰਹੇ ਹਨ। ਪਿਛਲੇ ਦਿਨੀ ਭਾਵੇਂ ਦੇਸ਼ ਦੇ ਪ੍ਰਧਾਨ-ਮੰਤਰੀ ਮੋਦੀ ਵਲੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਦੇ ਮੌਕੇ ਦੇਸ਼ ਨੂੰ ਸੰਬੋਧਨ ਕਰਦਿਆਂ ਤਿੰਨ ਖੇਤੀ ਕਨੂੰਨ ਵਾਪਸ ਲੈਣ ਦੀ ਗੱਲ ਕਹੀ ਹੈ। ਪਰ ਸੰਘਰਸ਼ਸ਼ੀਲ ਸੰਯੁਕਤ ਕਿਸਾਨ ਮੋਰਚੇ ਨੇ ਵੀ ਇਕ ਬਿਆਨ 'ਚ ਸਪਸ਼ਟ ਕੀਤਾ ਹੈ, "ਕਿ ਮੋਰਚਾ ਚਲਦਾ ਰਹੇਗਾ ਜਿਨਾ ਚਿਰ ਬਾਕੀ ਮੰਗਾਂ ਪ੍ਰਵਾਨ ਨਹੀਂ ਹੁੰਦੀਆਂ। ਭਾਵ ਕਿਸਾਨੀ ਸੰਘਰਸ਼ ਦੀ ਸ਼ੁਰੂਆਤੀ ਲੜਾਈ ਦਾ ਇਹ ਪਹਿਲ ਪੜਾਅ ਹੀ ਸਰ ਹੋਇਆ ਹੈ, ਪਰ ਵੱਡਾ ਸੰਘਰਸ਼ ਜਿੱਤਣਾ ਬਾਕੀ ਰਹਿੰਦਾ ਹੈ। ਮੌਜੂਦਾ ਕਿਸਾਨ ਸੰਘਰਸ਼ ਦੇ ਪਹਿਲੇ ਪੜਾਅ ਦੀ ਇਹ ਜਿੱਤ ਦੇਸ਼ ਦੇ ਸੰਘਵਾਦ, ਸੰਵਿਧਾਨ ਦੀਆਂ ਕਦਰਾਂ ਕੀਮਤਾਂ ਅਤੇ ਜਮਹੂਰੀਅਤ ਨੂੰ ਬਚਾਉਣ ਲਈ ਅਤੇ ਦੇਸ਼ ਅੰਦਰ ਪੂੰਜੀਵਾਦੀ ਨਿਜ਼ਾਮ ਵਿਰੁਧ ਜਿਹੜਾ ਕਾਰਪੋਰੇਟੀ ਵਿਕਾਸ ਮਾਡਲ ਦੀ ਪੁਸ਼ਤ-ਪਨਾਹੀ ਕਰਦਾ ਹੈ, ਨੂੰ ਇਕ ਵੱਡੀ ਚੁਣੌਤੀ ਹੈ। ਕਿਸਾਨੀ ਅੰਦੋਲਨ, 'ਦੇਸ਼ ਦੇ ਪੰਜ ਰਾਜਾਂ ਸਮੇਤ ਪੰਜਾਬ ਜਿੱਥੇ ਚੋਣਾਂ ਹੋ ਰਹੀਆਂ ਹਨ, 'ਵੀ ਪ੍ਰਭਾਵਤ ਕਰੇਗਾ। ਖੇਤੀ ਕਨੂੰਨਾਂ ਦੀ ਵਾਪਸੀ ਅਤੇ ਬਾਕੀ ਮੰਗਾਂ ਦੇ ਨਿਪਟਾਰੇ ਬਾਦ ਜੋ ਨਵਾਂ ਮਾਹੌਲ ਸਿਰਜਿਆ ਜਾਵੇਗਾ, ਉਸ ਬਾਦ ਕਿਸਾਨ ਸੰਯੁਕਤ ਮੋਰਚੇ ਦੀ ਟੀਮ ਦੀਆਂ ਜਿੰਮੇਵਾਰੀਆਂ ਵੀ ਵੱਧ ਜਾਣਗੀਆਂ। ਵੱਖ-ਵੱਖ ਵਿਚਾਰ ਧਾਰਾਵਾਂ ਨੂੰ ਇਕ ਰਾਜਸੀ ਸੁਰ 'ਚ ਸੂਤਰ-ਬੱਧ ਕਰਕੇ ਮੋਰਚੇ ਦੇ ਪਿਛਲੇ ਤਜਰਬੇ ਅਨੁਸਾਰ 32-ਕਿਸਾਨ ਜਥੇਬੰਦੀਆਂ ਨੂੰ ਲੋਕ ਜਮਹੂਰੀ ਮੋਰਚੇ ਦੇ ਰੂਪ ਵਿੱਚ ਪੰਜਾਬੀਆਂ ਲਈ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਅੰਦੋਲਨ ਦੀ ਕੀਮਤ 'ਤੇ ਰਾਜਨੀਤੀ ਨਹੀਂ, 'ਸਗੋਂ ਏਜੰਡੇ ਅਧਾਰਿਤ ਸਿਆਸੀ ਬਦਲ ਪੇਸ਼ ਕਰਨਾ ਚਾਹੀਦਾ ਹੈ ! ਪੁਰਾਣੀਆਂ ਧਿਰਾਂ ਜੋ "ਵੋਟ ਸਿਆਸਤ ਲਈ ਮਿਸ਼ਨ-22" ਨੂੰ ਲੈ ਕੇ ਪੰਜਾਬ ਅੰਦਰ ਚੋਣ ਮੈਦਾਨ 'ਚ ਹਨ, ਉਨ੍ਹਾਂ ਦੀਆਂ ਪੁਰਾਣੀਆਂ ਪੁਜੀਸ਼ਨਾਂ ਨੂੰ ਨੰਗਾ ਕਰਕੇ ਭਾਂਜ ਦੇਣੀ ਪਏਗੀ। ਪੰਜਾਬ ਦੇ ਉਜੱਲ ਭਵਿੱਖ ਲਈ ਪੰਜਾਬੀਆਂ ਨੂੰ ਦਰਪੇਸ਼ ਮੱਸਲਿਆਂ ਤੇ ਮੰਗਾਂ ਦੇ ਹਲ ਲਈ ਧਰਮ-ਨਿਰਪੱਖਤਾ, ਜਮਹੂਰੀਅਤ ਅਤੇ ਲੋਕ ਏਕਤਾ ਲਈ ਸਾਂਝੇ ਮੋਰਚੇ ਨੂੰ ਹਰ ਪੱਖੋ ਮਜ਼ਬੂਤ ਕਰਦੇ ਕਾਇਮ ਰੱਖਣਾ ਪਏਗਾ। ਪੰਜਾਬ ਦੋਖੀ ਸ਼ਕਤੀਆਂ ਨੂੰ ਕਰਾਰੀ ਚੋਟ ਮਾਰਦੇ ਹੋਏ ਵਧੀਆ ਪੰਜਾਬ ਉਸਾਰਣ ਲਈ ਪੰਜਾਬੀਆਂ ਤੇ ਹਰ ਤਰ੍ਹਾਂ ਸ਼ੁਭ ਚਿੰਤਕ ਬਣਨਾ ਪਏਗਾ !

*-ਜਗਦੀਸ਼ ਸਿੰਘ ਚੋਹਕਾ*
*91-9217997445*
*001-403-285-4208*
*ਕੈਲਗਰੀ (ਕੈਨੇਡਾ)*

## ਕਿਸਾਨ ਅੰਦੋਲਨ ਨੇ ...

ਸਿਖਾ ਦਿੱਤਾ ਏ ਇਕੱਠੇ ਰਹਿਣਾ, ਕਿਸਾਨ ਅੰਦੋਲਨ ਨੇ।
ਮਿਲ ਕੇ ਸਾਰੇ ਕਿਵੇਂ ਹੈ ਬਹਿਣਾ, ਕਿਸਾਨ ਸੰਦੋਲਨ ਨੇ।

ਏਕੇ ਵਿਚ ਹੁੰਦੀ ਏ ਬਰਕਤ,ਏਕੇ ਨਾਲ ਹੀ ਮਿਲਦੀ ਜਿੱਤ,
ਸਿਆਣਿਆਂ ਦਾ ਏ ਏਹੀ ਕਹਿਣਾ, ਕਿਸਾਨ ਅੰਦੋਲਨ ਨੇ।

ਕਿਵੇਂ ਲੜੀਂਦੇ ਲੰਮੇਂ ਘੋਲ, ਕਿੱਦਾਂ ਹੁੰਦੀਆਂ ਨੇ ਫਿਰ ਜਿੱਤਾਂ,
ਕਿਸਾਨ ਲੀਡਰਾਂ ਦਾ ਕੀ ਕਹਿਣਾ, ਕਿਸਾਨ ਅੰਦੋਲਨ ਨੇ।

ਪੰਜਾਬ,ਹਰਿਆਣਾ,ਯੂ.ਪੀ.,ਉੱਤਰਾ-ਖੰਡ ਤੇ ਰਾਜਸਥਾਨ,
ਕਿਵੇਂ ਹੈ ਭਰਾਵਾਂ ਵਾਂਗੂੰ ਰਹਿਣਾ, ਕਿਸਾਨ ਅੰਦੋਲਨ ਨੇ।

ਧਰਮਾਂ/ਜ਼ਾਤਾਂ ਦੀਆਂ ਵੰਡੀਆਂ ਪਾਈਆਂ ਗਈਆਂ ਬੇਸ਼ੁਮਾਰ,
ਸਿੱਤਮ ਸਰਕਾਰਾਂ ਦੇ ਕਿਵੇਂ ਸਹਿਣਾ, ਕਿਸਾਨ ਅੰਦੋਲਨ ਨੇ।

ਮੰਗਾਂ ਪੂਰੀਆਂ ਕਰਵਾਉਣ ਬਾਝੋਂ, ਸਾਡਾ ਵੀ ਕੀ ਹੈ ਜੀਣਾ?
'ਝੰਡ' "ਭੱਠ ਖੇੜਿਆਂ ਦੇ ਰਹਿਣਾ", ਕਿਸਾਨ ਅੰਦੋਲਨ ਨੇ।

*-ਡਾ. ਸੁਖਦੇਵ ਸਿੰਘ ਝੰਡ*
*ਫ਼ੋਨ: 647-567-9128*





# ਅਕਾਲੀ ਦਲ ਨੇ ਆਪਣੀ ਜਿੱਤ-ਹਾਰ ਸਿੱਖਾਂ ਦੀ ਹੋਂਦ ਨਾਲ ਜੋੜੀ

ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਟੁੱਟਣ ਇਸ ਤੋਂ ਬਾਅਦ ਭਾਜਪਾ ਨਾਲ ਕੈਪਟਨ ਅਮਰਿੰਦਰ ਸਿੰਘ ਦੇ ਗੱਠਜੋੜ ਦੇ ਯਤਨਾਂ ਦੌਰਾਨ ਅਕਾਲੀ ਦਲ ਨੇ ਨਵਾਂ ਪੱਤਾ ਖੇਡਿਆ ਹੈ।



ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਮੁੱਖ ਸਲਾਹਕਾਰ ਹਰਚਰਨ ਬੈਂਸ ਨੇ ਟਵੀਟ ਕਰ ਕੇ ਕਿਹਾ ਹੈ ਕਿ'ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਜੇ ਭਾਰਤ ਵਿੱਚ ਘੱਟ ਗਿਣਤੀਆਂ ਅਤੇ ਸਿੱਖਾਂ ਨੇ ਜੀਊਂਦੇ ਰਹਿਣਾ ਹੈ ਤਾਂ ਅਕਾਲੀ ਦਲ ਦਾ ਜਿੱਤਣਾ ਜ਼ਰੂਰੀ ਹੈ।' ਉਨ੍ਹਾਂ ਅੱਗੇ ਲਿਖਿਆ ਕਿ ਕਦੇ-ਕਦੇ ਇਤਿਹਾਸ ਲੋਕਾਂ ਨੂੰ ਵੱਡੀ ਭੂਮਿਕਾ ਲਈ ਚੁਣਦਾ ਹੈ, ਜਿੰਨਾ ਕਿ ਅਸੀਂ ਮਹਿਸੂਸ ਕਰਦੇ ਹਾਂ। ਹਾਲੇ ਤਕ ਪੰਥਕ ਮਾਮਲਿਆਂ ਦੀ ਸਿਆਸਤ ਕਰਦੇ ਆਏ ਅਕਾਲੀ ਦਲ ਦਾ ਏਦਾਂ ਦਾ ਸਟੈਂਡ ਸਿਆਸੀ ਵਿਸ਼ਲੇਸ਼ਕਾਂ ਨੂੰ ਸਮਝ ਨਹੀਂ ਆ ਰਿਹਾ। ਵਿਸ਼ਲੇਸ਼ਕ ਇਸ ਨੂੰ ਇੱਕ ਹਾਰੀ ਹੋਈ ਪਾਰਟੀ ਦੇ ਪੈਂਤੜੇਵਜੋਂ ਵੇਖਦੇ ਹਨ। ਹੋਰਨਾਂ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਦੇ ਇਸ ਬਿਆਨ ਨੂੰ ਧਰਮ ਆਧਾਰਤ ਸਿਆਸਤ ਕਰਾਰ ਦਿੱਤਾ ਹੈ। ਭਾਜਪਾ ਦੇ ਜਨਰਲ ਸੈਕਟਰੀ ਡਾਕਟਰ ਸੁਭਾਸ਼ ਸ਼ਰਮਾ ਨੇ ਹਰਚਰਨ ਬੈਂਸ ਨੂੰ ਇਸ ਦਾ ਜਵਾਬ ਦਿੰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਸਿਰਫ ਸਿਆਸਤਦਾਨ ਹਨ, ਅਕਾਲੀ ਦਲ ਸਿਆਸੀ ਪਾਰਟੀ ਹੈ, ਇਨ੍ਹਾਂ ਨੂੰ ਪੰਥ ਬਰਾਬਰ ਤੋਲ ਕੇ ਅਜਿਹੀ ਰਾਜਨੀਤੀ ਨਾ ਕਰੋ, ਤੁਹਾਡੇ ਪ੍ਰਗਟਾਵੇ ਤੋਂ ਜਾਪਦਾ ਹੈ ਕਿ ਤਹਾਨੂੰ ਆਪਣੀ ਹਾਰ ਸਾਫ ਦਿੱਸਦੀ ਹੈ। ਕੀ ਤੁਹਾਨੂੰ ਲੱਗਦਾ ਹੈ ਕਿ ਪੰਜਾਬ ਵਿੱਚ ਸਿੱਖਾਂ ਨੂੰ ਖਤਰਾ ਹੈ? ਖਤਰਾ ਸਿੱਖਾਂ ਨੂੰ ਨਹੀਂ, ਉਨ੍ਹਾਂ ਦੇ ਨਾਂ ਉੱਤੇ ਰਾਜਨੀਤੀ ਕਰਨ ਵਾਲੇ ਬਾਦਲ ਪਰਵਾਰ ਨੂੰ ਹੈ। ਹਰਚਰਨ ਬੈਂਸ ਦੇ ਇਸ ਬਿਆਨ ਤੋਂ ਜਾਪਦਾ ਹੈ ਕਿ ਅਸਲ ਖਤਰਾ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਬਾਰੇ ਹੈ। ਪ੍ਰਕਾਸ਼ ਸਿੰਘ ਬਾਦਲ ਦੇ ਨੇੜਲੇ ਸੁਖਦੇਵ ਸਿੰਘ ਢੀਂਡਸਾ ਤੇ ਰਣਜੀਤ ਸਿੰਘ ਬ੍ਰਹਮਪੁਰਾ ਵਰਗੇਆਗੂ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਚੁਣੌਤੀ ਦੇ ਕੇ ਨਿਕਲ ਗਏ ਹਨ। ਉਨ੍ਹਾਂ ਦੇ ਨੇੜਲੇ ਮਨਜਿੰਦਰ ਸਿੰਘ ਸਿਰਸਾ ਜਿਹੇ ਲੋਕ ਵੀ ਅਕਾਲੀ ਦਲ ਨੂੰ ਛੱਡ ਕੇ ਭਾਜਪਾ ਵਿੱਚ ਜਾ ਚੁੱਕੇ ਹਨ।

# ਪੰਜਾਬ ਕਾਂਗਰਸ ਦੀ ਕੰਪੇਨ ਕਮੇਟੀ ਦੇ ਚੇਅਰਮੈਨ ਬਣਾਏ ਜਾਖੜ ਬਾਰੇ ਸਸਪੈਂਸ ਹਾਲੇ ਵੀ ਕਾਇਮ

ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਅਗਲੇ ਸਾਲ ਜੋਣ ਵਾਲੀਆਂ ਚੋਣਾਂ ਬਾਰੇ ਕਾਂਗਰਸ ਪਾਰਟੀ ਦੀ ਦੀ ਕੰਪੇਨ ਕਮੇਟੀ ਦੇ ਚੇਅਰਮੈਨ ਬਣਾਏ ਗਏ ਸੁਨੀਲ ਜਾਖੜ ਬਾਰੇ ਪਾਰਟੀ ਵਿੱਚ ਸਸਪੈਂਸ ਹਾਲੇ ਵੀ ਕਾਇਮ ਹੈ। ਉਨ੍ਹਾ ਨੇ ਚੇਅਰਮੈਨ ਬਣਾਏ ਜਾਣ ਦੇ ਬਾਵਜੂਦ ਅਜੇ ਤਕ ਨਾ ਪਾਰਟੀ ਦਾ ਧੰਨਵਾਦ ਕੀਤਾ ਹੈ ਅਤੇ ਨਾ ਇਹ ਸਪੱਸ਼ਟ ਕੀਤਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਸਵੀਕਾਰ ਕਰਦੇ ਹਨ ਜਾਂ ਨਹੀਂ।



ਇਸ ਦੌਰਾਨ ਕੱਲ੍ਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਮੌਕੇ ਸੁਨੀਲ ਜਾਖੜ ਨੇ ਟਵੀਟ ਕਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਇਸ ਮੌਕੇ ਲਿਖਿਆ, ''ਪੰਜਾਬ ਵਿੱਚ ਧਰਮ, ਜਾਤ, ਪਛਾਣ ਦੇ ਆਧਾਰ ਉੱਤੇ ਵਿਤਕਰਾ ਅਤੇ ਨਾ-ਬਰਾਬਰੀ ਦੀ ਝੂਠੀ ਭਾਵਨਾ ਪੈਦਾ ਕਰਨ ਵਾਲਿਆਂ ਦੇ ਵਿਰੁੱਧ ਲੜਨਾ ਜਾਰੀ ਰੱਖਣ ਦਾ ਸੰਕਲਪ ਲੈਂਦਾ ਹਾਂ।'' ਇਸ ਟਵੀਟ ਦੇ ਰਾਹੀਂ ਸੁਨੀਲਜਾਖੜ ਨੇ ਆਪਣਾ ਦਰਦ ਪਾਰਟੀ ਨੂੰ ਦੱਸ ਦਿੱਤਾ ਹੈ, ਕਿਉਂਕਿ ਹਿੰਦੂ ਹੋਣ ਕਾਰਨ ਕਾਂਗਰਸ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਨਹੀਂ ਸੀ ਬਣਾਇਆ ਅਤੇ ਇਸ ਗੱਲ ਲਈ ਪਾਰਟੀ ਹਾਈਕਮਾਨ ਉੱਤੇ ਅੰਬਿਕਾ ਸੋਨੀ ਨੇ ਦਬਾਅ ਬਣਾਇਆ ਸੀ। ਸੁਨੀਲ ਜਾਖੜ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਮਿਸਾਲ ਦੇ ਕੇ ਕੱਲ੍ਹ ਆਪਣੇ ਟਵੀਟ ਨਾਲ ਸਾਫ ਸੰਕੇਤ ਦੇ ਦਿੱਤੇ ਕਿ ਉਨ੍ਹਾਂ ਦੀ ਲੜਾਈ ਜਾਰੀ ਰਹੇਗੀ, ਪਰ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਪਾਰਟੀ ਵਿੱਚ ਰਹਿ ਕੇ ਆਪਣਾ ਸੰਘਰਸ਼ ਜਾਰੀ ਰੱਖਣਗੇ ਜਾਂ ਕਿਸੇ ਦੂਸਰੇ ਬਦਲ ਦੇ ਬਾਰੇ ਵਿਚਾਰ ਕਰ ਰਹੇ ਹਨ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਦਾ ਰੁਖ਼ ਪਾਰਟੀ ਲਈ ਚਿੰਤਾ ਦਾ ਕਾਰਨ ਹੈ। ਪਾਰਟੀ ਨੇ ਨਾ ਸਿਰਫ ਉਨ੍ਹਾਂ ਨੂੰ ਕੰਪੇਨ ਕਮੇਟੀ ਦਾ ਚੇਅਰਮੈਨ, ਸਗੋਂ ਉਨ੍ਹਾਂ ਨੂੰ ਸਕਰੀਨਿੰਗ ਕਮੇਟੀ ਦਾ ਮੈਂਬਰ ਵੀ ਬਣਾਇਆ ਹੈ। ਜਾਖੜ ਦੇ ਕਰੀਬੀ ਸੂਤਰ ਦੱਸਦੇ ਹਨ ਕਿ ਉਹ ਪਾਰਟੀ ਦੇ ਮੰਚ ਤੋਂ ਹੀ ਆਪਣੀ ਲੜਾਈ ਜਾਰੀ ਰੱਖਣਗੇ।

# ਪੰਜਾਬ ਵਿੱਚ ਫਰੀਡਮ ਫਾਈਟਰਜ਼ ਨੂੰ 300 ਯੂਨਿਟ ਬਿਜਲੀ ਮੁਫਤ, ਬੇਟਾ-ਬੇਟੀ, ਪੋਤਾ-ਪੋਤੀ ਵੀ ਹੱਕਦਾਰ

ਜਲੰਧਰ, 9 ਦਸੰਬਰ (ਪੋਸਟ ਬਿਊਰੋ)- ਪਾਵਰਕਾਮ ਨੇ ਫਰੀਡਮ ਫਾਈਟਰਜ਼ ਦੇ ਪਰਵਾਰਾਂ ਨੂੰ ਵੱਡੀ ਰਾਹਤ ਦਿੱਤੀ ਹੈ ਕਿ ਅੱਗੇ ਤੋਂ ਉਨ੍ਹਾ ਦੇ ਪਰਵਾਰਾਂ ਨੂੰ ਵੀ ਬਿਜਲੀ ਦੇ 300 ਯੂਨਿਟ ਫਰੀ ਮਿਲਣਗੇ। ਪਹਿਲਾਂ ਕੇਵਲ ਫਰੀਡਮ ਫਾਈਟਰ ਨੂੰ ਹੀ ਇਸ ਦਾ ਲਾਭ ਮਿਲਦਾ ਸੀ। ਨਵੇਂ ਸਰਕੂਲਰ ਵਿੱਚ ਲਿਖਿਆ ਹੈ ਕਿ ਫਰੀਡਮ ਫਾਈਟਰ ਦੀਆਂ ਤਿੰਨ ਪੀੜ੍ਹੀਆਂ ਇਸ ਦਾ ਫਾਇਦਾ ਉਠਾ ਸਕਦੀਆਂ ਹਨ। ਇਸ ਵਿੱਚ ਬੇਟਾ, ਬੇਟੀ, ਪੋਤਰਾ ਅਤੇ ਪੋਤਰੀ ਵੀ ਹੱਕਦਾਰ ਹੋਣਗੇ।

ਨਵੇਂ ਸਰਕੂਲਰ ਅਨੁਸਾਰ ਪਰਵਾਰ ਨੂੰ ਫਰੀਡਮ ਫਾਈਟਰ ਦੇ ਵਾਰਸ ਹੋਣ ਦਾ ਸਬੂਤ ਦੇਣਾ ਹੋਵ-ੇਗਾ ਅਤੇ ਆਪਣੇ ਆਧਾਰ ਕਾਰਡ ਦੀ ਕਾਪੀ ਜਮਾਂ ਕਰਵਾਉਣੀ ਹੋਵੇਗੀ। ਇਸ ਦਾ ਲਾਭ ਕੇਵਲ



ਇੱਕ ਕਿਲੋਵਾਟ ਵਾਲੇ ਫਰੀਡਮ ਫਾਈਟਰ ਖਪਤਕਾਰਾਂ ਨੂੰ ਮਿਲ ਸਕੇਗਾ। ਹਰ ਮਹੀਨੇ ਲਗਭਗ ਤਿੰਨ ਸੌ ਯੂਨਿਟ ਫਰੀ ਮਿਲਣਗੇ। ਰਾਹਤ ਵਾਲੀ ਇਹ ਸਕੀਮ ਕੇਵਲ ਘਰੇਲੂ ਖਪਤਕਾਰਾਂ ਲਈ ਲਾਗੂ ਕੀਤੀ ਗਈ ਹੈ। ਫਰੀਡਮ ਫਾਈਟਰ ਦੇ ਪਰਵਾਰ ਦੀਆਂ ਤਿੰਨ ਪੀੜ੍ਹੀਆਂ ਪਾਵਰਕਾਮ ਦੀ ਇਸ ਸਕੀਮ ਦਾ ਫਾਇਦਾ ਉਠਾ ਸਕਦੀਆਂ ਹਨ। ਇਸ ਤੋਂ ਪਹਿਲਾਂ ਸਸਤੀ ਬਿਜਲੀ ਦਾ ਸਰਕੂਲਰ ਜਾਰੀ ਹੋਣ ਦੇ ਬਾਅਦ ਆਮ ਲੋਕਾਂ ਨੂੰ ਭਾਰੀ ਬਿੱਲਾਂ ਤੋਂ ਕਾਫੀ ਰਾਹਤ ਮਿਲੀ ਸੀ।

# ਮੁੱਖ ਮੰਤਰੀ ਚੰਨੀ ਦੇ ਡਾਕਟਰ ਭਰਾ ਵੱਲੋਂ ਨੌਕਰੀ ਤੋਂ ਅਸਤੀਫਾ, ਚੋਣ ਲੜਨ ਦੇ ਚਰਚੇ

ਜਲੰਧਰ, 9 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਈ ਲੋਕ ਪਾਸਾ ਬਦਲ ਕੇ ਕਿਸੇ ਹੋਰ ਪਾਰਟੀ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਕੁਝ ਆਫੀਸਰਜ਼ ਰੈਂਕ ਦੇ ਲੋਕ ਅਗਲੇ ਦਿਨਾਂ ਵਿੱਚ ਆਪਣਾ ਅਹੁਦਾ ਛੱਡ ਕੇ ਰਾਜਨੀਤੀ ਵਿੱਚ ਐਂਟਰੀ ਦੀ ਕੋਸ਼ਿਸ਼ ਕਰ ਸਕਦੇ ਹਨ।

ਇਸ ਮਾਮਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਡਾ. ਮਨੋਹਰ ਸਿੰਘ ਨੇ ਪਹਿਲ ਕੀਤੀ ਅਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਡਾ. ਮਨੋਹਰ ਸਿੰਘ ਖਰੜ ਸਿਵਲ ਹਸਪਤਾਲ (ਮੋਹਾਲੀ) ਦੇ ਸੀਨੀਅਰ ਮੈਡੀਕਲ ਅਫਸਰ ਵਜੋਂ ਤਾਇਨਾਤ ਸਨ। ਉਨ੍ਹਾਂ ਬਾਰੇ ਕਾਫ਼ੀ ਸਮੇਂ ਤੋਂ ਚਰਚੇ ਸਨ ਕਿ ਉਹ ਅਗਲੀਆਂ ਵਿਧਾਨਸਭਾ ਚੋਣਾਂ ਵਿੱਚ ਕਾਂਗਰਸ ਟਿਕਟ ਉੱਤੇਮੈਦਾਨ ਮੱਲ ਸਕਦੇ ਹਨ। ਦੱਸਿਆ ਗਿਆ ਹੈ ਕਿ ਫਤਿਹਗੜ ਸਾਹਿਬ ਹੇਠਲੇ ਬੱਸੀ ਪਠਾਣਾਂ ਹਲਕੇ ਤੋਂ ਉਹ ਚੋਣ ਲੜਨ ਦੀ ਤਿਆਰੀ ਵਿੱਚ ਹਨ, ਜਿਸਲਈ ਉਨ੍ਹਾਂ ਨੇ ਬੈਠਕਾਂ ਦਾ ਦੌਰ ਵੀ ਸ਼ੁਰੂ ਕਰ ਦਿੱਤਾ ਹੈ। ਬੱਸੀ ਪਠਾਣਾਂ ਐਸ ਸੀ ਵਰਗ ਦੀ ਰਿਜ਼ਰਵ ਸੀਟ ਹੈ। ਪਿਛਲੇ ਹਫ਼ਤੇ ਹੀ ਡਾ. ਮਨੋਹਰ ਸਿੰਘ ਨੇ ਕਰੀਬ ਤਿੰਨ ਦਰਜਨ ਬੈਠਕਾਂ ਕੀਤੀਆਂ ਸਨ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਬੈਠਕਾਂ ਬੱਸੀ ਪਠਾਣਾਂ ਵਿੱਚ ਕੀਤੀਆਂ ਸਨ।

ਬੱਸੀ ਪਠਾਣਾਂ ਵਿੱਚ ਇਸ ਸਮੇਂ ਗੁਰਪ੍ਰੀਤ ਸਿੰਘ ਵਿਧਾਇਕ ਹਨ ਅਤੇ ਉਹ ਕਾਂਗਰਸ ਵੱਲੋਂ ਫਿਰ ਟਿਕਟ ਲੈਣ ਦੀ ਕੋਸ਼ਿਸ਼ ਵਿੱਚ ਹਨ। ਲੱਗਦਾ ਹੈ ਕਿ ਇਸ ਵਾਰ ਉਨ੍ਹਾ ਦੀ ਟਿਕਟ ਕੱਟ ਸਕਦੀ ਹੈ, ਕਿਉਂਕਿ ਡਾ. ਮਨੋਹਰ ਸਿੰਘ ਨੂੰ ਝੰਡੀ ਮਿਲਣ ਤੋਂ ਬਾਅਦ ਹੀ ਉਨ੍ਹਾਂ ਨੇ ਅਹੁਦੇ ਤੋਂ ਅਸਤੀਫਾ ਦਿੱਤਾ ਹੋਵੇਗਾ। ਭਰਾ ਦੇ ਮੁੱਖ ਮੰਤਰੀ ਹੋਣ ਦਾ ਫਾਇਦਾ ਵੀ ਡਾ. ਮਨੋਹਰ ਸਿੰਘ ਨੂੰ ਮਿਲ ਸਕਦਾ ਹੈ। ਡਾ. ਮਨੋਹਰ ਸਿੰਘ ਪਿਛਲੇ ਸਾਲ ਤੋਂ ਇਲਾਕੇ ਵਿੱਚ ਪੂਰੀ ਤਰ੍ਹਾਂ ਸਰਗਰਮ ਹਨ।

# ਸੋਨੀ ਮਾਨ ਦੇ ਗਾਣੇ ਕਾਰਨ ਸਟੂਡੀਓ ਸੰਚਾਲਕ ਦੇ ਘਰ ਮੂਹਰੇ ਗੋਲੀਆਂ ਚਲਾਈਆਂ

ਤਰਨ ਤਾਰਨ, 9 ਦਸੰਬਰ (ਪੋਸਟ ਬਿਊਰੋ)- ਗਾਇਕਾ ਸੋਨੀ ਮਾਨ ਦਾ ਨਵਾਂ ਗਾਣਾ ਰਿਕਾਰਡ ਕਰਨ ਵਾਲੇ 62 ਵੈਸਟ ਸਟੂਡੀਓ ਦੇ ਸੰਚਾਲਕ ਮੋਨੂੰ ਕਰਤਾਰ ਬਾਠ ਦੇ ਘਰ ਉੱਤੇਕੱਲ੍ਹ ਸ਼ਾਮ ਗੋਲੀਆਂ ਚਲਾਉਣ ਦੀ ਘਟਨਾ ਵਾਪਰੀ ਹੈ। ਬਾਠ ਨੇ ਇਸ ਘਟਨਾ ਪਿੱਛੇ ਸੋਨੀ ਮਾਨ ਦੇ ਗਾਣੇ ਵਿੱਚ ਦਿਖਾਈ ਗਈ ਇੱਕ ਫੋਟੋ ਡਿਲੀਟ ਨਾ ਕਰਨ ਦੀ ਰੰਜਿਸ਼ ਦੱਸਿਆ ਹੈ। ਉਥੇ ਪੁਲਸ ਦਾ ਕਹਿਣਾ ਹੈ ਕਿ ਮਾਮਲਾ ਜਾਂਚ ਅਧੀਨ ਹੈ ਤੇ ਇਸ ਬਾਰੇ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ। ਫਿਰ ਵੀ ਬਿਆਨ ਕਲਮਬੱਧ ਕੀਤੇ ਜਾ ਰਹੇ ਹਨ ਜਿਸ ਦੀ ਤਫਤੀਸ਼ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

ਮੋਨੂੰ ਕਰਤਾਰ ਬਾਠ ਵਾਸੀ ਮੁਰਾਦਪੁਰ ਨੇ ਦੱਸਿਆ ਕਿ ਉਨ੍ਹਾਂ ਦਾ 62 ਵੈਸਟ ਸਟੂਡੀਓ ਮੋਹਾਲੀ ਵਿੱਚ ਹੈ। ਉਨ੍ਹਾਂ ਨੇ ਪਿੱਛੇ ਜਿਹੇ ਗਾਇਕਾ ਸੋਨੀ ਮਾਨ ਦਾ ਗਾਣਾ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਜਾਰੀ ਕੀਤਾ ਹੈ। 'ਸੁਣ ਤੱਤਾ ਤੱਤਾ' ਬੋਲ ਵਾਲੇ ਇਸ ਗਾਣੇ ਵਿੱਚ ਕੁਝ ਤਸਵੀਰਾਂ ਧੁੰਦਲੀਆਂ ਕਰ ਕੇ ਦਿਖਾਈਆਂ ਗਈਆਂ ਹਨ। ਜਿਨ੍ਹਾਂ ਵਿੱਚ ਇੱਕ ਫੋਟੋ ਬਾਰੇ ਉਨ੍ਹਾਂ ਨੂੰ ਵਾਟਸਐਪ ਕਾਲ ਰਾਹੀਂ ਉਕਤ ਫੋਟੋ ਨੂੰ ਹਟਾਉਣ ਜਾਂ ਗਾਣਾ ਸੋਸ਼ਲ ਮੀਡੀਆ ਪਲੇਟਫਾਰਮ ਤੋਂ ਡਿਲੀਟ ਕਰਨ ਨੂੰ ਕਿਹਾ ਗਿਆ ਸੀ, ਪਰ ਉਨ੍ਹਾਂ ਨੇ ਇਸ ਤੋਂ ਇਨਕਾਰ ਕੀਤਾ



ਸੀ। ਉਸ ਨੇ ਦੋਸ਼ ਲਾਇਆ ਕਿ ਉਸ ਦੇ ਦੋ ਜਾਣਕਾਰਾਂ ਰਾਹੀਂ ਕਰੀਬ ਇੱਕ ਦਰਜਨ ਦੇ ਕਰੀਬ ਲੋਕ ਕੱਲ੍ਹ ਸ਼ਾਮ ਉਨ੍ਹਾਂ ਦੇ ਘਰ ਆਏ ਅਤੇ ਗਾਣੇ ਬਾਰੇ ਬਹਿਸਬਾਜ਼ੀ ਦੌਰਾਨ ਉਸ ਦੇ ਘਰ ਵੱਲ ਸਿੱਧੀਆਂ ਗੋਲੀਆਂ ਚਲਾ ਦਿੱਤੀਆਂ। ਉਸ ਦੀ ਮਾਤਾ ਮਨਧੀਰ ਕੌਰ ਜੇ ਪਿਸਤੌਲ ਨੂੰ ਹੇਠਾਂ ਵੱਲ ਨਾ ਕਰਦੀ ਤਾਂ ਉਸ ਦੇ ਨਾਲ ਉਸ ਦੇ ਮਾਤਾ-ਪਿਤਾ ਅਤੇ ਗਾਇਕਾ ਨੂੰ ਗੋਲੀਆਂ ਲੱਗ ਜਾਣੀਆਂ ਸਨ। ਬਾਅਦ ਵਿੱਚ ਉਸ ਨੇ ਵੀ ਦੋ ਫਾਇਰ ਅੰਦਰੋਂ ਕੀਤੇ ਸਨ, ਪਰ ਉਸ ਦੇ ਪਿਤਾ ਨੇ ਅੰਦਰੋਂ ਬਾਹਰ ਨਹੀਂ ਜਾਣ ਦਿੱਤਾ। ਸਾਰੀ ਘਟਨਾ ਸੀ ਸੀ ਟੀ ਵੀ ਕੈਮਰਿਆਂ ਵਿੱਚ ਆ ਚੁੱਕੀ ਹੈ।ਘਟਨਾ ਦਾ ਪਤਾ ਲੱਗਦਿਆਂ ਹੀ ਮੌਕੇ ਉੱਤੇ ਡੀ ਐਸ ਪੀ ਬਰਜਿੰਦਰ ਸਿੰਘ ਪੁਲਸ ਪਾਰਟੀ ਸਮੇਤ ਪਹੁੰਚ ਗਏ ਅਤੇ ਮੋਨੂੰ ਕਰਤਾਰ ਬਾਠ ਤੇ ਸੋਨੀ ਮਾਨ ਕੋਲੋਂ ਘਟਨਾ ਸਬੰਧੀ ਜਾਣਕਾਰੀ ਲਈ।

# ਪੁੱਛਗਿੱਛ ਦੌਰਾਨ ਅਣਮਨੁੱਖੀ ਵਤੀਰੇ ਬਾਰੇ ਹਾਈ ਕੋਰਟ ਸਖ਼ਤ

ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਇੱਕ ਕੈਦੀ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦੋਸ਼ ਲਾਏ ਹਨ ਕਿ ਜੇਲ੍ਹ ਵਿੱਚ ਉਸ ਨੂੰ ਪੁਲਸ ਅਫ਼ਸਰ ਜ਼ਮੀਨ ਉੱਤੇ ਥੁੱਕ ਕੇ ਚੱਟਣ ਨੂੰ ਕਹਿੰਦੇ ਹਨ ਅਤੇ ਜ਼ਬਰਦਸਤੀ ਚਟਵਾਉਂਦੇ ਹਨ। ਉਸ ਦੇ ਕੱਪੜੇ ਉਤਾਰ ਕੇ ਉਸਦੇ ਚਿਹਰੇ ਅਤੇ ਸਰੀਰ ਉੱਤੇ ਪਿਸ਼ਾਬ ਕਰਦੇ ਹਨ। ਰਿਮਾਂਡ ਦੌਰਾਨ ਉਸ ਨੂੰ ਨੰਗਾ ਰੱਖ ਕੇ ਕੁੱਟਿਆ ਜਾਂਦਾ ਹੈ। ਉਸਦੇ ਗੁਪਤ ਅੰਗਾਂ ਵਿੱਚ ਤਿੱਖੀਆਂ ਚੀਜ਼ਾਂ ਪਾਉਂਦੇ ਹਨ। ਉਸਦੇ ਕੰਨਾਂ ਦੇ ਪਿੱਛੇ ਅਤੇ ਗੁਪਤ ਅੰਗਾਂ ਉੱਤੇ ਕਰੰਟ ਲਾਇਆ ਜਾਂਦਾ ਹੈ। ਉਸ ਨੂੰ ਪੈਰਾਂ ਨਾਲ ਬੰਨ ਕੇ ਪੁੱਠਾ ਲਮਕਾਇਆ ਜਾਂਦਾ ਹੈ।

ਹਾਈ ਕੋਰਟ ਨੇ ਕਿਹਾ ਕਿ ਜੇ ਕਿਸੇ ਕੇਸ ਵਿੱਚ ਜ਼ਰੂਰੀ ਹੋਵੇ,ਇਹ ਦੱਸਣ ਦੀ ਲੋੜ ਨਹੀਂ ਕਿ ਦੋਸ਼ੀ ਐਲਾਨੇ ਗਏ ਵਿਅਕਤੀ ਨੂੰ ਉਸ ਦਾ ਨਤੀਜਾ ਭੁਗਤਣਾ ਪੈਂਦਾ ਹੈ, ਇਸ ਵਿੱਚ ਫਾਂਸੀ ਤਕ ਦੀ ਸਜ਼ਾ ਸ਼ਾਮਲ ਹੈ, ਪ੍ਰੰਤੂ ਜਿਸ ਤਰ੍ਹਾਂ ਦੇ ਦੋਸ਼ ਪਟੀਸ਼ਨਰ ਨੇ ਲਾਏ ਹਨ ਉਹ ਕਿਸੇ ਵਿਅਕਤੀ ਦੇ ਸਭ ਤੋਂ ਜ਼ਿਆਦਾ ਘਟੀਆ ਵਿਵਹਾਰ ਨੂੰ ਦਰਸਾਉਂਦੇ ਹਨ। ਕਿਸੇ ਨਾਲ ਵੀ ਇਸ ਤਰ੍ਹਾਂ ਦਾ ਵਤੀਰਾ ਨਹੀਂ ਕੀਤਾ ਜਾਣਾ ਚਾਹੀਦਾ। ਇਸ ਬਾਰੇ ਪੰਜਾਬ ਅਤੇ ਹਰਿਆਣਾ ਦੇ ਡੀ ਜੀ ਪੀਜ਼ ਨੂੰ ਇਨ੍ਹਾਂ ਦੋਸ਼ਾਂ ਬਾਰੇ ਐਫੀਡੇਵਿਟ ਪੇਸ਼ ਕਰਨ ਨੂੰ ਕਿਹਾ ਗਿਆ ਹੈ।

# ਵਿਜੀਲੈਂਸ ਕਮਿਸ਼ਨਰ ਨੇ ਖਰੀਦ ਸਮਝੌਤਿਆਂ ਦੀ ਪੜਤਾਲ ਸ਼ੁਰੂ ਕੀਤੀ

ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਵਿਜੀਲੈਂਸ ਵਿਭਾਗ ਪੰਜਾਬ ਨੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੇਲੇ ਹੋਏ ਬਿਜਲੀ ਖਰੀਦ ਸਮਝੌਤਿਆਂ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ।

ਇਸ ਬਾਰੇ ਪੰਜਾਬ ਦੇ ਮੁੱਖ ਵਿਜੀਲੈਂਸ ਕਮਿਸ਼ਨਰ ਨੇ ਬਿਜਲੀ ਮਹਿਕਮੇ ਤੋਂ ਇਨ੍ਹਾਂ ਬਿਜਲੀ ਸਮਝੌਤਿਆਂ ਦਾ ਸਾਰਾ ਰਿਕਾਰਡ ਮੰਗ ਲਿਆ ਹੈ। ਅਗਲੀਆਂ ਪੰਜਾਬ ਚੋਣਾਂ ਤੋਂ ਪਹਿਲਾਂ ਇਨ੍ਹਾਂ ਖਰੀਦ ਸਮਝੌਤਿਆਂ ਦੀ ਜਾਂਚ ਕਰਨ ਦੇ ਸਿਆਸੀ ਅਰਥ ਵੀ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ 11 ਨਵੰਬਰ ਨੂੰ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਮਹਿੰਗੀ ਬਿਜਲੀ ਦੇ ਖਰੀਦ ਸਮਝੌਤਿਆਂ ਦੀ ਜਾਂਚ ਕਰਾਉਣ ਦਾ ਐਲਾਨ ਕੀਤਾ ਸੀ।ਵਿਜੀਲੈਂਸ ਵਿਭਾਗ ਨੂੰ ਪਹਿਲੀ ਦਸੰਬਰ ਨੂੰ ਇਸ ਪੜਤਾਲ ਦਾ ਜ਼ਿੰਮਾ ਮਿਲਿਆ ਸੀ। ਮੁੱਖ ਵਿਜੀਲੈਂਸ ਕਮਿਸ਼ਨਰ, ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ ਨੇ ਤਿੰਨ ਦਸੰਬਰ ਨੂੰ ਐਡੀਸ਼ਨਲਚੀਫ ਸੈਕਟਰੀ (ਪਾਵਰ) ਨੂੰ ਪੱਤਰ ਲਿਖ ਕੇ ਬਿਜਲੀ ਖਰੀਦ ਸਮਝੌਤਿਆਂ ਦਾ ਰਿਕਾਰਡ ਮੰਗਿਆ ਹੈ। ਕਮਿਸ਼ਨਰ ਨੇ ਬਿਜਲੀ ਵਿਭਾਗ ਤੋਂ ਸਾਲ 2007 ਤੋਂ 2017 ਦੌਰਾਨ ਹੋਏ ਬਿਜਲੀ ਖਰੀਦ ਸਮਝੌਤਿਆਂ ਦੀ ਕਾਪੀ ਵੀ ਮੰਗੀ ਅਤੇ ਇਸ ਸਮੇਂ ਦੌਰਾਨ ਖਾਸ ਕਰ ਕੇ ਬਿਜਲੀ ਦੇ ਪੀਕ ਸੀਜ਼ਨ ਮੌਕੇ ਬਿਜਲੀ ਦਰਾਂ ਵਿਚਲੇ ਅੰਤਰ ਬਾਰੇ ਵੀ ਅੰਕੜਾ ਤੇ ਵੇਰਵਾ ਮੰਗਿਆ ਹੈ। ਉਨ੍ਹਾ ਨੇ ਬਿਜਲੀ ਵਿਭਾਗ ਨੂੰ ਹਦਾਇਤ ਕੀਤੀ ਹੈ ਕਿ ਬਿਜਲੀ ਖਰੀਦ ਸਮਝੌਤਿਆਂ ਦੀਆਂ ਸ਼ਰਤਾਂ ਅਤੇ ਵਿੱਤੀ ਘਪਲੇ ਬਾਰੇ ਲਿਖਤੀ ਰੂਪ ਵਿੱਚ ਨੌਂ ਦਸੰਬਰ ਤੋਂ ਪਹਿਲਾਂ ਸਪੱਸ਼ਟ ਨੋਟ ਵੀ ਪੇਸ਼ ਕੀਤਾ ਜਾਵੇ। ਇਸ ਦੇ ਨਾਲ ਪਾਵਰਕਾਮ ਨੂੰ ਇੱਕ ਸੀਨੀਅਰ ਅਧਿਕਾਰੀ ਨੂੰ ਵਿਜੀਲੈਂਸ ਕਮਿਸ਼ਨਰ ਦੇ ਦਫਤਰ ਵਿੱਚ ਲਾਉਣ ਲਈ ਵੀ ਕਿਹਾ ਹੈ ਤਾਂ ਜੋ ਜਾਂਚ ਵਿੱਚ ਤਕਨੀਕੀ ਸਹਿਯੋਗ ਮਿਲ ਸਕੇ।

ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਨ੍ਹਾਂ ਬਿਜਲੀ ਸਮਝੌਤਿਆਂ ਕਰ ਕੇ ਰਾਜ ਉੱਤੇ ਪੰਜਾਹ ਹਜ਼ਾਰ ਕਰੋੜ ਦਾ ਬੋਝ ਪੈਣ ਦਾ ਦਾਅਵਾ ਕੀਤਾ ਸੀ। ਜਾਣਕਾਰ ਸੂਤਰਾਂ ਮੁਤਾਬਕ ਵਿਜੀਲੈਂਸ ਜਾਂਚ ਵਿੱਚ ਬਿਜਲੀ ਖਰੀਦ ਸਮਝੌਤਿਆਂ ਵਿਚਲੀਆਂ ਖ਼ਾਮੀਆਂ ਅਤੇ ਕੁਤਾਹੀਆਂ ਨੂੰ ਲੱਭਿਆ ਜਾਵੇਗਾ। ਅਕਾਲੀ-ਭਾਜਪਾ ਦੀ ਸਰਕਾਰ ਸਮੇਂ ਤਿੰਨ ਪ੍ਰਾਈਵੇਟ ਥਰਮਲ ਪਲਾਂਟ ਲੱਗੇ ਅਤੇ ਇਨ੍ਹਾਂ 10 ਸਾਲਾਂ ਦੌਰਾਨ ਸੂਰਜੀ ਊਰਜਾ ਦੇ ਸਮਝੌਤਿਆਂ ਦੀ ਜਾਂਚ ਵੀ ਹੋਣੀ ਹੈ। ਮੁੱਖ ਮੰਤਰੀ ਚੰਨੀ ਖੁਦ ਆਖ ਚੁੱਕੇ ਹਨ ਕਿ ਸੂਰਜੀ ਊਰਜਾ ਦੇ 17.90 ਰੁਪਏ ਪ੍ਰਤੀ ਯੂਨਿਟ ਦੇ ਬਿਜਲੀ ਸਮਝੌਤੇ ਹੋਏ ਹਨ। ਵਿਜੀਲੈਂਸ ਕਮਿਸ਼ਨਰ ਪੰਜਾਬ ਦੀ ਲੋੜ ਤੋਂ ਵੱਧ ਸਮਰੱਥਾ ਦੇ ਖਰੀਦ ਸਮਝੌਤੇ ਕਰਨ ਪਿਛੇ ਕਾਰਨ ਲੱਭੇਗਾ ਅਤੇ ਫਿਕਸਡ ਚਾਰਜ਼ਿਜ਼ ਏਨੇ ਵੱਧ ਹੋਣ ਦੀ ਵੀ ਜਾਂਚ ਹੋਵੇਗੀ।ਵਿਜੀਲੈਂਸ ਜਾਂਚ ਵਿੱਚ ਉਨ੍ਹਾਂ ਜੁਰਮਾਨਿਆਂ ਦੀ ਮਾਫੀ ਵੀ ਘੇਰੇ ਵਿੱਚ ਆਵੇਗੀ, ਜੋ ਪੰਜਾਬ ਸਰਕਾਰ ਨੇ ਪ੍ਰਾਈਵੇਟ ਥਰਮਲ ਪਲਾਂਟਾਂ ਨੂੰ ਦਿੱਤੀ ਹੈ। ਪੀਕ ਸੀਜ਼ਨ ਵਿੱਚ ਬਿਜਲੀ ਦੇਣੀ ਲਾਜ਼ਮੀ ਕਿਉਂ ਨਹੀਂ ਬਣਾਈ ਗਈ, ਇਸ ਦੀ ਵੀ ਵਿਜੀਲੈਂਸ ਜਾਂਚ ਹੋਵੇਗੀ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਜਾਂਚ ਵਿੱਚ ਕਿਹੜੀਆਂ ਸਿਆਸੀ ਹਸਤੀਆਂ ਤੇ ਕਿਹੜੇ ਅਫਸਰਾਂ ਉੱਤੇ ਉਂਗਲ ਉਠਦੀ ਹੈ।

# ਨਵਜੋਤ ਸਿੱਧੂ ਨੇ ਐਸ ਟੀ ਐਫ਼ ਦੀ ਰਿਪੋਰਟ ਨੂੰ ਲੈ ਕੇ ਕੈਪਟਨ ਵਿਰੁੱਧ ਫਿਰ ਮੋਰਚਾ ਖੋਲ੍ਹਿਆ

ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਡਰੱਗਜ਼ ਕੇਸ ਉੱਤੇ ਸੁਣਵਾਈ ਦੌਰਾਨ ਅਦਾਲਤ ਨੇ ਪੰਜਾਬ ਸਰਕਾਰ ਵੱਲੋਂ ਦਿੱਤੇ ਬਿਆਨ ਉੱਤੇ ਪੰਜਾਬ ਸਰਕਾਰ ਨੂੰ ਝਾੜ ਪਾਈ ਸੀ।



ਇਸ ਝਾੜ ਉੱਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਇੱਕ ਵਾਰ ਮੁੜ ਤੋਂ ਸਾਬਕਾ ਮੁੱਖ ਮੰਤਰੀ ਨੂੰ ਘੇਰਦੇ ਨਜ਼ਰ ਆਏ। ਸਿੱਧੂ ਨੇ ਟਵੀਟ ਰਾਹੀਂ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਐਡਵੋਕੇਟ ਜਨਰਲ ਅਤੁਲ ਨੰਦਾ ਦੇ ਬਾਰੇ ਕਿਹਾ ਕਿ ਕੈਪਟਨ ਸਰਕਾਰ ਅਤੇ ਸਾਬਕਾ ਐਡਵੋਕੇਟ ਜਨਰਲ ਅਤੁਲ ਨੰਦਾ ਵੱਲੋਂ ਕਾਰਵਾਈ ਨਾ ਕਰਨ ਦੇ ਮੇਰੇ ਦੋਸ਼ਾਂ ਉੱਤੇ ਹਾਈ ਕੋਰਟ ਨੇ ਮੋਹਰ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਪੈਸ਼ਲ ਟਾਸਕ ਫੋਰਸ(ਐਸ ਟੀ ਐਫ਼) ਦੀ ਰਿਪੋਰਟ ਉੱਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਰਵਾਈ ਵਿੱਚ ਜਾਣ-ਬੁੱਝ ਕੇ ਦੇਰੀ ਕੀਤੀ। ਸਿੱਧੂ ਨੇ ਕਿਹਾ ਕਿ ਹਾਈ ਕੋਰਟ ਵਿੱਚ ਸੀਲ ਕੀਤੀ ਸਪੈਸ਼ਲ ਟਾਸਕ ਫ਼ੋਰਸ (ਐਸ ਟੀ ਐਫ਼) ਦੀ ਰਿਪੋਰਟ ਖੋਲ੍ਹਣ ਉੱਤੇ ਕੋਈ ਰੋਕ ਨਹੀਂ ਹੈ। ਇਸ ਦੇ ਬਾਵਜੂਦ ਕੈਪਟਨ ਅਤੇ ਸਾਬਕਾ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕੋਈ ਕਾਰਵਾਈ ਨਹੀਂ ਕੀਤੀ। ਦੋਹਾਂ ਨੇ ਦੋਸ਼ੀਆਂ ਨੂੰ ਬਚਾਉਣ ਵਾਸਤੇ ਦੇਰੀ ਕੀਤੀ, ਇਸ ਉੱਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਸੀ।

# ਕੈਪਟਨ ਦੇ ਦਫਤਰ ’ਚ ਕੁੜਤਾ-ਪਜਾਮਾ ਪਾ ਕੇ ਆਏ ਗੈਂਗ ਨੇ ਨੇਤਾਵਾਂ ਦੇ ਲੱਖ-ਲੱਖ ਦੇ 7 ਫੋਨ ਉਡਾਏ

ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਪਾਰਟੀ ਦੇ ਨਵੇਂ ਦਫਤਰ ਦੇ ਉਦਘਾਟਨ ਪ੍ਰੋਗਰਾਮ ਵਿੱਚ ਮੋਬਾਈਲ ਚੋਰੀ ਕਰਨ ਵਾਲਾ ਇੱਕ ਗੈਂਗ ਪੁਲਸ ਨੇ ਫੜਿਆ ਹੈ। ਇਸ ਗੈਂਗ ਤੋਂ ਪੁਲਸ ਨੇ ਪੰਜ ਮਹਿੰਗੇ ਮੋਬਾਈਲ ਬਰਾਮਦ ਕੀਤੇ ਹਨ। ਇੱਕ ਮੋਬਾਈਲ ਦੀ ਕੀਮਤ ਇੱਕ ਲੱਖ ਰੁਪਏ ਦੇ ਕਰੀਬ ਹੈ। ਦੋਸ਼ੀਆਂ ਦੀ ਪਛਾਣ ਲੁਧਿਆਣਾ ਦੇ ਰਾਜੇਸ਼, ਸਾਹਿਲ ਅਤੇ ਮੁੰਡੀ ਖਰੜ ਵਾਸੀ ਸੰਜੀਵ ਖੰਨਾ ਵਜੋਂ ਹੋਈ ਹੈ। ਪੁਲਸ ਨੇ ਤਿੰਨਾਂ ਦੋਸ਼ੀਆਂ ਨੂੰ ਕੱਲ੍ਹ ਡਿਸਟ੍ਰਿਕਟ ਕੋਰਟ ਵਿੱਚ ਪੇਸ਼ ਕਰ ਕੇ ਰਿਮਾਂਡ ਉੱਤੇ ਲਿਆ ਹੈ। ਗੈਂਗ ਦੇ ਫਰਾਰ ਦੋ ਹੋਰ ਸਾਥੀਆਂ ਰਾਜੂ ਤੇ ਬਾਕੀਆਂ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ।



ਬੀਤੇ ਸੋਮਵਾਰ ਨੂੰ ਸੈਕਟਰ-9 ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ 'ਪੰਜਾਬ ਲੋਕ ਕਾਂਗਰਸ' ਪਾਰਟੀ ਦੇ ਨਵੇਂ ਦਫਤਰ ਦਾ ਉਦਘਾਟਨ ਪ੍ਰੋਗਰਾਮ ਰੱਖਿਆ ਸੀ। ਇਸ ਵਿੱਚ ਉਨ੍ਹਾ ਦੇ ਸਾਰੇ ਨਜ਼ਦੀਕੀ ਨੇਤਾ ਆਪੋ-ਆਪਣੇ ਸਾਥੀਆਂ ਨਾਲ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਪਹੁੰਚੇ ਸਨ। ਮੌਕਾ ਮਿਲਦੇ ਸਾਰ ਸਾਥੀਆਂ ਨਾਲ ਲੁਧਿਆਣਾ ਦਾ ਮੋਬਾਈਲ ਚੋਰ ਗੈਂਗ ਵੀ ਦਫਤਰ ਵਿੱਚ ਪਹੁੰਚ ਗਿਆ। ਇਨ੍ਹਾਂ ਨੇ ਹੱਥਾਂ ਵਿੱਚ ਗੁਲਦਸਤੇ ਫੜੇ ਹੋਏ ਸਨ। ਇਸ ਗੈਂਗ ਦੇ ਨੇਤਾ ਤੇ ਉਨ੍ਹਾਂ ਦੇ ਸਾਥੀ ਕੈਪਟਨ ਅਮਰਿੰਦਰ ਸਿੰਘ ਦੇ ਕੋਲ ਜਾ ਕੇ ਉਨ੍ਹਾਂ ਨੂੰ ਨਵੀਂ ਪਾਰਟੀ ਦੀਆਂ ਸ਼ੁਭਕਾਮਨਾਵਾਂ ਦੇ ਰਹੇ ਸਨ ਤੇ ਫੁੱਲ ਆਦਿ ਭੇਟ ਕਰ ਰਹੇ ਸਨ ਤਾਂ ਖੰਨਾ ਦੇ ਵਾਰਡ ਨੰਬਰ-4 ਜਗਤ ਕਾਲੋਨੀ ਦੇ ਸ਼ਸ਼ੀ ਵਰਧਨ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਓਥੇ ਮੁਬਾਰਕ ਦੇ ਰਹੇ ਸਨ। ਇਸੇ ਦੌਰਾਨ ਇਸ ਗੈਂਗ ਨੇ ਉਨ੍ਹਾਂ ਦੇ ਇੱਕ ਲੱਖ ਕੀਮਤ ਦਾ ਫੋਨ ਜੇਬ ਵਿੱਚੋਂ ਚੋਰੀ ਕਰ ਲਿਆ।

ਇਸ ਪ੍ਰੋਗਰਾਮ ਵਿੱਚ ਡਰੋਨ ਨਾਲ ਵੀਡੀਓਗਰਾਫੀ ਕਰਵਾਈ ਜਾ ਰਹੀ ਸੀ। ਇਸੇ ਦੌਰਾਨ ਡਰੋਨ ਚਾਲਕ ਨੇ ਇੱਕ ਨੌਜਵਾਨ ਨੂੰ ਉਥੇ ਆਏ ਇੱਕ ਮਹਿਮਾਨ ਦੀ ਜੇਬ ਵਿੱਚੋਂ ਫੋਨ ਕੱਢਦੇ ਦੇਖ ਲਿਆ। ਉਸ ਨੇ ਕੈਮਰੇ ਕਲੋਜ ਕਰ ਕੇ ਦੇਖਿਆ ਤਾਂ ਉਹ ਨੌਜਵਾਨ ਫੋਨ ਨੂੰ ਸਾਹਮਣੇ ਵਾਲੇ ਦੀ ਜੇਬ ਵਿੱਚੋਂ ਕੱਢ ਕੇ ਆਪਣੇ ਪਿੱਛੇ ਖੜ੍ਹੇ ਸਾਥੀ ਨੂੰ ਦੇ ਰਿਹਾ ਸੀ। ਇਸ ਉੱਤੇ ਡਰੋਨ ਉਡਾਉਣ ਵਾਲੇ ਨੂੰ ਪਤਾ ਲੱਗ ਗਿਆ ਅਤੇ ਉਸ ਨੇ ਇਹ ਗੱਲ ਸਕਿਓਰਿਟੀ ਵਾਲਿਆਂ ਨੂੰ ਦੱਸੀ। ਉਨ੍ਹਾਂ ਨੇ ਚੁੱਪਚਾਪ ਉਥੋਂ ਫੋਨ ਚੋਰੀ ਕਰਨ ਵਾਲਾ ਫੜ ਲਿਆ, ਜਿਸ ਦੀ ਪਛਾਣ ਮੁੰਡੀ ਖਰੜ ਦੇ ਸੰਜੀਵ ਖੰਨਾ ਵਜੋਂ ਹੋਈ। ਪੁੱਛਗਿੱਛ ਦੌਰਾਨ ਦੋਸ਼ੀ ਸੰਜੀਵ ਨੇ ਆਪਣੇ ਦੂਸਰੇ ਸਾਥੀਆਂ ਬਾਰੇ ਵੀ ਪੁਲਸ ਨੂੰ ਦੱਸ ਦਿੱਤਾ।ਦੱਸਿਆ ਜਾ ਰਿਹਾ ਹੈ ਕਿ ਚੋਰ ਕੁੜਤੇ ਪਜਾਮੇ ਵਿੱਚ ਪਹੁੰਚੇ ਸਨ ਅਤੇ ਹੱਥ ਵਿੱਚ ਬੁਕੇ ਫੜੇ ਹੋਏ ਸਨ ਤਾਂ ਕਿ ਦੇਖਣ ਵਾਲਿਆਂ ਨੂੰ ਲੱਗੇ ਕਿ ਕੈਪਟਨ ਦੇ ਕੋਈ ਜਾਣਕਾਰ ਹੋਣਗੇ ਅਤੇ ਉਨ੍ਹਾਂ ਨੂੰ ਬੁਕੇ ਦੇਣ ਆਏ ਹਨ। ਦੋਸ਼ੀ ਨੇ ਪੁਲਸ ਪੁੱਛਗਿੱਛ ਵਿੱਚ ਦੱਸਿਆ ਕਿ ਉਹ ਹਰ ਪ੍ਰੋਗਰਾਮ ਵਿੱਚ ਇੰਝ ਹੀ ਤਿਆਰ ਹੋ ਕੇ ਜਾਂਦੇ ਹਨ ਕਿ ਇਨ੍ਹਾਂ ਨੂੰ ਕੋਈ ਪਛਾਣ ਨਾ ਸਕੇ। ਕਿਸੇ ਨੇਤਾ ਦੇ ਪ੍ਰੋਗਰਾਮ ਵਿੱਚ ਜਾਣਾ ਹੈ ਤਾਂ ਸਫੈਦ ਰੰਗ ਦਾ ਕੁੜਤਾ ਪਜਾਮਾ ਪਾ ਲੈਂਦੇ ਹਨ ਅਤੇ ਵਿਆਹ ਆਦਿ ਪ੍ਰੋਗਰਾਮ ਵਿੱਚ ਜਾਣਾ ਹੈ ਤਾਂ ਕੋਟ-ਪੈਂਟ ਅਤੇ ਟਾਈ ਲਾ ਕੇ ਜਾਂਦੇ ਸਨ। ਇਨ੍ਹਾਂ ਵਿੱਚੋਂ ਕਈਆਂ ਖਿਲਾਫ ਪਹਿਲਾਂ ਵੀ ਚੋਰੀ ਦੇ ਕੇਸ ਦਰਜ ਹਨ।

# ਬਹਿਬਲ ਕਲਾਂ ਗੋਲੀਕਾਂਡ ਦੀ ਅਗਲੀ ਸੁਣਵਾਈ 17 ਤਕ ਟਲੀ

ਫ਼ਰੀਦਕੋਟ, 9 ਦਸੰਬਰ (ਪੋਸਟ ਬਿਊਰੋ)- ਫ਼ਰੀਦਕੋਟ ਦੀ ਅਦਾਲਤ ਵਿੱਚ ਬਹਿਬਲ ਕਲਾਂ ਗੋਲੀਕਾਂਡ ਨਾਲ ਸਬੰਧਤ ਕੇਸ ਦੀ ਅਗਲੀ ਸੁਣਵਾਈ 17 ਦਸੰਬਰ ਤਕ ਟਲ ਗਈ ਹੈ। ਇਸ ਕੇਸ ਦੇ ਵੱਖ-ਵੱਖ ਮੁਲਜ਼ਮਾਂ ਵੱਲੋਂ ਵੱਖ-ਵੱਖ ਦਰਖ਼ਾਸਤਾਂ ਹਰਬੰਸ ਸਿੰਘ ਲੇਖੀ ਐਡੀਸ਼ਨਲ ਸੈਸ਼ਨ ਜੱਜ ਫ਼ਰੀਦਕੋਟ ਦੀ ਅਦਾਲਤ ਵਿੱਚ ਲਾਈਆਂ ਗਈਆਂ, ਜਿਨ੍ਹਾਂ ਦੀ ਬਹਿਸ ਹੋਈ ਜਿਸ ਵਿੱਚ ਮੁਲਜ਼ਮ ਬਿਕਰਮਜੀਤ ਸਿੰਘ ਨੇ ਅਦਾਲਤ ਤੋਂ ਮੰਗ ਕੀਤੀ ਕਿ ਕੇਸ ਨੂੰ ਆਰਜ਼ੀ ਤੌਰ ਉੱਤੇ ਉਦੋਂ ਤਕ ਬੰਦ ਕੀਤਾ ਜਾਵੇ, ਜਿਨ੍ਹਾਂ ਸਮਾਂ ਐਸ ਆਈ ਟੀ ਇਸ



ਕੇਸ ਦੀ ਜਾਂਚ ਪੂਰੀ ਨਹੀਂ ਕਰਦੀ। ਇਸੇ ਕੇਸ ਵਿੱਚ ਸਾਬਕਾ ਐਸ ਐਸ ਪੀ ਚਨਰਜੀਤ ਸਿੰਘ ਵੱਲੋਂ ਦਰਖ਼ਾਸਤ ਲਾ ਕੇ ਅਦਾਲਤ ਤੋਂ ਮੰਗ ਕੀਤੀ ਸੀ ਕਿ ਪੁਲਸ ਬਹਿਬਲ ਕਲਾਂ ਵਿਖੇ ਹੋਈ ਘਟਨਾ ਵਿੱਚ ਜ਼ਖ਼ਮੀ ਹੋਏ ਪੁਲਸ ਮੁਲਾਜ਼ਮ ਅਤੇ ਨੁਕਸਾਨੀ ਗਈ ਪਬਲਿਕ ਪ੍ਰਾਪਰਟੀ ਦੀ ਵੀ ਜਾਂਚ ਕਰੇ।

ਇਸੇ ਕੇਸ ਵਿੱਚ ਦੋਸ਼ੀ ਚਰਨਜੀਤ ਸਿੰਘ ਨੇ ਇੱਕ ਹੋਰ ਦਰਖ਼ਾਸਤ ਲਾ ਕੇ ਅਦਾਲਤ ਤੋਂ ਮੰਗ ਕੀਤੀ ਕਿ ਦੋਸ਼ੀਆਂ ਵਿਰੁੱਧ ਸਾਂਝਾ ਚਾਰਜ ਲਾਇਆ ਜਾਵੇ। ਪਿਛਲੀ ਤਾਰੀਖ਼ ਉੱਤੇ ਸਰਕਾਰੀ ਧਿਰ ਨੇ ਉਕਤ ਦਰਖ਼ਾਸਤਾਂ ਦਾ ਜਵਾਬ ਦੇਣ ਲਈ ਅਤੇ ਉਨ੍ਹਾਂ ਦਰਖ਼ਾਸਤਾਂ ਉੱਤੇ ਬਹਿਸ ਕਰਨ ਦਾ ਅਦਾਲਤ ਤੋਂ ਸਮਾਂ ਮੰਗਿਆ ਸੀ ਜਿਸ ਸਬੰਧੀ ਕੱਲ੍ਹ ਸਰਕਾਰੀ ਧਿਰ ਵੱਲੋਂ ਸਾਰੀਆਂ ਦਰਖ਼ਾਸਤਾਂ ਦਾ ਅਦਾਲਤ ਵਿੱਚ ਜਵਾਬ ਪੇਸ਼ ਕੀਤਾ ਅਤੇ ਸਾਰੀਆਂ ਦਰਖ਼ਾਸਤਾਂ ਉੱਤੇ ਅਦਾਲਤ ਵੱਲੋਂ ਸਰਕਾਰੀ ਧਿਰ ਅਤੇ ਮੁਲਜ਼ਮ ਧਿਰ ਦੇ ਵਕੀਲਾਂ ਤੋਂ ਬਹਿਸ ਸੁਣੀ ਗਈ।

## ਕਿਸਾਨ ਨੂੰ ਖੁਦਾਈ ਦੌਰਾਨ 13 ਕੈਰੇਟ ਦਾ ਹੀਰਾ ਤੇ 6 ਛੋਟੇ ਹੀਰੇ ਮਿਲੇ

ਭੋਪਾਲ, 9 ਦਸੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦਾ ਪੰਨਾ ਜ਼ਿਲ੍ਹਾ ਹੀਰਾ ਖਾਣਾਂ ਲਈ ਮਸ਼ਹੂਰ ਹੈ। ਇੱਥੇ ਮਿੱਟੀ ਸਮੇਂ-ਸਮੇਂ ਉੱਤੇ ਕਿਸਾਨਾਂ ਦੀ ਕਿਸਮਤ ਚਮਕਾਉਂਦੀ ਹੈ। ਬੀਤੇ ਦਿਨੀਂ ਏਦਾਂ ਦਾ ਮਾਮਲਾ ਸਾਹਮਣੇ ਆਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਵਾਰੀ ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਵਿੱਚ ਸੋਮਵਾਰ ਨੂੰ ਖੁਦਾਈ ਮੌਕੇ ਇੱਕ ਕਿਸਾਨ ਦੀ ਕਿਸਮਤ ਚਮਕੀ ਅਤੇ ਉਸ ਨੂੰ ਪੰਜਾਹ ਲੱਖ ਰੁਪਏ ਤੋਂ ਵੱਧ ਕੀਮਤ ਵਾਲਾ ਹੀਰਾ ਮਿਲਿਆ। ਮੁਲਾਇਮ ਸਿੰਘ ਨਾਂਅ ਦੇ ਕਿਸਾਨ ਨੂੰ 13 ਕੈਰੇਟ ਦਾ ਹੀਰਾ ਖੁਦਾਈ ਵਿੱਚ ਮਿਲਿਆ ਹੈ। ਮੁਲਾਇਮ ਸਿੰਘ ਨੂੰ ਜਦ ਮਿੱਟੀ ਵਿੱਚ ਪਿਆ ਹੀਰਾ ਮਿਲਿਆ ਤਾਂ ਉਸ ਨੂੰ ਆਪਣੀਆਂ ਅੱਖਾਂ ਉੱਤੇ ਵਿਸ਼ਵਾਸ ਨਹੀਂ ਹੋਇਆ। ਪਹਿਲਾਂ ਉਸ ਨੇ ਹੀਰੇ ਨੂੰ ਪੱਥਰ ਸਮਝਿਆ, ਪ੍ਰੰਤੂ ਧਿਆਨ ਨਾਲ ਦੇਖਿਆ ਤਾਂ ਪਤਾ ਲੱਗਾ ਕਿ ਹੀਰਾ ਹੈ। ਉਸ ਨੇ ਜਦ ਇਸ ਦਾ ਵਜ਼ਨ ਕੀਤਾ ਤਾਂ ਉਹ 13.47 ਕੈਰੇਟ ਦਾ ਹੀਰਾ ਸੀ। ਇਸ ਦੌਰਾਨ ਉਸ ਨੂੰ ਆਪਣੇ ਸਾਥੀਆਂ ਨਾਲ ਖੁਦਾਈ ਦੌਰਾਨ ਛੇ ਹੋਰ ਛੋਟੇ ਹੀਰੇ ਵੀ ਮਿਲੇ ਹਨ। ਹੀਰਾ ਦਫਤਰ ਦੇ ਅਨੁਪਮ ਸਿੰਘ ਮੁਤਾਬਕ ਕੱਚੇ ਹੀਰੇ ਦੀ ਬਾਜ਼ਾਰ ਵਿੱਚ ਕੀਮਤ ਕਰੀਬ ਪੰਜਾਹ ਲੱਖ ਰੁਪਏ ਦੱਸੀ ਗਈ ਹੈ, ਪ੍ਰੰਤੂ ਅਸਲ ਕੀਮਤ ਨੀਲਾਮੀ ਵਿੱਚ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੇ ਮੁਤਾਬਕ ਤੈਅ ਕੀਤੀ ਜਾਏਗੀ।

ਕਾਂਗਰਸ ਆਗੂ ਨੇ ਕਿਹਾ:

## ਵਸੀਮ ਰਿਜ਼ਵੀ ਦਾ ਸਿਰ ਕੱਟ ਕੇ ਲਿਆਉ, 25 ਲੱਖ ਦਾ ਇਨਾਮ ਲਉ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਕਾਂਗਰਸ ਨੇਤਾ ਰਸ਼ੀਦ ਖ਼ਾਨ ਨੇ ਯੂ ਪੀ ਸ਼ੀਆ ਵਕਫ਼ ਬੋਰਡ ਦੇ ਸਾਬਕਾ ਚੇਅਰਮੈਨ ਵਸੀਮ ਰਿਜ਼ਵੀ ਦਾ ਸਿਰ ਲਿਆਉਣ ਵਾਲੇ ਨੂੰ 25 ਲੱਖ ਰੁਪਏ ਦਾ ਇਨਾਮ ਦੇਣ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਨਾਮ ਦੇਣ ਦੇ ਆਪਣੇ ਪੁਰਾਣੇ ਬਿਆਨ ਉੱਤੇ ਕਾਇਮ ਹਨ।

ਇਸ ਮੌਕੇ ਰਸ਼ੀਦ ਖਾਨ ਨੇ ਰਿਜ਼ਵੀ ਉੱਤੇ ਇਸਲਾਮ ਬਾਰੇ ਗ਼ਲਤ ਬਿਆਨ ਦੇਣ ਦਾ ਦੋਸ਼ ਲਾਇਆ ਹੈ। ਰਿਜ਼ਵੀ ਨੇ ਦੋ ਦਿਨ ਪਹਿਲਾਂ ਹਿੰਦੂ ਧਰਮ ਆਪਣਿਆ ਹੈ। ਇਸਲਾਮ ਬਾਰੇ ਕਈ ਬਿਆਨਾਂ ਕਾਰਨ ਉਹ ਵਿਵਾਦਾਂ ਵਿੱਚ ਹਨ ਤੇ ਖ਼ਾਨ ਨੇ ਕਿਹਾ ਸੀ, 'ਮੈਂ ਅੱਠ ਮਹੀਨੇ ਪਹਿਲਾਂ ਵਸੀਮ ਰਿਜ਼ਵੀ ਬਾਰੇ ਜੋ ਬਿਆਨ ਦਿੱਤਾ ਸੀ ਕਿ ਜੋ ਕੋਈ ਵਸੀਮ ਰਿਜ਼ਵੀ ਦਾ ਸਿਰ ਲਿਆਵੇਗਾ, ਮੈਂ ਉਸ ਨੂੰ 25 ਲੱਖ ਦਾ ਇਨਾਮ ਦੇਵਾਂਗਾ, ਮੈਂ ਉਸ ਉੱਤੇ ਕਾਇਮ ਹਾਂ।' ਉਨ੍ਹਾਂ ਦੋਸ਼ ਲਾਇਆ ਹੈ ਕਿ ਰਿਜ਼ਵੀ ਲਗਾਤਾਰ ਝੂਠੇ ਬਿਆਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਭਾਰਤ ਦੇ ਹਰ ਧਰਮ ਦਾ ਸਤਿਕਾਰ ਕਰਦੇ ਹਨ।

ਐਮਾਜ਼ੋਨ-ਫਿਊਚਰ ਮਾਮਲਾ:

## ਦਸਤਾਵੇਜ਼ ਪੇਸ਼ ਕਰਨ ਦੇ ਢੰਗ ਤੇ ਸਮੇਂ ਤੋਂ ਸੁਪਰੀਮ ਕੋਰਟ ਨਾਰਾਜ਼




ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਐਮਾਜ਼ੋਨ-ਫਿਊਚਰ ਮਾਮਲੇ ਵਿੱਚ ਸਬੰਧਤ ਪੱਖਾਂ ਵਲੋਂ ਪੇਸ਼ ਦਸਤਾਵੇਜ਼ਾਂ ਦੇ 'ਸਮੇਂ ਅਤੇ ਸਮੱਗਰੀ'ਬਾਰੇ ਨਾਰਾਜਗੀ ਪ੍ਰਗਟਾਈ ਤੇ ਫਿਊਚਰ ਗਰੁੱਪ ਦੀ ਅਰਜ਼ੀ ਉੱਤੇ ਸੁਣਵਾਈ 11 ਜਨਵਰੀ ਤਕ ਟਾਲ ਦਿੱਤੀ ਹੈ। ਫਿਊਚਰ ਗਰੁੱਪ ਨੇ ਦਿੱਲੀ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਆਰਬੀਟਰੇਸ਼ਨ ਕੋਰਟ ਦੇ ਫੈਸਲੇ ਉੱਤੇ ਰੋਕ ਲਗਾਉਣ ਤੋਂ ਇਨਕਾਰ ਕੀਤਾ ਗਿਆ ਸੀ।

ਆਰਬੀਟਰੇਸ਼ਨ ਕੋਰਟ ਨੇ ਸਿੰਗਾਪੁਰ ਕੌਮਾਂਤਰੀ ਆਰਬੀਟਰੇਸ਼ਨ ਕੇਂਦਰ (ਐਸ ਆਈ ਏ ਸੀ) ਵੱਲੋਂ ਸੁਣਾਏ ਗਏ ਫੈਸਲੇ ਵਿੱਚ ਦਖਲ ਦੇਣ ਤੋਂ ਇਨਕਾਰ ਕੀਤਾ ਸੀ। ਚੀਫ ਜਸਟਿਸ ਐਨ ਵੀ ਰਾਮੰਨਾ ਅਤੇ ਜਸਟਿਸ ਏ ਐਸ ਬੋਪੱਤਰਾ ਤੇ ਜਸਟਿਸ ਹਿਮਾ ਕੋਹਲੀ ਦੀ ਬੈਂਚ ਨੇ ਪਹਿਲਾਂ ਇਸ ਕੇਸ ਵਿੱਚ ਸਬੰਧਤ ਪੱਖਾਂ ਤੋਂ 'ਟਰੱਕ ਭਰ ਕੇ' ਦਸਤਾਵੇਜ਼ਾਂ ਦੀ ਥਾਂ ਥੋੜ੍ਹੇ ਦਸਤਾਵੇਜ਼ ਮੰਗੇ ਸਨ। ਬੈਂਚ ਨੇ ਕੱਲ੍ਹ ਫਿਰ ਫਿਊਚਰ ਗਰੁੱਪ ਵੱਲੋਂ ਪੇਸ਼ ਲਿਖਤੀ ਦਸਤਾਵੇਜ਼ਾਂ ਉੱਤੇ ਨਰਾਜ਼ਗੀ ਪ੍ਰਗਟ ਕੀਤੀ ਅਤੇ ਕਿਹਾ ਕਿ ਸਾਡੇ ਪਿਛਲੇ ਨਿਰਦੇਸ਼ ਦਾ ਮਕਸਦ ਇਹ ਸੀ ਕਿ ਤੁਸੀਂ ਆਪਣੇ ਵੱਲੋਂ ਲਿਖਤੀ ਦਸਤਾਵੇਜ਼ ਪਹਿਲਾਂ ਹੀ ਪੇਸ਼ ਕਰ ਦਿਓ, ਜਿਸ ਨਾਲ ਅਸੀਂ ਉਨ੍ਹਾਂ ਨੂੰ ਪੜ੍ਹ ਸਕੀਏ। ਸਾਨੂੰ ਇਹ ਦਸਤਾਵੇਜ਼ ਰਾਤ 10 ਵਜੇ ਮਿਲੇ। ਦੂਜੇ ਪੱਖ ਤੋਂ ਸਾਨੂੰ ਇਹ ਦਸਤਾਵੇਜ਼ ਕੱਲ੍ਹ ਸਵੇਰੇ ਮਿਲੇ। ਇਸ ਉੱਤੇ ਫਿਊਚਰ ਗਰੁੱਪਦੇ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਕਿਹਾ ਕਿ ਮੈਂ ਸੁਝਾਅ ਦੇ ਸਕਦਾ ਹਾਂ ਕਿ ਮੈਂ ਕੱਲ੍ਹ ਖੁਦ ਇੱਕ ਨੋਟ ਲਿਖਾਵਾਂਗਾ ਅਤੇ ਕੱਲ੍ਹ ਸ਼ਾਮ ਤਕ ਜਮ੍ਹਾਂ ਕਰਾਂਗਾ। ਇਸ ਉੱਤੇ ਬੈਂਚ ਨੇ ਕਿਹਾ ਕਿ ਜੇ ਕੋਈ ਬਹੁਤ ਜ਼ਰੂਰੀ ਨਹੀਂ ਹੈ ਤਾਂ ਇਸ ਮਾਮਲੇ ਦੀ ਅਗਲੀ ਸੁਣਵਾਈ 11 ਜਨਵਰੀ ਨੂੰ ਹੋ ਸਕਦੀ ਹੈ। ਸਾਰੇ ਪੱਖਾਂ ਨੇ ਇਸ ਉੱਤੇ ਸਹਿਮਤੀ ਦਿੱਤੀ।

## ਦਿੱਲੀ ਦੰਗਾ 2020 ਮਾਮਲੇ ਵਿਚ ਪੁਲਸ ਵਾਲੇ ਉਤੇ ਬੰਦੂਕ ਤਾਨਣ ਵਾਲੇ 'ਤੇ ਇਰਾਦਾ ਕਤਲ ਦਾ ਦੋਸ਼



ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਨੇ ਦਿੱਲੀ ਵਿੱਚ 2020 ਦੇ ਦੰਗਿਆਂ ਵੇਲੇ ਪੁਲਸ ਅਧਿਕਾਰੀ ਉੱਤੇ ਬੰਦੂਕ ਤਾਨਣ ਵਾਲੇ ਸ਼ਾਹਰੁਖ ਪਠਾਨ ਦੀ ਅਪੀਲ ਰੱਦ ਕਰਦੇ ਹੋਏ ਉਸ ਦੇ ਖਿਲਾਫ ਦੰਗਾ ਕਰਨ ਅਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਤੈਅ ਕੀਤੇ ਹਨ। ਦਿੱਲੀ ਪੁਲਸ ਦੇ ਹੈਡ ਕਾਂਸਟੇਬਲ ਦੀਪਕ ਦਹੀਆ ਉੱਤੇ ਬੰਦੂਕ ਤਾਨਣ ਦੀ ਪਠਾਨ ਦੀ ਤਸਵੀਰ ਪਿਛਲੇ ਸਾਲ ਫਿਰਕੂ ਦੰਗਿਆਂ ਦੌਰਾਨ ਸੋਸ਼ਲ ਮੀਡੀਆ ਉੱਤੇ ਨਜ਼ਰ ਆਈ ਸੀ ਅਤੇ ਉਸ ਨੂੰ ਤਿੰਨ ਮਾਰਚ 2020 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਵੇਲੇ ਉਹ ਤਿਹਾੜ ਜੇਲ੍ਹ ਵਿੱਚ ਬੰਦ ਹੈ।

ਦੋਸ਼ ਤੈਅ ਕਰਨ ਵੇਲੇਐਡੀਸ਼ਨਲ ਸੈਸ਼ਨ ਜੱਜ ਅਮਿਤਾਭ ਰਾਵਤ ਨੇ ਕਿਹਾ ਕਿ ਇਹ ਬੜਾ ਸਪੱਸ਼ਟ ਹੈ ਕਿ ਪਠਾਨ ਨੇ ਦੰਗਾਕਾਰੀਆਂ ਦੇ ਇੱਕ ਧੜੇ ਦੀ ਅਗਵਾਈ ਕੀਤੀ ਤੇ 24 ਫਰਵਰੀ 2020 ਨੂੰ ਹਵਾਲਦਾਰ ਦੀਪਕ ਦਹੀਆ ਦੇ ਜੀਵਨ ਨੂੰ ਖਤਰੇ ਵਿੱਚ ਪਾਇਆ ਤੇ ਇੱਕ ਸਰਕਾਰੀ ਕਰਮਚਾਰੀ ਦੇ ਕੰਮ ਵਿੱਚ ਰੁਕਾਵਟ ਪਾਈ ਅਤੇ ਅਪਰਾਧਕ ਸ਼ਕਤੀ ਦੀ ਵਰਤੋਂ ਕੀਤੀ। ਪਠਾਨ ਨੇ ਇਸ ਆਧਾਰ ਉੱਤੇ ਧਾਰਾ 307 ਅਤੇ 188 ਵਾਪਸ ਲੈਣ ਦੀ ਅਪੀਲ ਕੀਤੀ ਕਿ ਉਸ ਦਾ ਪੁਲਸ ਵਾਲੇ ਦੀ ਹੱਤਿਆ ਕਰਨ ਦਾ ਕੋਈ ਇਰਾਦਾ ਨਹੀਂ ਸੀ ਅਤੇ ਉਸ ਨੂੰ ਧਾਰਾ 144 ਲਾਗੂ ਹੋਣ ਦਾ ਪਤਾ ਨਹੀਂ ਸੀ।

## ਨਾਗਾਲੈਂਡ ਗੋਲੀਕਾਂਡ ਮਾਮਲੇ ਵਿਚ ਅਫਸਪਾ ਕਾਨੂੰਨ ਵਿਰੋਧੀ ਲਹਿਰ ਦੌਰਾਨ ਫੌਜ ਨੂੰ ਹਟਾਉਣ ਦੀ ਮੰਗ ਨੇ ਜ਼ੋਰ ਫੜਿਆ

ਕੋਹਿਮਾ, 9 ਦਸੰਬਰ (ਪੋਸਟ ਬਿਊਰੋ)- ਨਾਗਾਲੈਂਡ ਵਿੱਚ ਫੌਜ ਦੀ ਗੋਲਾਬਾਰੀ ਅਤੇ ਹੁੜਦੰਗ ਪਿੱਛੋਂ ਸੰਘਰਸ਼ ਵਿੱਚ 14 ਨਾਗਰਿਕਾਂ ਦੀ ਮੌਤ ਦੀ ਘਟਨਾ ਬਾਰੇ ਪੂਰੇ ਉਤਰ ਪੂਰਬ ਵਿੱਚ ਹਥਿਆਰਬੰਦ ਦਸਤਿਆਂ ਬਾਰੇ ਵਿਸ਼ੇਸ਼ ਅਧਿਕਾਰ ਐਕਟ (ਅਫਸਪਾ) ਨੂੰ ਖਤਮ ਕਰਨ ਅਤੇ ਫੌਜ ਨੰ ਹਟਾਉਣ ਦੀ ਮੰਗ ਜ਼ੋਰ ਫੜ ਰਹੀ ਹੈ।



ਕੋਨਿਆਕ ਯੂਨੀਅਨ ਅਤੇ ਦੂਸਰੇ ਸੰਗਠਨ ਇਸ ਮੰਗ ਉੱਤੇ ਅੜ ਗਏ ਹਨ ਕਿ ਨਾਗਾਲੈਂਡ ਤੋਂ ਅਫਸਪਾ ਕਾਨੂੰਨ ਨੂੰ ਖਤਮ ਕੀਤਾ ਜਾਏ ਅਤੇ ਇਲਾਕੇ ਵਿੱਚ ਤੈਨਾਤ ਫੌਜ ਅਤੇ ਅਰਧ ਸੈਨਿਕ ਦਸਤਿਆਂ ਦੇ ਸਭ ਟੈਂਟ ਹਟਾਏ ਜਾਣ। ਪਿੰਡ ਵਾਸੀਆਂ ਦਾ ਦਾਅਵਾ ਹੈ ਕਿ ਘਟਨਾ ਵਾਲੇ ਦਿਨ ਸ਼ਾਮ ਲਗਭਗ ਸਾਢੇਚਾਰ ਵਜੇ ਸੁਰੱਖਿਆ ਦਸਤਿਆਂ ਨੇ ਪਿਕਅਪ ਟਰੱਕ ਵਿੱਚ ਬੈਠੇ ਲੋਕਾਂ ਦੀ ਪਛਾਣ ਕੀਤੇ ਬਿਨਾਂ ਉਨ੍ਹਾਂ ਦੀ ਘੇਰਾਬੰਦੀ ਕੀਤੀ ਅਤੇਪਿੰਡ ਪਹੁੰਚਣ ਦੇ ਰਸਤੇ ਬੰਦ ਕਰ ਦਿੱਤੇ ਸਨ। ਪਿੰਡ ਵਾਸੀਆਂ ਨੇ ਬਾਅਦ ਵਿੱਚ ਸ਼ੱਕ ਹੋਣ ਉੱਤੇ ਪ੍ਰਸ਼ਾਸਨ ਨੂੰ ਦੱਸਿਆ ਤੇ ਸਾਢੇ ਤਿੰਨ ਘੰਟੇ ਬਾਅਦ ਖੁਦ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਤਾਂ ਖਾਲੀ ਪਿਕਅਪ ਟਰੱਕ ਉੱਤੇ ਗੋਲੀਆਂ ਦੇ ਨਿਸ਼ਾਨ ਦੇਖ ਕੇ ਜਵਾਨਾਂ ਦੇ ਤਿੰਨ ਵਾਹਨਾਂ ਦੀ ਤਲਾਸ਼ ਕੀਤੀ ਸੀ, ਜਿਸ ਦੇ ਬਾਅਦ ਕਤਲੇਆਮ ਦਾ ਖੁਲਾਸਾ ਹੋਇਆ।

ਵਰਨਣ ਯੋਗ ਹੈ ਕਿ ਸ਼ਨੀਵਾਰ ਨੂੰ ਸੁਰੱਖਿਆ ਦਸਤਿਆਂ ਨੇ ਅੱਤਵਾਦੀ ਮੰਨ ਕੇ ਗੋਲੀਬਾਰੀ ਕੀਤੀ ਸੀ, ਜਿਸ ਵਿੱਚ ਕੁਝ ਨਾਗਰਿਕ ਮਾਰੇ ਗਏ ਸਨ। ਐਤਵਾਰ ਨੂੰ ਲੋਕਾਂ ਨੇ ਸੁਰੱਖਿਆ ਦਸਤਿਆਂ ਉੱਤੇ ਹਮਲਾ ਕੀਤਾ ਤਾਂ ਓਥੇ ਬਚਾਅ ਵਿੱਚ ਸੁਰੱਖਿਆ ਦਸਤਿਆਂ ਨੇ ਫਿਰ ਗੋਲੀਬਾਰੀ ਕੀਤੀ, ਜਿਸ ਵਿੱਚ 14 ਨਾਗਰਿਕ ਅਤੇ ਇੱਕ ਜਵਾਨ ਮਾਰਿਆ ਗਿਆ। ਇਸ ਦੇ ਬਾਅਦ ਨਾਗਾਲੈਂਡ ਦੀ ਘਟਨਾ ਉੱਤੇ ਤ੍ਰਿਣਮੂਲ ਕਾਂਗਰਸ ਨੇ ਕੱਲ੍ਹ ਨਵੀਂ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮੈਮੋਰੰਡਮਦੇ ਕੇ ਅਫਸਪਾ ਕਾਨੂੰਨ ਹਟਾਉਣ ਦੀ ਮੰਗ ਕੀਤੀ ਅਤੇ ਕਿਹਾ ਕਿ ਪਾਰਲੀਮੈਂਟ ਵਿੱਚ ਗ੍ਰਹਿ ਮੰਤਰੀ ਸ਼ਾਹ ਨੇ ਇਹ ਗੱਲ ਮੰਨੀ ਹੈ ਕਿ ਗਲਤ ਪਛਾਣ ਦੇ ਕਾਰਨ ਸੁਰੱਖਿਆ ਦਸਤਿਆਂ ਦੀ ਗੋਲੀਬਾਰੀ ਵਿੱਚ ਨਾਗਰਿਕ ਮਾਰੇ ਗਏ, ਪ੍ਰੰਤੂ ਉਨ੍ਹਾਂ ਨੇ ਮੁਆਵਜ਼ੇ ਦੀ ਗੱਲਨਹੀਂ ਕੀਤੀ। ਐਨ ਡੀ ਏ ਗੱਠਜੋੜ ਵਿੱਚ ਸ਼ਾਮਲ ਨਾਗਾਲੈਂਡ ਪੀਪੁਲਸ ਫਰੰਟ ਦੇ ਪਾਰਲੀਮੈਂਟ ਮੈਂਬਰ ਲੋਰਹੋ ਪਫੋਜੇ ਨੇ ਲੋਕ ਸਭਾ ਵਿੱਚ ਕਿਹਾ ਕਿ ਆਖਰ ਅਫਸਪਾ ਨਾਲ ਹੋਰ ਕਿੰਨੇ ਨਾਗਰਿਕ ਮਾਰੇ ਜਾਣਗੇ। ਇਸ ਨਾਲ ਉਤਰ ਪੂਰਬ ਦੇ ਰਾਜ ਮਣੀਪੁਰ, ਨਾਗਾਲੈਂਡ, ਮੇਘਾਲਿਆ, ਅਸਾਮ ਅਤੇ ਅਰੁਣਾਚਲ ਪ੍ਰਦੇਸ਼ ਦੇ ਲੋਕ ਪੀੜਤ ਹਨ।

## ਧਾਰਾ 370 ਹਟਣ ਪਿੱਛੋਂ ਕਿਸੇ ਕਸ਼ਮੀਰੀ ਨੇ ਹਿਜਰਤ ਨਹੀਂ ਕੀਤੀ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕੱਲ੍ਹ ਰਾਜ ਸਭਾ ਨੂੰ ਦੱਸਿਆ ਕਿ ਧਾਰਾ 370 ਨੂੰ ਹਟਾਏ ਜਾਣ ਪਿੱਛੋਂ ਕਸ਼ਮੀਰ ਵਿੱਚ ਘੱਟੋ-ਘੱਟ 96 ਨਾਗਰਿਕ ਮਾਰੇ ਗਏ, ਜਦ ਕਿ ਸੁਰੱਖਿਆ ਦਸਤਿਆਂ ਨੇ 366 ਅੱਤਵਾਦੀਆਂ ਨੂੰ ਮਾਰਿਆ ਹੈ। ਇਸ ਦੌਰਾਨ 81 ਸੁਰੱਖਿਆ ਜਵਾਨ ਵੀ ਸ਼ਹੀਦ ਹੋਏ ਹਨ।

ਇੱਕ ਲਿਖਤੀ ਉਤਰ ਵਿੱਚ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਇਹ ਵੀ ਕਿਹਾ ਕਿ ਪੰਜ ਅਗਸਤ 2019 ਨੂੰ ਧਾਰਾ 370 ਨੂੰ ਰੱਦ ਕਰਨ ਪਿੱਛੋਂ ਕਿਸੇ ਵੀ ਕਸ਼ਮੀਰੀ ਹਿੰਦੂ ਨੇ ਕਸ਼ਮੀਰ ਘਾਟੀ ਤੋਂ ਹਿਜਰਤ ਨਹੀਂ ਕੀਤੀ। ਪਿੱਛੇ ਜਿਹੇ ਕਸ਼ਮੀਰ ਵਿੱਚ ਰਹਿਣ ਵਾਲੇ ਕੁਝ ਕਸ਼ਮੀਰੀ ਹਿੰਦੂ ਪਰਵਾਰ ਜੰਮੂ ਖੇਤਰ ਵਿੱਚ ਵਾਪਸ ਚਲੇ ਗਏ ਹਨ। ਮੰਤਰੀ ਨੇ ਕਿਹਾ ਕਿ ਇਹ ਪਰਵਾਰ ਸਰਕਾਰੀ ਮੁਲਾਜ਼ਮਾਂ ਦੇ ਹਨ, ਜਿਨ੍ਹਾਂ ਵਿੱਚੋਂ ਕਈ ਅਧਿਕਾਰੀਆਂ ਦੀ ਆਵਾਜਾਈ ਤੇ ਸਿੱਖਿਆ ਸੰਸਥਾਵਾਂ ਵਿੱਚ ਸਰਦ ਰੁੱਤ ਦੀਆਂ ਛੁੱਟੀਆਂ ਕਾਰਨ ਸਰਦੀਆਂ ਵਿੱਚ ਜੰਮੂ ਚਲੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਧਾਰਾ 370 ਰੱਦ ਹੋਣ ਤੋਂ ਬਾਅਦ ਜੰਮੂ ਤੇ ਕਸ਼ਮੀਰ ਸਰਕਾਰ ਨੇ ਲਗਭਗ 31000 ਕਰੋੜ ਰੁਪਏ ਨਿਵੇਸ਼ ਮਿਲਣ ਦੀ ਸੂਚਨਾ ਦਿੱਤੀ ਹੈ।

ਮੰਤਰੀ ਨੇ ਇੱਕ ਸਵਾਲ ਦੇ ਜਵਾਬ ਵਿੱਚ ਸਦਨ ਨੂੰ ਦੱਸਿਆ ਕਿ 2018 ਤੋਂ 2020 ਤਕ ਬੀਤੇ ਤਿੰਨ ਸਾਲਾਂ ਵਿੱਚ ਦੇਸ਼ ਵਿੱਚ ਦੰਗਿਆਂ ਦੀ ਗਿਣਤੀ ਵਿੱਚ ਗਿਰਾਵਟ ਆਈ ਹੈ। ਉਨ੍ਹਾਂ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ ਸੀ ਆਰਬੀ) ਦੇ ਅੰਕੜਿਆਂ ਨਾਲ ਦੱਸਿਆ ਕਿ 2018 ਵਿੱਚ ਦੰਗਿਆਂ ਵਿੱਚ 41 ਲੋਕਾਂ ਦੀ ਜਾਨ ਗਈ, 2019 ਵਿੱਚ 23 ਅਤੇ 2020 ਵਿੱਚ 37 ਲੋਕ ਮਾਰੇ ਗਏ ਸਨ। ਇਲੈਕਟ੍ਰੋਨਿਕਸ ਤੇ ਆਈ ਟੀ ਬਾਰੇ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਲੋਕ ਸਭਾ ਨੂੰ ਦੱਸਿਆ ਕਿ ਸੂਚਨਾ ਤਕਨੀਕ ਐਕਟ 2000 ਦੀ ਧਾਰਾ 69 ਦੀ ਤਜਵੀਜ਼ ਹੇਠ ਸਰਕਾਰ ਨੇ ਸਾਲ 2020 ਵਿੱਚ 9849 ਅਕਾਊਂਟ ਅਤੇ ਯੂ ਆਰ ਐਲ ਬਲਾਕ ਕਰਨ ਨੂੰ ਕਿਹਾ ਸੀ।

## ਪਾਰਲੀਮੈਂਟ ਵਿੱਚ ਰਾਹੁਲ ਨੇ ਸਰਕਾਰ ਨੂੰ ਮਾਰੇ ਗਏ ਕਿਸਾਨਾਂ ਦੀ ਸੂਚੀ ਦਿੱਤੀ



ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦੇਸ਼ ਵਿੱਚ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਵਿੱਚ ਜਾਨ ਗੁਆਉਣ ਵਾਲੇ ਕਿਸਾਨਾਂ ਦੀ ਸੂਚੀ ਲੋਕ ਸਭਾ ਵਿੱਚ ਪੇਸ਼ ਕੀਤੀ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਹਰਿਆਣਾ ਤੇ ਪੰਜਾਬ ਦੇ ਸ਼ਹੀਦ ਕਿਸਾਨਾਂ ਦੇ ਪਰਵਾਰਕ ਮੈਂਬਰਾਂ ਨੂੰ ਮੁਆਵਜ਼ਾ ਤੇ ਨੌਕਰੀ ਦਿੱਤੀ ਜਾਵੇ।

ਲੋਕ ਸਭਾ ਵਿੱਚ ਸਿਫਰ ਕਾਲ ਸ਼ੁਰੂ ਹੁੰਦੇ ਹੀ ਸਪੀਕਰ ਓਮ ਬਿਰਲਾ ਨੇ ਰਾਹੁਲ ਦਾ ਨਾਂ ਲਿਆ।ਰਾਹੁਲ ਗਾਂਧੀ ਨੇ ਕਿਹਾ ਕਿਦੇਸ਼ ਜਾਣਦਾ ਹੈ ਕਿ ਕਿਸਾਨ ਅੰਦੋਲਨ ਵਿੱਚ ਕਰੀਬ 700 ਕਿਸਾਨਾਂ ਨੇ ਸ਼ਹਾਦਤ ਦਿੱਤੀ ਹੈ। ਪ੍ਰਧਾਨ ਮੰਤਰੀ ਜੀ ਨੇ ਖ਼ੁਦ ਦੇਸ਼ ਦੇ ਕਿਸਾਨਾਂ ਤੋਂ ਮੁਆਫੀ ਮੰਗੀ ਤੇ ਆਪਣੀ ਗਲਤੀ ਸਵੀਕਾਰ ਕੀਤੀ ਹੈ। ਕਾਂਗਰਸ ਨੇਤਾ ਨੇ ਕਿਹਾ ਕਿ ਬੀਤੀ 30 ਨਵੰਬਰ ਨੂੰ ਖੇਤੀਬਾੜੀ ਮੰਤਰੀ ਤੋਂ ਜਦੋਂ ਪੁੱਛਿਆ ਗਿਆ ਕਿ ਕਿਸਾਨ ਅੰਦੋਲਨ ਵਿੱਚ ਕਿੰਨੀਆਂ ਮੌਤਾਂ ਹੋਈਆਂ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਕੋਲ ਕੋਈ ਅੰਕੜਾ ਨਹੀਂ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਉਹ ਇਹ ਸੂਚੀ ਲੈ ਕੇ ਆਏ ਹਨ ਅਤੇ ਇਸ ਨੂੰ ਸਦਨ ਦੇ ਟੇਬਲ ਉੱਤੇ ਰੱਖਣਾ ਚਾਹੁੰਦੇ ਹਨ। ਪੰਜਾਬ ਸਰਕਾਰ ਨੇ ਅਜਿਹੇ 400 ਕਿਸਾਨਾਂ ਨੂੰ ਪੰਜ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਅਤੇ 152 ਨੂੰ ਨੌਕਰੀ ਦਿੱਤੀ ਹੈ। ਇੱਕ ਸੂਚੀ ਹਰਿਆਣਾ ਦੇ 70 ਕਿਸਾਨਾਂ ਦੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਜੀ ਨੇ ਮੁਆਫੀ ਮੰਗੀ ਹੈ ਤੇ ਕਿੰਨੇ ਸ਼ਹੀਦ ਹੋਏ ਹਨ, ਇਹ ਉਨ੍ਹਾਂ ਨੂੰ ਪਤਾ ਨਹੀਂ। ਇਹ ਨਾਂ ਸਾਡੇ ਕੋਲ ਹਨ। ਮੈਂ ਚਾਹੁੰਦਾ ਹਾਂ ਕਿ ਜੋ ਹੱਕ ਇਨ੍ਹਾਂ ਦਾ ਬਣਦਾ ਹੈ, ਉਹ ਮਿਲਣਾ ਚਾਹੀਦਾ ਹੈ। ਇਨ੍ਹਾਂ ਕਿਸਾਨਾਂ ਦੇ ਪਰਵਾਰਾਂ ਨੂੰ ਮੁਆਵਜ਼ਾਂ ਅਤੇ ਨੌਕਰੀ ਮਿਲਣੀ ਚਾਹੀਦੀ ਹੈ। ਰਾਹੁਲ ਗਾਂਧੀ ਇੰਨਾ ਕਹਿ ਕੇ ਬੈਠ ਗਏ।

ਯੂ ਪੀ ਦੇ ਮੰਤਰੀ ਦਾ ਭੜਕਾਊ ਬਿਆਨ

## ਕ੍ਰਿਸ਼ਨ ਜਨਮ ਭੂਮੀ ਨੇੜਲੀ ਮਸਜਿਦ ਹਿੰਦੂਆਂ ਨੂੰ ਸੌਂਪ ਦੇਣ ਮੁਸਲਮਾਨ

ਬਲੀਆ, 9 ਦਸੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ਦੀ ਭਾਜਪਾ ਸਰਕਾਰ ਦੇ ਮੰਤਰੀ ਆਨੰਦ ਸਰੂਪ ਸ਼ੁਕਲਾ ਨੇ ਕਿਹਾ ਹੈ ਕਿ ਮਥੁਰਾ ਵਿੱਚ ਸ੍ਰੀ ਕ੍ਰਿਸ਼ਨ ਜਨਮ ਭੂਮੀ ਨੇੜਲੀ ਮਸਜਿਦ ਮੁਸਲਮਾਨਾਂ ਨੂੰ ਹਿੰਦੂਆਂ ਨੂੰ ਸੌਂਪ ਦੇਣੀ ਚਾਹੀਦੀ ਹੈ। ਉਨ੍ਹਾਂ ਇਸ ਨੂੰ 'ਸਫੈਦ ਭਵਨ' ਕਹਿ ਕੇ ਸੰਬੋਧਨ ਕੀਤਾ ਅਤੇ ਭੜਕਾਊ ਬਿਆਨ ਦਿੰਦਿਆਂ ਕਿਹਾ ਕਿ ਅਦਾਲਤ ਨੇ ਅਯੁੱਧਿਆ ਦਾ ਮਸਲਾ ਸੁਲਝਾ ਦਿੱਤਾ, ਪਰ ਵਾਰਾਣਸੀ ਤੇ ਮਥੁਰਾ ਵਿੱਚ 'ਸਫੈਦ ਭਵਨ' ਹਿੰਦੂਆਂ ਨੂੰ ਠੇਸ ਪੁਚਾ ਰਹੇ ਹਨ।

ਸ਼ੁਕਲਾ ਨੇ ਕਿਹਾ, ''ਸਮਾਂ ਆਏਗਾ, ਜਦ ਮਥੁਰਾ ਵਿਚਲਾ ਸਫੈਦ ਭਵਨ, ਜੋ ਹਰ ਹਿੰਦੂ ਨੂੰ ਠੇਸ ਪੁਚਾਉਂਦਾ ਹੈ, ਨੂੰ ਅਦਾਲਤ ਦੀ ਮਦਦ ਨਾਲ ਹਟਾ ਦਿੱਤਾ ਜਾਵੇਗਾ।'' ਉਨ੍ਹਾ ਨੇ ਕਿਹਾ, ''ਡਾਕਟਰ ਰਾਮ ਮਨੋਹਰ ਲੋਹੀਆ ਨੇ ਕਿਹਾ ਸੀ ਕਿ ਭਾਰਤ ਦੇ ਮੁਸਲਮਾਨਾਂ ਨੂੰ ਇਸ ਗੱਲ ਉਤੇ ਯਕੀਨ ਕਰਨਾ ਪਵੇਗਾ ਕਿ ਉਹ ਰਾਮ ਤੇ ਕ੍ਰਿਸ਼ਨ ਦੀ ਵੰਸ਼ ਸਨ ਅਤੇ ਬਾਬਰ, ਅਕਬਰ ਤੇ ਔਰੰਗਜ਼ੇਬ ਹਮਲਾਵਰ ਸਨ। ਉਨ੍ਹਾਂ ਵੱਲੋਂ ਬਣਾਈ ਕਿਸੇ ਇਮਾਰਤ ਨੂੰ ਉਹ ਆਪਣੇ ਨਾਲ ਜੋੜ ਕੇ ਨਾ ਦੇਖਣ। ਮੰਤਰੀ ਨੇ ਕਿਹਾ, ''ਮੁਸਲਿਮ ਭਾਈਚਾਰਾ ਅੱਗੇ ਆ ਕੇ ਮਥੁਰਾ ਦਾ ਸਫੈਦ ਭਵਨ ਹਿੰਦੂਆਂ ਨੂੰ ਦੇਵੇ। ਇਸ



ਕਾਰਜ ਨੂੰ ਪੂਰਾ ਕਰਨ ਦਾ ਸਮਾਂ ਆ ਗਿਆ ਹੈ।'' ਸ਼ੁਕਲਾ ਨੇ ਕਿਹਾ ਕਿ ਛੇ ਦਸੰਬਰ (1992), ਕਾਰਸੇਵਕਾਂ ਨੇ 'ਰਾਮਲੱਲਾ' ਉਤੇ ਲੱਗਾ ਦਾਗ ਮਿਟਾ ਦਿੱਤਾ ਸੀ ਤੇ ਅੱਜ ਉਥੇ ਸ਼ਾਨਦਾਰ ਮੰਦਰ ਉਸਾਰਿਆ ਜਾ ਰਿਹਾ ਹੈ।

ਸ਼ੀਆ ਵਕਫ ਬੋਰਡ ਦੇ ਚੇਅਰਮੈਨ ਸਈਦ ਵਸੀਮ ਰਿਜ਼ਵੀ ਵੱਲੋਂ ਸਨਾਤਨ ਧਰਮ ਅਪਣਾਉਣ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਕਿਹਾ ਕਿ ਮੁਸਲਮਾਨਾਂ ਨੂੰ ਰਿਜ਼ਵੀ ਵਾਂਗ 'ਘਰ ਵਾਪਸੀ' ਕਰਨੀ ਚਾਹੀਦੀ ਹੈ। ਯੂ ਪੀ ਦੇ ਮੰਤਰੀ ਨੇ ਕਿਹਾ, 'ਦੇਸ਼ ਦੇ ਸਾਰੇ ਮੁਸਲਮਾਨਾਂ ਦਾ ਪਹਿਲਾਂ ਧਰਮ ਬਦਲਿਆ ਹੋਇਆ ਹੈ। ਉਹ ਚਾਹੁੰਦੇ ਹਨ ਕਿ ਸਾਰੇ ਮੁਸਲਮਾਨ ਘਰ ਵਾਪਸੀ ਕਰਨ।' ਸ਼ੁਕਲਾ ਨੇ ਕਿਹਾ ਕਿ ਇਹ ਕਦਮ ਮੌਲਵੀਆਂ ਅਤੇ ਸਾਰੇ ਮੌਲਾਨਾ ਲਈ ਚੁਣੌਤੀ ਹੋਵੇਗਾ, ਜੋ ਦੇਸ਼ ਵਿੱਚ ਤਾਲਿਬਾਨੀ ਮਾਨਸਿਕਤਾ ਦਾ ਪ੍ਰਚਾਰ ਕਰਦੇ ਹਨ। ਭਾਜਪਾ ਸਰਕਾਰ ਦੇ ਮੰਤਰੀ ਨੇ ਸਮਾਜਵਾਦੀ ਪਾਰਟੀ ਦੇ ਮੋਢੀ ਅਤੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਤੇ ਅਖਿਲੇਸ਼ ਯਾਦਵ ਨੂੰ 'ਹਿੰਦੂ ਵਿਰੋਧੀ' ਕਰਾਰ ਦਿੱਤਾ।

ਇਸ ਦੌਰਾਨ ਯੂ ਪੀ ਦੀ ਭਾਜਪਾ ਸਰਕਾਰ ਨੇ ਇੱਕ ਹੋਰ ਮੰਤਰੀ ਲਕਸ਼ਮੀ ਨਾਰਾਇਣ ਚੌਧਰੀ ਨੇ ਵੀ ਕਿਹਾ ਕਿ ਜੇ ਕ੍ਰਿਸ਼ਨ ਮੰਦਰ ਮਥੁਰਾ ਵਿੱਚ ਨਾ ਬਣੇਗਾ ਤਾਂ ਕੀ ਲਾਹੌਰ ਵਿੱਚ ਬਣੇਗਾ। ਵਰਨਣ ਯੋਗ ਹੈ ਕਿ ਮੰਦਰ ਲਈ ਤਜਵੀਜ਼ ਵਾਲੀ ਥਾਂ ਜਿਸ ਬਾਰੇ ਕਈ ਕੇਸ ਚੱਲ ਰਹੇ ਹਨ, ਉਹ ਮਥੁਰਾ ਵਿੱਚ ਔਰੰਗਜ਼ੇਬ ਦੇ ਰਾਜ ਦੀ ਮਸਜਿਦ ਦੇ ਅੰਦਰ ਹੈ। ਇਹ ਹੋਰ ਵੀ ਕਈ ਪ੍ਰਸਿੱਧ ਮੰਦਰਾਂ ਦੇ ਨਾਲ ਲੱਗਦੀ ਹੈ। ਮੰਤਰੀ ਨੇ ਕਿਹਾ ਕਿ ਕ੍ਰਿਸ਼ਨ ਮੰਦਰ ਉਦੋਂ ਸੰਪੂਰਨ ਹੋਵੇਗਾ, ਜਦ ਇਸ ਨੂੰ ਕੰਸ ਕਿਲ੍ਹੇ ਦੀ ਬਾਕੀ ਬਚੀ ਪੂਰੀ ਜ਼ਮੀਨ ਉੱਤੇ ਉਸਾਰਿਆ ਜਾਵੇਗਾ। ਇਸ ਖੇਤਰ ਵਿੱਚ ਸ਼ਾਹੀ ਈਦਗਾਹ ਮਸਜਿਦ ਵੀ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਅਖਿਲ ਭਾਰਤੀ ਹਿੰਦੂ ਮਹਾਸਭਾ ਨੇ ਈਦਗਾਹ ਦੇ ਨਾਲ ਲੱਗਦੇ ਕ੍ਰਿਸ਼ਨ ਮੰਦਰ ਵਿੱਚ ਭਗਵਾਨ ਕ੍ਰਿਸ਼ਨ ਦੀ ਮੂਰਤੀ ਸਥਾਪਤ ਕਰਨ ਅਤੇ ਇਸ ਦੇ 'ਜਲ ਅਭਿਸ਼ੇਕ' ਦੀ ਇਜਾਜ਼ਤ ਮੰਗੀ ਸੀ, ਪਰ ਨਹੀਂ ਮਿਲੀ ਸੀ। ਇਲਾਕੇ ਵਿੱਚ ਧਾਰਾ 144 ਲਾ ਦਿੱਤੀ ਗਈ ਸੀ।

## ਬਿਨਾਂ ਦਰਦ ਤੋਂ ਇੱਕ ਮਿੰਟ ਵਿੱਚ ਮੌਤ ਹੋ ਸਕੇਗੀ

* ਸਵਿਟਜ਼ਰਲੈਂਡ ਵਿੱਚ ਮੌਤ ਦੀ ਮਸ਼ੀਨ ਨੂੰ ਕਾਨੂੰਨੀ ਮਨਜ਼ੂਰੀ ਮਿਲੀ



ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਸਵਿਟਜ਼ਰਲੈਂਡ ਸਰਕਾਰ ਨੇ ਸੁਸਾਈਡ ਮਸ਼ੀਨ ਵਰਤਣ ਨੂੰ ਕਾਨੂੰਨੀ ਪੱਖ ਤੋਂ ਮਨਜ਼ੂਰੀ ਦੇ ਦਿੱਤੀ ਹੈ। ਇਸ ਨੂੰ ਬਣਾਉਣ ਵਾਲੀ ਕੰਪਨੀ ਦਾ ਦਾਅਵਾ ਹੈ ਕਿ ਇਸ ਨਾਲ ਕਿਸੇ ਵਿਅਕਤੀ ਦੀ ਇੱਕ ਮਿੰਟ ਦੇ ਅੰਦਰ ਬਿਨਾਂ ਦਰਦ ਦੇ ਮੌਤ ਹੋ ਸਕਦੀ ਹੈ। ਇਹ ਮਸ਼ੀਨ ਤਾਬੂਤ ਜਿਹੀ ਹੈ। ਇਸ ਮਸ਼ੀਨ ਨਾਲ ਆਕਸੀਜਨ ਦਾ ਲੈਵਲ ਬਹੁਤ ਘੱਟ ਕਰ ਦਿੱਤਾ ਜਾਂਦਾ ਹੈ, ਜਿਸ ਨਾਲ 1 ਮਿੰਟ ਵਿੱਚ ਮੌਤ ਹੋ ਜਾਂਦੀ ਹੈ।

ਐਗਜ਼ਿਟ ਇੰਟਰਨੈਸ਼ਨਲ ਨਾਂ ਦੀ ਸੰਸਥਾ ਦੇ ਡਾਇਰੈਕਟਰ ਡਾ. ਫ਼ਲਿਪ ਨਿਟਸਕੇ ਨੇ ਇਹ ਮੌਤ ਮਸ਼ੀਨ ਬਣਾਈ ਹੈ। ਉਨ੍ਹਾਂ ਨੂੰ ਡਾ. ਡੈਥ ਵੀ ਕਿਹਾ ਜਾਂਦਾ ਹੈ।ਸਵਿਟਜ਼ਰਲੈਂਡ ਵਿੱਚ ਇੱਛਾ ਮੌਤ ਦੇ ਲਈ ਕਾਨੂੰਨੀ ਮਾਨਤਾ ਹੈ। ਐਗਜ਼ਿਟ ਇੰਟਰਨੈਸ਼ਨਲ ਦਾ ਦਾਅਵਾ ਹੈ ਕਿ ਪਿਛਲੇ ਸਾਲ ਸਵਿਟਜ਼ਰਲੈਂਡ ਵਿੱਚ 1300 ਲੋਕਾਂ ਨੇ ਦੂਜਿਆਂ ਦੀ ਮਦਦ ਨਾਲ ਆਤਮਹਤਿਆ ਕੀਤੀ ਸੀ। ਕਿਹਾ ਜਾ ਰਿਹਾ ਹੈ ਕਿ ਇਸ ਮਸ਼ੀਨ ਨੂੰ ਅਜਿਹੇ ਲੋਕਾਂ ਲਈ ਬਣਾਇਆ ਗਿਆ ਹੈ ਜੋ ਬਿਮਾਰੀ ਕਾਰਨ ਹਿੱਲਜੁਲ ਵੀ ਨਹੀਂ ਸਕਦੇ। ਬ੍ਰਿਟਿਸ਼ ਵੈਬਸਾਈਟ ਇੰਡੀਪੈਂਡੇਂਟ ਦੀ ਰਿਪੋਰਟ ਦੇ ਮੁਤਾਬਕ ਇਸ ਮਸ਼ੀਨ ਨੂੰ ਅੰਦਰੋਂ ਵੀ ਆਪਰੇਟ ਕੀਤਾ ਜਾ ਸਕਦਾ ਹੈ। ਕੋਈ ਵਿਅਕਤੀ ਮਸ਼ੀਨ ਨੂੰ ਅੱਖਾਂ ਬੰਦ ਕਰ ਕੇ ਵੀ ਚਲਾ ਸਕਦਾ ਹੈ। ਇਸ ਮਸ਼ੀਨ ਵਿੱਚ ਬਾਇਓ-ਡੀਗ੍ਰੇਡੇਬਲ ਕੈਪਸੂਲ ਲੱਗਾ ਹੈ, ਜਿਸ ਨੂੰ ਤਾਬੂਤ ਵਾਂਗ ਇਸਤੇਮਾਲ ਕੀਤਾ ਜਾ ਸਕਦਾ ਹੈ।

## 50 ਅਰਬ ਡਾਲਰ ਦਾ ਬਿਟਕਵਾਇਨ ਕੇਸਕ੍ਰੇਗ ਵ੍ਹਾਈਟ ਨੇ ਜਿੱਤਿਆ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਕੰਪਿਊਟਰ ਵਿਗਿਆਨੀ ਅਤੇ ਖੁਦ ਨੂੰ ਬਿਟਕਵਾਇਨ ਦਾ ਮੋਢੀ ਦੱਸਣ ਵਾਲੇ ਕ੍ਰੇਗ ਵ੍ਹਾਈਟ ਨੇ ਪੰਜਾਹ ਅਰਬ ਡਾਲਰ (ਕਰੀਬ 3.75 ਲੱਖ ਕਰੋੜ ਰੁਪਏ) ਤੋਂ ਵੱਧ ਕੀਮਤ ਦਾ ਬਿਟਕਵਾਇਨ ਦਾ ਕੇਸ ਜਿੱਤ ਲਿਆ ਹੈ। ਵ੍ਹਾਈਟ ਦੇ ਬਿਜ਼ਨਸ ਭਾਈਵਾਲ ਅਤੇ ਬਿਟਕਵਾਇਨ ਦੇ ਕੋ-ਫਾਊਂਡਰ ਡੇਵਿਡ ਕਲੀਮੈਨ ਦੇ ਗੁਜ਼ਰ ਜਾਣ ਪਿੱਛੋਂ ਉਸ ਦੇ ਪਰਵਾਰ ਨੇ ਕਰੀਬ 11 ਲੱਖ ਬਿਟਕਵਾਇਨ ਉੱਤੇ ਸਾਂਝੇ ਅਧਿਕਾਰ ਲਈ ਫਲੋਰੀਡਾ ਦੀ ਦੀਵਾਨੀ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਸੀ। ਇਸ ਦਾ ਮੁੱਲ ਪੰਜਾਹ ਅਰਬ ਡਾਲਰ ਤੋਂ ਵੱਧ ਹੈ।

ਪਰਵਾਰ ਦਾ ਦਾਅਵਾ ਸੀ ਕਿ ਇਨ੍ਹਾਂਬਿਟਕਵਾਇਨ ਵਿੱਚੋਂ ਉਸ ਨੂੰ ਅੱਧਾ ਹਿੱਸਾ ਮਿਲਣਾ ਚਾਹੀਦਾ ਹੈ। ਅਦਾਲਤ ਨੇ ਬਿਟਕਵਾਇਨ ਉੱਤੇ ਵ੍ਹਾਈਟ ਦਾ ਦਾਅਵਾ ਕਾਇਮ ਰੱਖਿਆ, ਪਰ ਵ੍ਹਾਈਟ ਨੂੰ ਕਿਹਾ ਕਿ ਉਹ ਕਲੀਮੈਨ ਨਾਲ ਸਾਂਝੇ ਅਦਾਰੇ ਵਾਲੀ ਕੰਪਨੀ ਨੂੰ ਬੌਧਿਕ ਜਾਇਦਾਦ ਅਧਿਕਾਰ (ਆਈ ਪੀ ਆਰ) ਵਜੋਂ 10 ਕਰੋੜ ਡਾਲਰ ਯਾਨੀ ਕਰੀਬ 750 ਕਰੋੜ ਰੁਪਏ ਦਾ ਭੁਗਤਾਨ ਕਰੇ।ਇਸ ਕੇਸ ਦੇ ਕੇਂਦਰ ਵਿੱਚ ਸ਼ੁਰੂ ਵਾਲੇ 11 ਲੱਖ ਬਿਟਕਵਾਇਨ ਹਨ। ਇਹ ਕੇਵਲ ਉਨ੍ਹਾਂ ਕੋਲ ਹੋ ਸਕਦੇ



ਹਨ, ਜੋ ਇਸ ਡਿਜੀਟਲ ਕਰੰਸੀ ਨਾਲ ਐਨ ਸ਼ੁਰੂ ਤੋਂ ਜੁੜੇ ਸਨ। ਬਿਟਕਵਾਇਨ ਦਾ ਮੋਢੀ ਸਤੋਸ਼ੀ ਨਾਕਾਮੋਤੋ ਨੂੰ ਮੰਨਿਆ ਜਾਂਦਾ ਹੈ। ਪੂਰਾ ਬਿਟਕਵਾਇਨ ਜਗਤ ਇਹ ਜਾਣਨਾ ਚਾਹੁੰਦਾ ਸੀ ਕਿ ਵ੍ਹਾਈਟ ਇਨ੍ਹਾਂ ਬਿਟਕਵਾਇਨ ਨੂੰ ਆਪਣਾ ਕਿਵੇਂ ਸਾਬਤ ਕਰਦੇ ਹਨ। ਜੇ ਉਹ ਅਜਿਹਾ ਕਰਨ ਤਾਂ ਸਾਲ 2016 ਵਿੱਚ ਪਹਿਲੀ ਵਾਰ ਉਨ੍ਹਾਂ ਦਾ ਕੀਤਾ ਇਹ ਦਾਅਵਾ ਕਿ ਉਹੀ ਨਾਕਾਮੋਤੋ ਹਨ, ਸਹੀ ਸਾਬਤ ਹੋਵੇਗਾ। ਡੇਵਿਡ ਕਲੀਨੈਨ ਦਾ 46 ਸਾਲ ਦੀ ਉਮਰ ਵਿੱਚ ਅਪ੍ਰੈਲ 2013 ਵਿੱਚ ਮੌਤ ਹੋਣ ਪਿੱਛੋਂ ਉਨ੍ਹਾਂ ਦੇ ਪਰਵਾਰ ਨੇ ਕਿਹਾ ਕਿ ਵ੍ਹਾਈਟ ਅਤੇ ਕਲੀਮੈਨ ਨੇ ਮਿਲ ਕੇ ਬਿਟਕਵਾਇਨ ਸ਼ੁਰੂ ਕੀਤਾ ਸੀ।

ਮਹਿਬੂਬਾ ਮੁਫਤੀ ਵੱਲੋਂ ਦੋਸ਼

## ਜੰਮੂ-ਕਸ਼ਮੀਰ ਨੂੰ ਬਸਤੀ ਵਾਂਗ ਚਲਾ ਰਹੀ ਹੈ ਮੋਦੀ ਸਰਕਾਰ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਪੀ ਡੀ ਪੀ ਪਾਰਟੀ ਦੀ ਪ੍ਰਧਾਨ ਅਤੇ ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕੱਲ੍ਹ ਇੱਥੇ ਕਿਹਾ ਕਿ ਕੇਂਦਰ ਵਿੱਚ ਸੱਤਾਧਾਰੀ ਭਾਜਪਾ ਜੰਮੂ ਕਸ਼ਮੀਰ ਨੂੰ ਬਸਤੀ ਵਾਂਗ ਚਲਾ ਰਹੀ ਹੈ ਤੇ ਇਸ ਨੂੰ ਕੌਮੀ ਪੱਧਰ ਉਤੇ ਤਜਰਬੇ ਕਰਨ ਲਈ ਲੈਬਾਰਟਰੀ ਬਣਾਇਆ ਹੋਇਆ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਮਹਿਬੂਬਾ ਮੁਫਤੀ ਨੇ ਕਿਹਾ ਜਦ ਵੀ ਚੋਣਾਂ ਹੋਣਗੀਆਂ, ਪੀ ਡੀ ਪੀ ਪਾਰਟੀ ਜੰਮੂ ਕਸ਼ਮੀਰ ਵਿੱਚ ਚੋਣਾਂ ਲੜੇਗੀ। ਉਨ੍ਹਾਂ ਕਿਹਾ ਕਿ ਜਦ ਤਕ ਧਾਰਾ 370 ਅਤੇ 35-ਏ ਬਹਾਲ ਨਹੀਂ ਹੁੰਦੀਆਂ ਉਹ ਖੁਦ ਚੋਣ ਨਹੀਂ ਲੜੇਗੀ। ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਵੱਲੋਂ ਜੰਮੂ ਵਿੱਚ ਕੀਤੇ ਜਾ ਰਹੇ ਰਾਜਨੀਤਕ ਸੰਪਰਕ ਉਤੇ ਮਹਿਬੂਬਾ ਮੁਫਤੀ ਨੇ ਇਤਰਾਜ਼ ਕੀਤਾ ਤੇ ਕਿਹਾ



ਉਨ੍ਹਾਂ ਦੇ ਕਦਮ ਵਿਰੋਧੀ ਧਿਰ ਨੂੰ ਵੰਡ ਦੇਣਗੇ ਅਤੇ ਭਾਜਪਾ ਨੂੰ ਫਾਇਦਾ ਹੋਵੇਗਾ। ਉਨ੍ਹਾ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਗੁਪਕਾਰ ਐਲਾਨਨਾਮੇ ਵਿੱਚ ਸ਼ਾਮਲ ਸਾਰੀਆਂ ਧਿਰਾਂ ਦਾ ਸਾਂਝਾ ਟੀਚਾ ਹੈ, ਜੋ ਕਿ ਧਾਰਾ 370 ਬਹਾਲ ਕਰਾਉਣਾ ਅਤੇ ਅਗਸਤ 2019 ਤੋਂ ਪਹਿਲਾਂ ਵਾਲੀ ਸਥਿਤੀ ਵਿੱਚ ਪਰਤਣਾ ਹੈ। ਉਨ੍ਹਾਂ ਕਿਹਾ ਕਿ 24 ਜੂਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਮੀਟਿੰਗ ਤੋਂ ਬਾਅਦ ਕੇਂਦਰ ਨੇ ਕੋਈ ਤਾਲਮੇਲ ਨਹੀਂ ਕੀਤਾ।

# ਇਸਰਾਈਲ ਨੇ ਗਾਜ਼ਾ ਸਰਹੱਦ ਉੱਤੇ 65 ਕਿਲੋਮੀਟਰ ਲੰਬੀ ਹਾਈਟੈਕ ਦੀਵਾਰ ਬਣਾਈ



ਤਲਅਵੀਵ, 9 ਦਸੰਬਰ (ਪੋਸਟ ਬਿਊਰੋ)- ਇਸਰਾਈਲ ਨੇ ਗਾਜ਼ਾ ਪੱਟੀ ਤੋਂ ਹੋਣ ਵਾਲੇ ਹਮਾਸ ਦੇ ਹਮਲੇ ਰੋਕਣ ਦੇ ਲਈ 65 ਕਿਲੋਮੀਟਰ ਲੰਬੀ 'ਲੋਹੇ ਦੀ ਦੀਵਾਰ' ਬਣਾਉਣ ਦਾ ਕੰਮ ਪੂਰਾ ਕਰ ਲੈਣ ਦਾ ਐਲਾਨ ਕੀਤਾ ਹੈ।

ਇਹ ਹਾਈਟੈਕ ਦੀਵਾਰ ਅੰਡਰਗ੍ਰਾਊਂਡ ਸੈਂਸਰ, ਰਾਡਾਰ ਅਤੇ ਕੈਮਰਿਆਂ ਨਾਲ ਲੈਸ ਹੈ।ਗਾਜ਼ਾ ਵੱਲੋਂ ਇਸ ਦੀਵਾਰ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਨ ਉੱਤੇ ਦੁਸ਼ਮਣ ਇਸਰਾਈਲ ਸੁਰੱਖਿਆ ਦਸਤਿਆਂ ਦੀ ਨਿਗਾਹ ਵਿੱਚ ਆ ਜਾਵੇਗਾ ਅਤੇ ਅੱਖ ਝਪਕਦੇ ਉਨ੍ਹਾਂ ਦਾ ਖਾਤਮਾ ਕਰ ਦਿੱਤਾ ਜਾਵੇਗਾ।ਇਸਰਾਈਲ ਇਸ ਨੂੰ ਬੈਰੀਅਰ ਦੱਸਦਾ ਹੈ, ਜਿਸ ਨੂੰ ਸਾਢੇ ਤਿੰਨ ਸਾਲ 'ਚ ਪੂਰਾ ਕੀਤਾ ਗਿਆ ਹੈ। ਇਸਰਾਈਲ ਨੇ 2007 ਵਿੱਚ ਗਾਜ਼ਾ ਵਿੱਚ ਹਮਾਸ ਦਾ ਸ਼ਾਸਨ ਆਉਣ ਪਿੱਛੋਂ ਬਲਾਕੇਡ ਕਰ ਰੱਖਿਆ ਹੈ। ਇਸਹੇਠ ਸਾਮਾਨ ਅਤੇ ਲੋਕਾਂ ਦੇ ਆਉਣ-ਜਾਣ ਉੱਤੇ ਸਖ਼ਤ ਰੋਕ ਲਾ ਰੱਖੀ ਹੈ।

ਗਾਜ਼ਾ ਸ਼ਹਿਰ ਵਿੱਚ ਕਰੀਬ 20 ਲੱਖ ਲੋਕ ਰਹਿੰਦੇ ਹਨ ਅਤੇ ਉਨ੍ਹਾਂ ਨੇ ਇਨ੍ਹਾਂ ਇਸਰਾਈਲੀ ਰੋਕਾਂ ਰਾਹੀਂ ਲੰਘਣਾ ਹੁੰਦਾ ਹੈ। ਇਸਰਾਈਲ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ 65 ਕਿਲੋਮੀਟਰ ਲੰਬੇ 'ਬੈਰੀਅਰ' ਦਾ ਕੰਮ ਪੂਰਾ ਕਰ ਲਿਆ ਹੈ। ਰੋਬੋਟੀਮ ਦੇ ਸੀ ਈ ਓ ਏਲਾਜ ਲੇਵੀ ਨੇ ਕਿਹਾ ਕਿ ਜੇ ਤੁਸੀਂ ਕਿਸੇ ਥਾਂ ਸੈਨਿਕ ਨਹੀਂ ਭੇਜਣਾ ਚਾਹੁੰਦੇ ਤੇ ਉਨ੍ਹਾਂ ਦੀ ਥਾਂ ਰੋਬੋਟ ਭੇਜਣਾ ਚਾਹੁੰਦੇ ਹੋ ਤਾਂ ਤੁਹਾਨੂੰ ਇੱਕ ਉਪਾਅ ਦੀ ਜ਼ਰੂਰਤ ਹੋਵੇਗੀ। ਉਨ੍ਹਾਂ ਨੇ ਆਪਣੇ ਯੂ ਜੀ ਵੀ ਨੂੰ ਮਨੁੱਖ ਰਹਿਤ ਵਾਹਨਾਂ ਦੇ ਲਈ 'ਮਦਰਸ਼ਿਪ' ਕਰਾਰ ਦਿੱਤਾ। ਇਸ ਯੂ ਜੀ ਵੀ ਦਾ ਡਿਜ਼ਾਈਨ ਬਹੁਤ ਖਾਸ ਹੈ ਅਤੇ ਇਸ ਦੀ ਸਮਰੱਥਾ ਨੂੰ ਪਿਛਲੇ ਮਾਡਲ ਦੀ ਤੁਲਨਾ ਵਿੱਚ ਕਾਫ਼ੀ ਵਧਾਇਆ ਗਿਆ ਹੈ। ਇਹ ਇੱਕ 'ਇਨਸਾਨੀ ਮਸ਼ੀਨ' ਦੀ ਤਰ੍ਹਾਂ ਹੈ ਜੋ ਇਨਸਾਨ ਦੀ ਤਰ੍ਹਾਂ ਉਸਦੇ ਨਾਲ ਮਿਲ ਕੇ ਜੰਗ ਲੜ ਸਕਦੀ ਹੈ।

## ਪਾਕਿ ਵਿੱਚ ਇਨਸਾਨੀਅਤ ਸ਼ਰਮਸਾਰ

# ਭੀੜ ਨੇ 4 ਔਰਤਾਂ ਨੂੰ ਘੰਟਾ ਭਰ ਕੁੱਟਿਆ ਅਤੇ ਨੰਗੀ ਹਾਲਤ ਵਿੱਚ ਹੀ ਘੜੀਸਿਆ



ਫੈਸਲਾਬਾਦ, 9 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਫ਼ੈਸਲਾਬਾਦ ਸ਼ਹਿਰ ਵਿੱਚਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਵਾਪਰੀ ਹੈ। ਇੱਥੇ ਪੁਲਸ ਨੇ ਬਾਵਾ ਕੌਰ ਬਾਜ਼ਾਰ ਵਿੱਚ ਔਰਤਾਂ ਨਾਲ ਕੁੱਟਮਾਰ ਦੇ ਦੋਸ਼ ਵਿੱਚ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਅਗਲੀ ਕਾਰਵਾਈ ਕਰ ਰਹੀ ਹੈ।

ਦੱਸਿਆ ਗਿਆ ਹੈ ਕਿ ਇੱਕ ਦੁਕਾਨਦਾਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਚੋਰੀ ਦਾ ਦੋਸ਼ ਲਾ ਕੇ ਇਨ੍ਹਾਂ ਔਰਤਾਂ ਦੀ ਕੁੱਟਮਾਰ ਕੀਤੀ। ਇਸ ਕੁੱਟਮਾਰ ਦੀ ਵੀਡੀਓ ਵਾਇਰਲ ਹੋਣ ਪਿੱਛੋਂ ਪੁਲਸ ਨੇ ਕੁੱਟਮਾਰ ਅਤੇ ਨੰਗੀ ਹਾਲਤ ਵਿੱਚ ਵੀਡੀਓ ਬਣਾਉਣ ਦੇ ਦੋਸ਼ ਵਿੱਚ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕੂੜਾ ਚੁੱਕਣ ਵਾਲੀਆਂ ਉਕਤ ਔਰਤਾਂ ਨੇ ਪੁਲਸ ਨੂੰ ਦੱਸਿਆ ਕਿ ਬਾਵਾ ਮਾਰਕੀਟ ਪਹੁੰਚਣ ਉੱਤੇ ਉਨ੍ਹਾਂ ਨੂੰ ਪਿਆਸ ਲੱਗੀ ਤਾਂ ਜਦੋਂ ਉਹ ਉਸਮਾਨ ਇਲੈਕਟ੍ਰਾਨਿਕ ਸਟੋਰ ਵਿੱਚ ਗਈਆਂ ਤੇ ਦੁਕਾਨਦ-ਾਰ ਤੋਂ ਪਾਣੀ ਦੀ ਬੋਤਲ ਮੰਗੀ ਤਾਂ ਸੱਦਾਮ ਨਾਂਅ ਦੇ ਦੁਕਾਨਦਾਰ ਨੇ ਉਨ੍ਹਾਂ ਉੱਤੇ ਚੋਰੀ ਦੀ ਨੀਤ ਨਾਲ ਦੁਕਾਨ ਵਿੱਚਵੜਨ ਦਾ ਦੋਸ਼ ਲਾ ਕੇ ਰੌਲਾ ਪਾਦਿੱਤਾ। ਰੌਲਾ ਸੁਣ ਕੇ ਬਾਜ਼ਾਰ ਦੇ ਦੂਜੇ ਦੁਕਾਨਦਾਰ ਅਤੇ ਉਨ੍ਹਾਂ ਦੇ ਮੁਲਾਜ਼ਮ ਵੀ ਓਥੇ ਪਹੁੰਚ ਗਏ। ਉਨ੍ਹਾਂ ਨੇ ਔਰਤਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਫਿਰ ਉਨ੍ਹਾਂ ਨੂੰ ਘੜੀਸ ਕੇ ਬਾਜ਼ਾਰ ਵਿੱਚ ਲੈ ਗਏ। ਪੀੜਤ ਔਰਤਾਂ ਨੇ ਦੋਸ਼ ਲਾਇਆ ਕਿ ਉਕਤ ਦੁਕਾਨਦਾਰਾਂ ਨੇ ਉਨ੍ਹਾਂ ਨੂੰ ਇੱਕ ਘੰਟੇ ਤਕ ਕੁੱਟਿਆ ਅਤੇ ਨੰਗੀ ਹਾਲਤ ਵਿੱਚ ਉਨ੍ਹਾਂ ਦੀ ਵੀਡੀਓ ਵੀ ਬਣਾਈ। ਇਸ ਕੇਸ ਵਿੱਚ 10 ਹੋਰਨਾਂ ਅਣਪਛਾਤੇ ਲੋਕਾਂ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ।

# ਇਮਰਾਨ ਨੇ ਪਾਕਿਸਤਾਨ ਵਿੱਚ ਹਿੰਸਾ ਵਧਣ ਦਾ ਸੱਚ ਕਬੂਲਿਆ



ਇਸਲਾਮਾਬਾਦ, 9 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਧਰਮ ਦੇ ਨਾਂ ਉੱਤੇ ਭੀੜ ਦੀ ਹਿੰਸਾ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਇਸ ਦੇ ਜ਼ਿੰਮੇਵਾਰ ਲੋਕਾਂ ਨੂੰ ਬਖ਼ਸ਼ੇਗੀ ਨਹੀਂ। ਉਹ ਪ੍ਰਧਾਨ ਮੰਤਰੀ ਦਫ਼ਤਰ ਵਿਖੇ ਮਾਰੇ ਗਏ ਸ੍ਰੀਲੰਕਾਈ ਨਾਗਰਿਕ ਪ੍ਰਿਅੰਤਾ ਕੁਮਾਰਾ ਲਈ ਸ਼ੋਕ ਸਭਾ ਨੂੰ ਸੰਬੋਧਨ ਕਰ ਰਹੇ ਸਨ, ਜਿਸ ਨੂੰ ਬੀਤੇ ਹਫ਼ਤੇ ਪੰਜਾਬ ਸੂਬੇ ਦੇ ਸਿਆਲਕੋਟ ਵਿੱਚਅੱਲ੍ਹਾ ਦੀ ਤੌਹੀਨ ਦੇ ਦੋਸ਼ ਵਿੱਚ ਭੀੜ ਨੇ ਕੁੱਟ-ਕੁੱਟ ਕੇ ਅੱਗ ਲਾ ਦਿੱਤੀ ਸੀ। ਪੋਸਟਮਾਰਟਮ ਰਿਪੋਰਟ ਅਨੁਸਾਰ ਇਸ ਘਟਨਾ ਵਿੱਚ ਕੁਮਾਰਾ ਦੀਆਂ ਲੱਗਭਗ ਸਾਰੀਆਂ ਹੱਡੀਆਂ ਟੁੱਟ ਗਈਆਂ ਸਨ ਅਤੇ ਉਸ ਦਾ ਸਰੀਰ 99 ਫ਼ੀਸਦੀ ਸੜ ਗਿਆ ਸੀ।

ਇਮਰਾਨ ਖ਼ਾਨ ਨੇ ਕਿਹਾ ਕਿ ਸਿਆਲਕੋਟ ਦੀ ਘਟਨਾ ਨੇ ਦੇਸ਼ ਨੂੰ ਅਜਿਹੀਆਂ ਘਟਨਾਵਾਂ ਨੂੰ ਖ਼ਤਮ ਕਰਨ ਦੇ ਇੱਕ ਬਿੰਦੂ ਉੱਤੇ ਲਿਆ ਖੜ੍ਹੇ ਕੀਤਾ ਹੈ। ਉਨ੍ਹਾਂ ਅਫ਼ਸੋਸ ਜ਼ਾਹਰ ਕੀਤਾ ਕਿ ਪਾਕਿਸਤਾਨ ਵਿੱਚ ਲੋਕ ਪਵਿੱਤਰ ਪੈਗੰਬਰ ਦੇ ਨਾਂ ਉੱਤੇ ਦੂਜਿਆਂ ਨੂੰ ਮਾਰ ਰਹੇ ਹਨ ਅਤੇ ਅੱਲ੍ਹਾ ਦੀ ਤੌਹੀਨ ਦੇ ਦੋਸ਼ੀ ਜੇਲ੍ਹਾਂ ਵਿੱਚ ਸੜ ਰਹੇ ਹਨ, ਕਿਉਂਕਿ ਵਕੀਲ ਅਤੇ ਜੱਜ ਅਜਿਹੇ ਕੇਸਾਂ ਦੀ ਸੁਣਵਾਈ ਤੋਂ ਡਰਦੇ ਹਨ। ਇਮਰਾਨ ਖ਼ਾਨ ਨੇ ਕਿਹਾ ਕਿ ਪਾਕਿਸਤਾਨ ਇੱਕ ਅਜਿਹਾ ਦੇਸ਼ ਹੈ, ਜਿਸ ਦੀ ਸਥਾਪਨਾ ਇਸਲਾਮ ਦੇ ਨਾਂ ਉੱਤੇ ਹੋਈ ਸੀ, ਪਰ ਸਿਆਲਕੋਟ ਵਰਗੀਆਂ ਘਟਨਾਵਾਂ ਸ਼ਰਮਨਾਕ ਹਨ। ਉਨ੍ਹਾਂ ਨੇ ਕਿਹਾ ਕਿ ਅਸੀਂ ਬਿਲਕੁਲ ਵਖਰੀ ਦਿਸ਼ਾ ਵੱਲ ਜਾ ਰਹੇ ਹਾਂ ਅਤੇ ਕੌਮ ਨੂੰ ਪੈਗੰਬਰ ਦੇ ਜੀਵਨ ਦਾ ਅਧਿਐਨ ਕਰਨਾ ਚਾਹੀਦਾ ਹੈ।

# ਨਾਸਾ ਦੇ ਨਵੇਂ ਮੂਨ ਮਿਸ਼ਨ ਦੇ 10 ਪੁਲਾੜ ਯਾਤਰੀਆਂ 'ਚ ਭਾਰਤ ਵੰਸ਼ੀ ਅਨਿਲ ਵੀ ਸ਼ਾਮਲ



ਵਾਸ਼ਿੰਗਟਨ, 9 ਦਸੰਬਰ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਉਮੀਦਾਂ ਭਰੇ ਮੂਨ ਮਿਸ਼ਨ ਲਈ 10 ਪੁਲਾੜ ਯਾਤਰੀਆਂ ਦੀ ਚੋਣ ਕੀਤੀ ਹੈ। ਇਨ੍ਹਾਂ ਵਿੱਚ ਅਮਰੀਕੀ ਹਵਾਈ ਫੌਜ ਵਿੱਚ ਲੈਫਟੀਨੈਂਟ ਕਰਨਲ ਤੇ ਸਪੇਸ ਐਕਸ ਦੇ ਪਹਿਲੇ ਫਲਾਈਟ ਸਰਜਨ ਭਾਰਤ ਵੰਸ਼ੀ ਅਨਿਲ ਮੈਨਨ ਵੀ ਸ਼ਾਮਲ ਹਨ।

ਮਿਨੇਸੋਟਾ ਦੇ ਮਿਨੀਪੋਲਿਸ ਵਿੱਚ ਜਨਮੇ ਮੈਨਨ 2018 ਵਿੱਚ ਐਲਨ ਮਸਕ ਦੀ ਪੁਲਾੜ ਕੰਪਨੀ ਸਪੇਸ ਐਕਸ ਦਾ ਹਿੱਸਾ ਬਣੇ ਅਤੇ ਡੈਮੋ-2 ਮੁਹਿੰਮ ਦੌਰਾਨ ਮਨੁੱਖ ਨੂੰ ਪੁਲਾੜ ਵਿੱਚ ਭੇਜਣ ਦੇ ਮਿਸ਼ਨ ਵਿੱਚ ਮਦਦ ਕੀਤੀ। ਉਨ੍ਹਾਂ ਭਵਿੱਖ ਦੀਆਂ ਮੁਹਿੰਮਾਂ ਵੇਲੇ ਮਨੁੱਖੀ ਪ੍ਰਣਾਲੀ ਦੀ ਮਦਦ ਕਰਨ ਵਾਲਾ ਮੈਡੀਕਲ ਸੰਗਠਨ ਵੀ ਬਣਾਇਆ ਹੈ। ਪੋਲੀਓ ਟੀਕਾਕਰਨ ਮੁਹਿੰਮ ਤੇ ਸਮਰਥਨ 'ਚ ਬਤੌਰ ਰੋਟਰੀ ਅੰਬੈਸਡਰ ਉਹ ਭਾਰਤ ਵਿੱਚ ਇੱਕ ਸਾਲ ਰਹਿ ਚੁੱਕੇ ਹਨ। ਇਸ ਤੋਂ ਪਹਿਲਾਂ 2014 ਵਿੱਚ ਉਹ ਨਾਸਾ ਨਾਲ ਜੁੜੇ ਤੇ ਵੱਖ-ਵੱਖ ਮੁਹਿੰਮਾਂ ਵਿੱਚ ਫਲਾਈਟ ਸਰਜਨ ਦੀ ਭੂਮਿਕਾ ਨਿਭਾਉਂਦੇ ਹੋਏ ਪੁਲਾੜ ਯਾਤਰੀਆਂ ਨੂੰ ਕੌਮਾਂਤਰੀ ਪੁਲਾੜ ਕੇਂਦਰ (ਆਈ ਐਸ ਐਸ) ਪਹੁੰਚੇ। 2010 ਦੇ ਹੈਤੀ ਤੇ 2015 ਦੇ ਨੇਪਾਲ ਭੂਚਾਲ ਤੇ 2011 ਵਿੱਚ ਹੋਏ ਰੇਨੋ ਏਅਰ ਸ਼ੋਅ ਹਾਦਸੇ ਦੌਰਾਨ ਮੈਨਨ ਨੇ ਬਤੌਰ ਡਾਕਟਰ ਪਹਿਲੀ ਪ੍ਰਤੀਕਿਰਿਆ ਦਿੱਤੀ ਸੀ। ਹਵਾਈ ਫੌਜ ਵਿੱਚ ਮੇਨਨ ਨੇ ਬਤੌਰ ਫਲਾਈਟ ਸਰਜਨ 45ਵੀਂ ਸਪੇਸ ਵਿਗ ਤੇ 173ਵੀਂ ਫਲਾਈਟ ਵਿੰਗ ਵਿੱਚ ਸੇਵਾ ਦਿੱਤੀ। ਉਹ 100 ਤੋਂ ਵੱਧ ਉਡਾਣਾਂ ਵਿੱਚ ਸ਼ਾਮਲ ਰਹੇ ਤੇ ਕ੍ਰਿਟੀਕਲ ਕੇਅਰ ਏਅਰ ਟਰਾਂਸਪੋਰਟ ਟੀਮ ਦਾ ਹਿੱਸਾ ਰਹਿ ਕੇ ਇੰਨੇ ਹੀ ਮਰੀਜ਼ਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਇਆ। ਉਹ ਜਨਵਰੀ 2022 ਤੋਂ ਪੁਲਾੜ ਯਾਤਰੀ ਦਾ ਸ਼ੁਰੂਆਤੀ ਟੈਸਟ ਸ਼ੁਰੂ ਕਰਨਗੇ, ਜੋ ਦੋ ਸਾਲਾਂ ਤਕ ਜਾਰੀ ਰਹੇਗਾ।

ਨਾਸਾ ਨੇ ਪਰਸੋਂ ਪੁਲਾੜ ਯਾਤਰੀਆਂ ਦੀ ਨਵੀਂ ਸ਼੍ਰੇਣੀ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚ ਛੇ ਪੁਰਸ਼ ਤੇ ਚਾਰ ਔਰਤਾਂ ਸ਼ਾਮਲ ਹਨ। ਮਾਰਚ 2020 ਵਿੱਚ 12000 ਯਾਤਰੀਆਂ ਨੇ ਇਸ ਲਈ ਅਪਲਾਈ ਕੀਤਾ ਸੀ। ਇਹ ਯਾਤਰੀ ਆਰਟੇ-ਮਿਸ ਜਨਰੇਸ਼ਨ ਦਾ ਹਿੱਸਾ ਹੋਣਗੇ। ਇਹ ਨਾਮ ਨਾਸਾ ਦੇ ਆਰਟੇਮਿਸ ਪ੍ਰੋਗਰਾਮ ਤੋਂ ਪ੍ਰੇਰਿਤ ਹੈ, ਜਿਸ ਦੇ ਤਹਿਤ ਪਹਿਲੀ ਔਰਤ ਤੇ ਪੁਰਸ਼ ਨੂੰ 2025 ਦੀ ਸ਼ੁਰੂਆਤ ਵਿੱਚ ਚੰਦਰਮਾ ਦੀ ਸਤ੍ਹਾ ਉਤੇ ਭੇਜਣ ਦੀ ਯੋਜਨਾ ਹੈ।

# ਪਾਕਿ ਵਿੱਚ ਹਰ ਸਾਲ ਹਜ਼ਾਰਾਂ ਗੈਰ ਮੁਸਲਿਮ ਕੁੜੀਆਂ ਨੂੰ ਅਗਵਾ ਕੀਤਾ ਜਾਂਦੈ



ਇਸਲਾਮਬਾਦ, 9 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਉੱਤੇ ਕਿੰਦਾਂ ਜੁਲਮ ਹੁੰਦੇ ਹਨ ਇਹ ਦੁਨੀਆ ਤੋਂ ਲੁਕਿਆ ਨਹੀਂ।ਇੱਕ ਤਾਜ਼ਾ ਰਿਪੋਰਟ ਮੁਤਾਬਕ ਇਥੇ ਹਰ ਸਾਲ ਹਜ਼ਾਰਾਂ ਹਿੰਦੂ ਤੇ ਇਸਾਈ ਲੜਕੀਆਂ ਨੂੰ ਅਗਵਾ ਕੀਤਾ ਜਾਂਦਾ ਅਤੇ ਜਬਰਨ ਇਸਲਾਮ ਕਬੂਲ ਕਰਵਾ ਕੇ ਨਿਕਾਹ ਕਰਵਾ ਦਿੱਤਾ ਜਾਂਦਾ ਹੈ।

ਬ੍ਰਿਟੇਨ ਦੀ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ (ਏ ਪੀ ਪੀ ਜੀ) ਵੱਲੋਂ ਕੀਤੀ ਜਾਂਚ ਦੇਹਵਾਲੇ ਨਾਲ 'ਇਸਲਾਮ ਖ਼ਬਰ' ਨੇ ਰਿਪੋਰਟ ਵਿੱਚ ਕਿਹਾ ਕਿ ਇਹ ਅੰਕੜਿਆਂ ਉੱਤੇ ਆਧਾਰਿਤ ਹੈ, ਪਰ ਸਟੀਕ ਨਹੀਂ ਕਿਉਂਕਿ ਸਹੀ ਗਿਣਤੀ ਦਾ ਕਦੇ ਪਤਾ ਨਹੀਂ ਲਾਇਆ ਜਾ ਸਕਿਆ।ਰਿਪੋਰਟ 12-25 ਸਾਲਾਂ ਦੀਆਂ ਇਸਾਈ ਅਤੇ ਹਿੰਦੂ ਲੜਕੀਆਂ ਉੱਤੇ ਕੇਂਦਰਿਤ ਹੈ। ਪਾਕਿਸਤਾਨ ਦੀ 22 ਕਰੋੜ ਆਬਾਦੀ ਵਿੱਚ ਹਿੰਦੂਆਂ ਦੀ ਗਿਣਤੀ 1.59 ਫੀਸਦੀ ਅਤੇ ਇਸਾਈਆਂ ਦੀ 1.60 ਹੈ। ਰਿਪੋਰਟ ਮੁਤਾਬਕ ਅਗਵਾ, ਜਬਰਨ ਧਰਮ ਪਰਿਵਰਤਨ ਅਤੇ ਨਿਕਾਹ ਦੇ ਕੇਸ ਬਹੁਤੇ ਗਰੀਬ ਅਤੇ ਅਨਪੜ੍ਹ ਪਰਵਾਰਾਂ ਦੇ ਨਾਲ ਹੋਏ ਹਨ।ਪਿਛਲੇਕੁੱਝ ਸਾਲਾਂ ਵਿੱਚ ਪਾਕਿਸਤਾਨ ਵਿੱਚ ਘੱਟ ਗਿਣਤੀਆ ਖ਼ਿਲਾਫ਼ ਇਹ ਕੇਸ ਲਗਾਤਾਰ ਵਧੇ ਹਨ। ਪੰਜਾਬ ਪ੍ਰਾਂਤ ਵਿੱਚ 2021 ਦੀ ਪਹਿਲੀ ਛਮਾਹੀ ਵਿੱਚ ਲੱਗਭਗ 6754 ਮਹਿਲਾਵਾਂ ਨੂੰ ਅਗਵਾ ਕੀਤਾ ਗਿਆ ਸੀ।

# ਪੂਰਬੀ ਪਾਕਿ ਵਿੱਚ ਕਤਲੇਆਮ ਮਗਰੋਂ ਭਾਰਤ ਨੇ ਲੱਖਾਂ ਸ਼ਰਨਾਰਥੀਆਂ ਦੀ ਰੱਖਿਆ ਕੀਤੀ ਸੀ

ਨਿਊਯਾਰਕ, 9 ਦਸੰਬਰ (ਪੋਸਟ ਬਿਊਰੋ)- ਯੂ ਐੱਨ ਵਿੱਚ ਭਾਰਤ ਦੇ ਪੱਕੇ ਦੂਤ ਟੀ ਐਸ ਤਿਰੁਮੂਰਤੀ ਨੇ ਸ਼ਰਨਾਰਥੀਆਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਪ੍ਰਤੀਬੱਧਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਜਦੋਂ ਪੱਛਮੀ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ ਵਿੱਚ ਕਤਲੇਆਮ ਸ਼ੁਰੂ ਕੀਤਾ ਤਾਂ ਭਾਰਤ ਨੇ ਲੱਖਾਂ ਸ਼ਰਨਾਰਥੀਆਂ ਨੂੰ ਆਪਣੇ ਦੇਸ਼ ਵਿੱਚ ਪਨਾਹ ਦਿੱਤੀ ਅਤੇ ਉਦੋਂ ਜਾਰੀ ਕਤਲੇਆਮ ਤੋਂ ਉਨ੍ਹਾਂ ਦੀ ਰੱਖਿਆ ਕੀਤੀ ਸੀ।

ਕੱਲ੍ਹ ਯੂ ਐੱਨ ਸਕਿਓਰਟੀ ਕੌਂਸਲ ਵਿੱਚ ਸ਼ਰਨਾਰਥੀਆਂ ਨੇ ਯੂ ਐੱਨ ਹਾਈ ਕਮਿਸ਼ਨ (ਯੂ ਐਨ ਐਚ ਸੀ ਆਰ) ਵੱਲੋਂ ਤਿਰੁਮੂਰਤੀ ਨੇ ਕਿਹਾ ਕਿ ਹਥਿਆਰਬੰਦ ਸੰਘਰਸ਼ ਰੋਕਣ, ਅੱਤਵਾਦ ਦੀ ਰੋਕਥਾਮ ਅਤੇ ਸਥਾਈ ਸ਼ਾਂਤੀ ਦੀ ਸਥਾਪਨਾ ਨਾਲ ਲੋਕਾਂ ਨੂੰ ਆਪਣੇ ਦੇਸ਼ ਛੱਡਣ ਲਈ ਮਜ਼ਬੂਰ ਨਹੀਂ ਹੋਣਾ ਪਵੇਗਾ। ਅਸੀਂ ਸਰਕਾਰੀ ਪੱਧਰ ਉੱਤੇ ਅਜਿਹੀਆਂ ਨੀਤੀਆਂ ਨਹੀਂ ਬਣਾ ਸਕਦੇ ਜਿੱਥੇ ਉਨ੍ਹਾਂ ਨੂੰ ਇੱਕ ਦੇਸ਼ ਵਿੱਚਜ਼ੁਲਮ ਸਹਿਣਾ ਪਵੇ ਤੇ ਫਿਰ ਦੂਜੇ ਦੇਸ਼ ਵਿੱਚ ਉਨ੍ਹਾਂ ਨੂੰ ਸ਼ਰਨਾਰਥੀ ਬਣਾਉਣ ਦਾ ਪ੍ਰਬੰਧ ਹੋਵੇ। ਉਨ੍ਹਾਂ ਕਿਹਾ ਕਿ ਇਸ ਮੁੱਦੇ ਉੱਤੇ ਕਿਸੇ ਦੇਸ਼ ਦੀ ਖ਼ੁਦਮੁਖ਼ਤਿਆਰੀ ਦੀ ਧਾਰਨਾ ਨੂੰ ਘੱਟ ਕਰ ਕੇ ਨਹੀਂ ਦੇਖਣਾ ਚਾਹੀਦਾ। ਕੌਮਾਂਤਰੀ ਕਾਰਵਾਈ ਉਸੇ ਧਾਰਨਾ ਦੇ ਘੇਰੇ ਵਿੱਚ ਹੋਵੇ।

ਰਾਜਦੂਤ ਤਿਰੁਮੂਰਤੀ ਨੇ ਕਿਹਾ ਕਿ ਸਮਕਾਲੀ ਇਤਿਹਾਸ ਵਿੱਚ ਭਾਰਤ ਦੇ ਸਤਿਕਾਰ ਵਿੱਚ ਕੋਈ ਕਮੀ ਨਹੀਂ ਹੈ। ਗੁਆਂਢੀ ਦੇਸ਼ਾਂ ਦੇ ਸ਼ਰਨਾਰਥੀਆਂ ਦੀ ਮਦਦ ਦੇ ਮਾਮਲੇ ਵਿੱਚ ਭਾਰਤ ਦਾ ਬਿਹਤਰੀਨ ਰਿਕਾਰਡ ਹੈ, ਭਾਵੇਂ ਤਿੱਬਤੀ ਹੋਣ ਜਾਂ ਬੰਗਲਾਦੇਸ਼, ਸ੍ਰੀਲੰਕਾਈ, ਅਫ਼ਗਾਨਿਸਤਾਨ ਅਤੇ ਮਿਆਂਮਾਰ ਦੇ ਸਾਡੇ ਭੈਣ-ਭਰਾ ਹੋਣ। ਭਾਰਤ ਨੇ ਇਸ ਬਾਰੇ ਹਮੇਸ਼ਾ ਸੁਹਿਰਦਤਾ ਨਾਲ ਕੰਮ ਲਿਆ ਹੈ।ਉਨ੍ਹਾਂ ਦੱਸਿਆ ਕਿ ਇਤਿਹਾਸਕ ਸਬੂਤ ਹੈ ਕਿ ਭਾਰਤ ਨੇ ਹਮੇਸ਼ਾ ਉਨ੍ਹਾਂ ਲੋਕਾਂ ਨੂੰ ਸ਼ਰਨ ਦਿੱਤੀ ਹੈ ਜੋ ਵਿਦੇਸ਼ੀ ਜ਼ਮੀਨ ਵਿੱਚ ਸਤਾਏ ਗਏ ਹਨ। ਸ਼ਰਨਾਰਥੀ ਮੁੱਦਿਆਂ ਉੱਤੇਭਾਰਤ ਦਾ ਰੁਖ਼ ਹਮੇਸ਼ਾ ਮਨੁੱਖਤਾਵਾਦੀ ਰਿਹਾ ਹੈ। ਅਸੀਂ ਸਦੀਆਂ ਪਹਿਲਾਂ ਸਤਾਏ ਗਏ ਯਹੂਦੀਆਂ ਤੇ ਪਾਰਸੀਆਂ ਨੂੰ ਸ਼ਰਨ ਦਿੱਤੀ। ਉਨ੍ਹਾਂ ਨੂੰ ਭਾਰਤ ਵਿੱਚ ਆਪਣਾ ਘਰ ਮਿਲਿਆ। ਰਾਜਦੂਤ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਭਾਰਤ ਲੱਖਾਂ ਸ਼ਰਨਾਰਥੀਆਂ ਦਾ ਘਰ ਹੈ। ਨਾਲ ਹੀ ਇਹ ਦੇਸ਼ ਆਪਣੇ ਹੀ ਵਸੀਲਿਆਂ ਤੋਂ ਉਨ੍ਹਾਂ ਦੀ ਨਿਗਰਾਨੀ ਕਰਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਚਾਹੁੰਦਾ ਹੈ ਕਿ ਇਨ੍ਹਾਂ ਸ਼ਰਨਾਰਥੀਆਂ ਨੂੰ ਆਪਣੇ ਦੇਸ਼ ਵਿੱਚ ਸਨਮਾਨਜਨਕ, ਸੁਰੱਖਿਆ ਤੇ ਨਿਰੰਤਰ ਵਾਪਸੀ ਮਿਲੇ।

# ਰੇਲ ਡਰਾਈਵਰ ਨੇ ਦਹੀਂ ਖਰੀਦਣ ਲਈ ਕਈ ਘੰਟੇ ਟਰੇਨ ਖੜ੍ਹੀ ਰੱਖੀ



ਲਾਹੌਰ, 9 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇੱਕ ਟਰੇਨ ਚਾਲਕ ਅਤੇ ਉਸ ਦੇ ਸਹਾਇਕ ਨੂੰ ਲਾਹੌਰ ਵਿੱਚ ਇੱਕ ਰੇਲਵੇ ਸਟੇਸ਼ਨ ਨੇੜੇ ਦਹੀਂ ਖਰੀਦਣ ਲਈ ਟਰੇਨ ਰੋਕਣ ਦੇ ਦੋਸ਼ ਵਿੱਚ ਸਸਪੈਂਡ ਕੀਤਾ ਗਿਆ ਹੈ।

ਅਖਬਾਰ ਡਾਨ ਦੀ ਖਬਰ ਅਨੁਸਾਰ ਰੇਲ ਮੰਤਰੀ ਆਜ਼ਮ ਖਾਨ ਸਵਾਤੀ ਨੇ ਬੀਤੇ ਮੰਗਲਵਾਰ ਡਰਾਈਵਰ ਤੇ ਉਸ ਦੇ ਸਹਾਇਕ ਨੂੰ ਸਸਪੈਂਡ ਕਰ ਦਿੱਤਾ।ਇਨ੍ਹਾਂ ਦਾ ਵੀਡੀਓ ਸੋਸ਼ਲ ਮੀਡੀਆ ਉੱਤੇਚੱਲ ਰਿਹਾ ਹੈ, ਜਿਸ ਵਿੱਚ ਡਰਾਈਵਰ ਨੂੰ ਦਹੀਂ ਖਰੀਦਣ ਲਈ ਸੂਬਾਈ ਰਾਜਧਾਨੀ ਵਿੱਚ ਕਾਹਨਾ ਕੱਚਾ ਰੇਲਵੇ ਸਟੇਸ਼ਨ ਨੇੜੇ ਟਰੇਨ ਰੋਕਦੇ ਦੇਖਿਆ ਜਾ ਸਕਦਾ ਹੈ। ਇਸ ਖਬਰ ਵਿੱਚ ਕਿਹਾ ਗਿਆ ਹੈ ਕਿ ਵੀਡੀਓ ਵਾਇਰਲ ਹੋਣ ਪਿੱਛੋਂ ਰੇਲਵੇ ਵਿਭਾਗ ਨੂੰ ਆਲੋਚਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਦਸਾ, ਯਾਤਰੀ ਸੁਰੱਖਿਆ ਅਤੇ ਘਟਦੇ ਮਾਲੀਏ ਕਾਰਨ ਇਹ ਵਿਭਾਗ ਪਹਿਲਾਂ ਤੋਂ ਨਿਸ਼ਾਨੇ ਉੱਤੇ ਹੈ। ਮੰਤਰੀ ਨੇ ਕਾਰਵਾਈ ਕਰਦੇ ਹੋਏ ਪਾਕਿਸਤਾਨ ਰੇਲਵੇ ਦੇ ਲਾਹੌਰ ਪ੍ਰਸ਼ਾਸਨ ਨੂੰ ਚਾਲਕ ਰਾਣਾ ਮੁਹੰਮਦ ਸ਼ਹਿਜ਼ਾਦ ਅਤੇ ਉਸ ਦੇ ਸਹਾਇਕ ਇਫਤਿਖਾਰ ਹੁਸੈਨ ਨੂੰ ਸਸਪੈਂਡ ਕਰਨ ਦਾ ਹੁਕਮ ਦਿੱਤਾ।

# ਮਿਆਂਮਾਰ ਕਤਲੇਆਮ ਸਬੰਧੀ ਰੋਹਿੰਗੀਆਂ ਮੁਸਲਮਾਨਾਂ ਨੇ ਫੇਸਬੁੱਕ 'ਤੇ ਮੁਕੱਦਮਾ ਠੋਕਿਆ




ਨਿਊਯਾਰਕ, 9 ਦਸੰਬਰ (ਪੋਸਟ ਬਿਊਰੋ)- ਰੋਹਿੰਗੀਆ ਮੁਸਲਮਾਨਾਂ ਦੇ ਕੁਝ ਸੰਗਠਨਾਂ ਨੇ ਅਮਰੀਕਾ ਅਤੇ ਬ੍ਰਿਟੇਨ ਵਿੱਚ ਫੇਸਬੁੱਕ 'ਤੇ ਮੁਕ-ੱਦਮਾ ਕੀਤਾ ਹੈ। ਇਸ ਵਿੱਚ ਫੇਸਬੁੱਕ ਨੂੰ ਮਿਆਂਮਾਰ ਵਿੱਚ ਰੋਹਿੰਗਿਆਵਾਂ ਦੇ ਕਤਲਾਂ ਲਈ ਜ਼ਿੰਮੇਵਾਰ ਦੱਸਿਆ ਗਿਆ ਹੈ। ਸੰਗਠਨਾਂ ਨੇ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਫੇਸਬੁੱਕ ਦੀ ਲਾਪਰਵਾਹੀ ਕਾਰਨ ਰੋਹਿੰਗਿਆਵਾਂ ਦਾ ਕਤਲੇਆਮ ਹੋਇਆ, ਕਿਉਂਕਿ ਸੋਸ਼ਲ ਮੀਡੀਆ ਨੈਟਵਰਕ ਦੀ ਐਲਗੋਰਿਦਮ ਨੇ ਘਟਨਾਵਾਂ ਦੌਰਾਨ ਨਫ਼ਰਤੀ ਭਾਸ਼ਣਾਂ (ਹੇਟ ਸਪੀਚ) ਨੂੰ ਬਹੁਤ ਵਧਾ-ਚੜ੍ਹਾਕੇ ਪੇਸ਼ ਕੀਤਾ।

ਇਸ ਪਟੀਸ਼ਨ ਵਿੱਚ ਸੰਗਠਨਾਂ ਨੇ ਫੇਸਬੁੱਕ ਉਤੇ ਦੋਨੋਂ ਦੇਸ਼ਾਂ ਵਿੱਚ 150 ਅਰਬ ਡਾਲਰ ਭਾਵ ਲੱਗਭਗ 1 ਲੱਖ 30 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੇ ਮੁਆਵਜ਼ੇ ਦੀ ਮੰਗ ਦੇ ਨਾਲ ਕੇਸ ਦਰਜ ਕਰਵਾਇਆ ਹੈ। ਅਮਰੀਕਾ ਦੇ ਸਾਨ ਫਰਾਂਸਿਸਕੋ ਵਿੱਚ ਦਰਜ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਫੇਸਬੁੱਕ ਦੱਖਣੀ ਏਸ਼ੀਆ ਦੇ ਛੋਟੇ ਜਿਹੇ ਦੇਸ਼ ਦੇ ਬਾਜ਼ਾਰ ਵਿੱਚ ਬਿਹਤਰ ਤਰੀਕੇ ਨਾਲ ਪਕੜ ਬਣਾਉਣ ਲਈ ਜਾਣਬੁੱਝਕੇ ਰੋਹਿੰਗਿਆਵਾਂ ਦੀ ਜਾਨ ਦਾ ਸੌਦਾ ਕਰਨ ਲਈ ਤਿਆਰ ਸੀ।ਬ੍ਰਿਟੇਨ ਵਿੱਚ ਵਕੀਲਾਂ ਵੱਲੋਂ ਫੇਸਬੁੱਕ ਨੂੰ ਜੋ ਚਿੱਠੀ ਭੇਜੀ ਗਈ, ਉਸ ਵਿੱਚ ਕਿਹਾ ਗਿਆ ਹੈ ਕਿ ਰੋਹਿੰਗਿਆਵਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਮਿਆਂਮਾਰ ਦੇ ਨਾਗਰਿਕ ਕੱਟੜਪੰਥੀ ਅਤੇ ਸੱਤਾਪੱਖ ਦੇ ਫੇਸਬੁੱਕ ਵੱਲੋਂ ਚਲਾਈ ਮੁਹਿੰਮ ਕਾਰਨ ਗੰਭੀਰ ਹਿੰਸਾ, ਹੱਤਿਆ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਾਹ-ਮਣਾ ਕਰਨਾ ਪਿਆ ਹੈ। ਬ੍ਰਿਟੇਨ ਦੇ ਵਕੀਲ ਜਲਦੀ ਹੀ ਇਸ ਮਾਮਲੇ ਵਿੱਚ ਹਾਈ ਕੋਰਟ ਵਿੱਚ ਕੇਸ ਦਾਖਲ ਕਰਨ ਵਾਲੇ ਹਨ ਤੇ ਉਹ ਬੰਗਲਾਦੇਸ਼ ਦੇ ਰਿਫਿਊਜੀ ਕੈਂਪਾਂ ਵਿੱਚ ਰਹਿ ਰਹੇ ਰੋਹਿੰਗਿਆਵਾਂ ਦਾ ਪੱਖ ਰੱਖਣਗੇ।

# ਅਮਰੀਕਾ ਵੱਲੋਂ ਚੀਨ ਵਿੱਚ ਹੋ ਰਹੇ ਵਿੰਟਰ ਓਲੰਪਿਕ ਦਾ ਬਾਈਕਾਟ




ਵਾਸ਼ਿੰਗਟਨ, 9 ਦਸੰਬਰ (ਪੋਸਟ ਬਿਊਰੋ)- ਅਮਰੀਕਾ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਹਵਾਲਾ ਦਿੰਦੇ ਹੋਏ ਚੀਨ ਦੀ ਰਾਜਧਾਨੀ ਬੀਜਿੰਗ ਵਿੱਚ ਚਾਰ ਫਰਵਰੀ ਤੋਂ ਸ਼ੁਰੂ ਹੋਣ ਵਾਲੇ ਵਿੰਟਰ ਓਲੰਪਿਕ 2022 ਦੇ ਕੂਟਨੀਤਕ ਬਾਈਕਾਟ ਦਾ ਐਲਾਨ ਕਰ ਦਿੱਤਾ, ਪਰ ਖਿਡਾਰੀਆਂ ਨੂੰ ਇਨ੍ਹਾਂ ਖੇਡਾਂ ਵਿੱਚ ਨਿੰਜੀ ਪੱਧਰ ਉੱਤੇ ਹਿੱਸਾ ਲੈਣ ਲਈ ਛੋਟ ਹੋਵੇਗੀ। ਚੀਨ ਨੇ ਅਮਰੀਕੀ ਕਦਮ ਨੂੰ ਓਲੰਪਿਕ ਦੀਆਂ ਭਾਵਨਾਵਾਂ ਖਿਲਾਫ ਦੱਸਿਆ।

ਵ੍ਹਾਈਟ ਹਾਊਸ ਦੀ ਪ੍ਰੈਸ ਸੈਕਟਰੀ ਜੇਨ ਪਸਾਕੀ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ, ''ਸ਼ਿਨਜਿਆਂਗ ਵਿੱਚ ਘੱਟ ਗਿਣਤੀ ਮੁਸਲਮਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਸ਼ੋਸ਼ਣ ਦੌਰਾਨ ਇਨ੍ਹਾਂ ਖੇਡਾਂ ਵਿੱਚ ਸਾਡੇ ਡਿਪਲੋਮੈਟਾਂ ਅਤੇ ਅਧਿਕਾਰੀਆਂ ਦੀ ਹਾਜ਼ਰੀ ਦਾ ਗਲਤ ਸੰਦੇਸ਼ ਜਾਵੇਗਾ। ਅਸੀਂ ਇਹ ਨਹੀਂ ਦੇਣਾ ਚਾਹੁੰਦੇ।ਪਸਾਕੀ ਨੇ ਕਿਹਾ, ''ਅਮਰੀਕੀ ਟੀਮ ਨੂੰ ਸਾਡਾ ਪੂਰਾ ਸਮਰਥਨ ਹੈ। ਅਸੀਂ ਆਪਣੇ ਘਰ ਤੋਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਾਂਗੇ।'' ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਅਮਰੀਕਾ ਨੇ ਇਸ ਮੁੱਦੇ ਉਤੇ ਆਪਣੇ ਭਾਈਵਾਲਾਂ ਨਾਲ ਸੰਪਰਕ ਕੀਤਾ ਹੈ, ਪਰ ਅਜੇ ਇਹ ਸਾਫ ਨਹੀਂ ਹੈ ਕਿ ਉਹ ਕੀ ਕਦਮ ਚੁੱਕਣਗੇ।

ਦੂਜੇ ਪਾਸੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਜੀਆਨ ਨੇ ਕਿਹਾ ਕਿ ਅਮਰੀਕਾ ਪਹਿਲਾਂ ਤੋਂ ਤੈਅ ਕੀਤੀ ਧਾਰਨਾ, ਝੂਠ ਤੇ ਅਫਵਾਹਾਂ ਦੇ ਆਧਾਰ ਉਤੇ ਬੀਜਿੰਗ ਵਿੰਟਰ ਓਲੰਪਿਕ ਵਿੱਚ ਦਖਲ ਦੀ ਕੋਸ਼ਿਸ਼ ਕਰ ਰਿਹਾ ਹੈ। ਬੀਜਿੰਗ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਜਵਾਬੀ ਕਾਰਵਾਈ ਦੀ ਧਮਕੀ ਨੂੰ ਦੁਹਰਾਉਂਦੇ ਹੋਏ ਝਾਓ ਨੇ ਕਿਹਾ, ''ਅਮਰੀਕਾ ਨੂੰ ਇਸ ਦੀ ਕੀਮਤ ਅਦਾ ਕਰਨੀ ਪਵੇਗੀ।'' ਵਰਨਣ ਯੋਗ ਹੈ ਕਿ ਬੀਜਿੰਗ ਵਿੱਚ ਵਿੰਟਰ ਓਲੰਪਿਕ ਲਈ ਆਲੋਚਨਾ ਝੱਲ ਰਹੀ ਕੌਮਾਂਤਰੀ ਓਲੰਪਿਕ ਕਮੇਟੀ (ਆਈ ਓ ਸੀ) ਕਹਿ ਚੁੱਕੀ ਹੈ ਕਿ ਖੇਡਾਂ ਨੂੰ ਰਾਜਨੀਤੀ ਤੋਂ ਵੱਖਰਾ ਰੱਖਣਾ ਚਾਹੀਦਾ ਹੈ।ਇਸ ਦੌਰਾਨ ਕੈਨੇਡਾ ਦੇ ਵਿਦੇਸ਼ ਮੰਤਰਾਲੇ ਨੇ ਵੀ ਇੱਕ ਬਿਆਨ ਵਿੱਚ ਕਿਹਾ ਕਿ ''ਚੀਨ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਬੰਧੀ ਰਿਪੋਰਟ ਤੋਂ ਕੈਨੇਡਾ ਪਰੇਸ਼ਾਨ ਰਿਹਾ ਹੈ। ਅਸੀਂ ਅਮਰੀਕਾ ਦੇ ਫੈਸਲੇ 'ਤੇ ਵਿਚਾਰ ਕੀਤਾ ਹੈ ਤੇ ਆਪਣੇ ਭਾਈਵਾਲਾਂ ਨਾਲ ਇਸ ਮੁੱਦੇ 'ਤੇ ਚਰਚਾ ਕਰਦੇ ਰਹਾਂਗੇ।''

# ਇੰਡੋਨੇਸ਼ੀਆ ਵਿੱਚ ਇਸਲਾਮਿਕ ਅਤਿਵਾਦੀ ਨੂੰ ਉਮਰ ਕੈਦ ਦੀ ਸਜ਼ਾ



ਜਕਾਰਤਾ, 9 ਦਸੰਬਰ (ਪੋਸਟ ਬਿਊਰੋ)- ਇੰਡੋਨੇਸ਼ੀਆ ਦੀ ਇੱਕ ਅਦਾਲਤ ਨੇ ਇਸਲਾਮਿਕ ਅੱਤਵਾਦੀ ਨੂੰ ਕੱਲ੍ਹ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੂੰ 2005 ਵਿੱਚ ਇੱਕ ਬਾਜ਼ਾਰ ਵਿੱਚ ਬੰਬ ਬਣਾਉਣ ਦਾ ਦੋਸ਼ੀ ਪਾਇਆ ਗਿਆ, ਜਿਸ ਵਿੱਚ 22 ਲੋਕਾਂ ਦੀ ਮੌਤ ਹੋ ਗਈ ਸੀ ਤੇ ਉਹ 16 ਸਾਲ ਤੋਂ ਗ੍ਰਿਫ਼ਤਾਰੀ ਤੋਂ ਬਚਦਾ ਆ ਰਿਹਾ ਸੀ।

ਉਪਿਕ ਲਵੰਗਾ 'ਪ੍ਰੋਫ਼ੈਸਰ'ਵਜੋਂ ਜਾਣਿਆ ਜਾਂਦਾ ਹੈ ਤੇ ਉਹ ਜੇਮਾਹ ਇਸਲਾਮੀਆ ਅਤਿਵਾਦੀ ਨੈਟਵਰਕ ਦਾ ਮੁੱਖ ਮੈਂਬਰ ਹੈ।ਇਸ ਸੰਗਠਨ ਨੂੰ ਅਮਰੀਕਾ ਨੇ ਅੱਤਵਾਦੀ ਗਰੁੱਪ ਐਲਾਨ ਕੀਤਾ ਹੈ ਤੇ ਇਸ ਨੂੰ ਇੰਡੋਨੇਸ਼ੀਆ ਦੇ ਬਾਲੀ ਵਿੱਚ 2002 ਦੇ ਬੰਬ ਹਮਲੇ ਸਮੇਤ ਹੋਰ ਫਿਲੀਪੀਂਸ ਵਿੱਚ ਹੋਏ ਹਮਲਿਆਂ ਲਈ ਜ਼ਿੰਮੇਵਾਰ ਕਿਹਾ ਜਾਂਦਾ ਹੈ। ਬਾਲੀ ਦੇ ਹਮਲੇ ਵਿੱਚ 202 ਲੋਕਾਂ ਦੀ ਮੌਤ ਹੋ ਗਈ ਸੀ ਜਿਨ੍ਹਾਂ ਵਿੱਚੋਂ ਬਹੁਤੇ ਵਿਦੇਸ਼ੀ ਸੈਲਾਨੀ ਸਨ। ਪੂਰਬੀ ਜਕਾਰਤਾ ਜ਼ਿਲ੍ਹਾ ਅਦਾਲਤ ਨੇ 43 ਸਾਲਾ ਲਵੰਗਾ ਨੂੰ ਪੋਸੋ ਜ਼ਿਲ੍ਹੇ ਦੇ ਟੈਂਟੇਨਾ ਬਾਜ਼ਾਰ ਵਿੱਚ 28 ਮਈ, 2005 ਨੂੰ ਹੋਏ ਹਮਲਿਆਂਦਾ ਦੋਸ਼ੀ ਪਾਇਆ। ਇਸ ਹਮਲੇ ਵਿੱਚ 22 ਲੋਕਾਂ ਦੀ ਮੌਤ ਹੋਈ ਅਤੇ 91 ਜ਼ਖ਼ਮੀ ਹੋਏ, ਜਿਨ੍ਹਾਂ ਵਿੱਚੋਬਹੁਤੇ ਈਸਾਈ ਸਨ। ਮੱਧ ਸੁਲਾਵੇਸੀ ਸੂਬੇ ਦੇ ਪੋਸੋ ਵਿੱਚ ਮੁਸਲਿਮ-ਈਸਾਈ ਸੰਘਰਸ਼ ਵਿੱਚ 1998-2002 ਦੌਰਾਨ ਘੱਟੋ-ਘੱਟ 1000 ਲੋਕਾਂ ਦੀ ਮੌਤ ਹੋਈ ਸੀ। ਲਵੰਗਾ ਨੇ ਕਿਹਾ ਕਿ ਉਹ ਇਸ ਫ਼ੈਸਲੇ ਉੱਤੇ ਪਟੀਸ਼ਨ ਦਾਇਰ ਕਰੇਗਾ। ਉਸ ਨੇ ਕਿਹਾ ਕਿ ਉਸ ਨੇ ਬੰਬ ਬਣਾਉਣ ਵਿੱਚ ਮਦਦ ਜ਼ਰੂਰ ਕੀਤੀ ਸੀ, ਪਰ ਹਮਲੇ ਨਹੀਂ ਕੀਤੇ ਅਤੇ ਉਸ ਨੂੰ ਨਹੀਂ ਪਤਾ ਕਿ ਬੰਬ ਕਿਵੇਂ ਵਰਤਣਾ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca


# ਮੇਡ ਇਨ ਕੈਨੇਡਾ ਕੋਵਿਡ-19 ਵੈਕਸੀਨਜ਼ ਦੇ ਮਨੁੱਖੀ ਟ੍ਰਾਇਲ ਲਈ ਮਿਲੀ ਹਰੀ ਝੰਡੀ

### ਦੋਵਾਂ ਵੈਕਸੀਨਜ਼ ਨੂੰ ਕੀਤਾ ਜਾਵੇਗਾ ਇਨਹੇਲ

ਟੋਰਾਂਟੋ, 9 ਦਸੰਬਰ (ਪੋਸਟ ਬਿਊਰੋ) : ਹੈਮਿਲਟਨ ਦੀ ਮੈਕਮਾਸਟਰ ਯੂਨੀਵਰਸਿਟੀ ਦੇ ਖੋਜਾਰਥੀਆਂ ਨੂੰ ਕੈਨੇਡਾ ਵਿੱਚ ਤਿਆਰ ਕੀਤੀਆਂ ਗਈਆਂ ਦੋ ਕੋਵਿਡ-19 ਵੈਕਸੀਨਜ਼ ਦੇ ਮਨੁੱਖੀ ਟ੍ਰਾਇਲ ਕਰਨ ਦੀ ਇਜਾਜ਼ਤ ਮਿਲ ਗਈ ਹੈ। ਇਹ ਵੈਕਸੀਨਜ਼ ਮਨੁੱਖੀ ਸ਼ਰੀਰ ਵਿੱਚ ਇੰਜੈਕਟ ਨਹੀਂ ਕੀਤੀਆਂ ਜਾਣਗੀਆਂ ਸਗੋਂ ਇਨਹੇਲ ਕੀਤੀਆਂ ਜਾਣਗੀਆਂ ਤੇ ਇਹ ਸਿੱਧਾ ਫੇਫੜਿਆਂ ਤੇ ਉੱਪਰੀ ਏਅਰਵੇਅਜ਼ ਉੱਤੇ ਅਸਰ ਕਰਨਗੀਆਂ।



ਅੱਜ ਜਾਰੀ ਕੀਤੀ ਗਈ ਰਲੀਜ਼ ਵਿੱਚ ਮੈਕਮਾਸਟਰ ਨੇ ਆਖਿਆ ਕਿ ਕਲੀਨਿਕਲ ਟ੍ਰਾਇਲਜ਼ ਦੇ ਪਹਿਲੇ ਫੇਜ਼ ਦੌਰਾਨ ਇਨਹੇਲ ਕੀਤੀ ਜਾਣ ਵਾਲੀ ਵੈਕਸੀਨ ਦੀ ਸੇਫਟੀ ਤੇ ਇਮਿਊਨ ਸਮਰੱਥਾ ਵੇਖਣੀ ਹੈ। ਇਹ ਇਨਹੇਲ ਕੀਤੀਆਂ ਜਾਣ ਵਾਲੀਆਂ ਵੈਕਸੀਨਜ਼ ਉਨ੍ਹਾਂ ਵਿਅਕਤੀਆਂ ਨੂੰ ਬੂਸਟਰ ਡੋਜ਼ ਵਜੋਂ ਦਿੱਤੀਆਂ ਜਾਣਗੀਆਂ ਜਿਨ੍ਹਾਂ ਨੂੰ ਕੋਵਿਡ-19 ਐਮਆਰਐਨਏ ਵੈਕਸੀਨ ਜਿਵੇਂ ਕਿ ਫਾਈਜ਼ਰ ਜਾਂ ਮੌਡਰਨਾ ਦੀਆਂ ਦੋ ਡੋਜ਼ ਦਿੱਤੀਆਂ ਜਾਣਗੀਆਂ।

ਮੈਕਮਾਸਟਰ ਵੈਕਸੀਨਜ਼ ਵੱਲੋਂ ਤਿੰਨ ਸਾਰਸ ਕੋਵ ਪ੍ਰੋਟੀਨਜ਼, ਜਿਸ ਵਿੱਚ ਸਪਾਈਕ ਪ੍ਰੋਟੀਨ ਵੀ ਸ਼ਾਮਲ ਹੈ, ਦੀ ਵਰਤੋਂ ਕੀਤੀ ਗਈ ਹੈ ਤੇ ਇਹ ਕਰੋਨ-ਾਵਾਇਰਸ ਦੇ ਉਨ੍ਹਾਂ ਹਿੱਸਿਆਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ ਜਿਹੜੇ ਬਦਲਦੇ ਜਾਂ ਮਿਊਟੇਟ ਨਹੀਂ ਕਰਦੇ। ਰਲੀਜ਼ ਵਿੱਚ ਆਖਿਆ ਗਿਆ ਕਿ ਇੱਕ ਦੀ ਥਾਂ ਤਿੰਨ ਵੱਖ ਵੱਖ ਪ੍ਰੋਟੀਨਜ਼ ਖਿਲਾਫ ਇਮਿਊਨ ਸਿਸਟਮ ਨੂੰ ਐਕਟੀਵੇਟ ਕਰਨ ਨਾਲ ਵੇਰੀਐਂਟਸ ਆਫ ਕੰਸਰਨ ਖਿਲਾਫ ਬਿਹਤਰ ਪ੍ਰੋਟੈਕਸ਼ਨ ਮਿਲੇਗੀ।

# ਕੈਂਸਰ ਤੋਂ ਪਹਿਲਾਂ ਵਾਲੇ ਸੈੱਲਾਂ ਦੀ ਪਛਾਣ ਮਗਰੋਂ ਡੀ ਵਿਲਾ ਦਾ ਹੋਵੇਗਾ ਆਪਰੇਸ਼ਨ

ਟੋਰਾਂਟੋ, 9 ਦਸੰਬਰ (ਪੋਸਟ ਬਿਊਰੋ) : ਰੁਟੀਨ ਸਕਰੀਨਿੰਗ ਦੌਰਾਨ ਕੈਂਸਰ ਤੋਂ ਪਹਿਲਾਂ ਵਾਲੇ ਸੈੱਲਾਂ ਦੀ ਪਛਾਣ ਹੋਣ ਮਗਰੋਂ ਟੋਰਾਂਟੋ ਦੀ ਮੈਡੀਕਲ ਆਫੀਸਰ ਆਫ ਹੈਲਥ ਐਲੀਨ ਡੀ ਵਿਲਾ ਦਾ ਬੁੱਧਵਾਰ ਨੂੰ ਆਪਰੇਸ਼ਨ ਕੀਤਾ ਜਾਵੇਗਾ।

ਐਲੀਨ ਡੀ ਵਿਲਾ 2017 ਤੋਂ ਟੋਰਾਂਟੋ ਮੈਡੀਕਲ ਆਫੀਸਰ ਆਫ ਹੈਲਥ ਵਜੋਂ ਕੰਮ ਕਰ ਰਹੀ ਹੈ ਤੇ ਟੋਰਾਂਟੋ ਪਬਲਿਕ ਹੈਲਥ ਯੂਨਿਟ ਦੀ ਦੇਖਰੇਖ ਦਾ ਕੰਮ ਉਨ੍ਹਾਂ ਦੇ ਜ਼ਿੰਮੇ ਹੈ। ਇੱਕ ਬਿਆਨ ਵਿੱਚ ਟੋਰਾਂਟੋ ਦੀ ਉੱਘੀ ਡਾਕਟਰ ਨੇ ਆਖਿਆ ਕਿ ਗਰਮੀਆਂ ਵਿੱਚ ਰੁਟੀਨ ਚੈੱਕ-ਅੱਪ ਦੌਰਾਨ ਉਨ੍ਹਾਂ ਦਾ ਮੈਮੋਗ੍ਰਾਮ ਕੀਤਾ ਗਿਆ, ਜਿਸ



ਦੌਰਾਨ ਕੈਂਸਰ ਤੋਂ ਪਹਿਲਾਂ ਵਾਲੇ ਸੈੱਲ ਪਾਏ ਗਏ।

ਡੀ ਵਿਲਾ ਨੇ ਆਖਿਆ ਕਿ ਇਸ ਤੋਂ ਅਗਾਂਹ ਕੋਈ ਵੀ ਇਲਾਜ ਆਪਰੇਸ਼ਨ ਤੋਂ ਬਾਅਦ ਹੀ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਕਹਾਣੀ ਕੋਈ ਅਲੋਕਾਰੀ ਨਹੀਂ ਹੈ। ਟੋਰਾਂਟੋ ਭਰ ਦੀਆਂ ਮਹਿਲਾਵਾਂ ਨੂੰ ਇਸ ਤਰ੍ਹਾਂ ਦੀਆਂ ਖਬਰਾਂ ਆਏ ਦਿਨ ਮਿਲਦੀਆਂ ਰਹਿੰਦੀਆਂ ਹਨ। ਉਨ੍ਹਾਂ ਆਖਿਆ ਕਿ ਟੋਰਾਂਟੋ ਪਬਲਿਕ ਹੈਲਥ ਦਾ ਚਾਰਜ ਡਿਪਟੀ ਮੈਡੀਕਲ ਆਫੀਸਰ ਆਫ ਹੈਲਥ ਡਾ. ਨਾ ਕੋਸ਼ੀ ਲੈਂਪਟੇ ਸਾਂਭਣਗੇ ਤੇ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਉਹ ਕਾਰਜਕਾਰੀ ਮੈਡੀਕਲ ਆਫੀਸਰ ਆਫ ਹੈਲਥ ਹੋਣਗੇ। ਡੀ ਵਿਲਾ ਨੇ ਆਖਿਆ ਕਿ ਆਪਰੇਸ਼ਨ ਤੋਂ ਬਾਅਦ ਉਹ 20 ਦਸੰਬਰ ਨੂੰ ਕੰਮ ਉੱਤੇ ਪਰਤੇਗੀ।

ਇਸ ਦੌਰਾਨ ਮੇਅਰ ਜੌਹਨ ਟੋਰੀ, ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਸਿਹਤ ਮੰਤਰੀ ਕ੍ਰਿਸਟੀਨ ਐਲੀਅਟ, ਮਿਸੀਸਾਗਾ ਦੇ ਮੇਅਰ ਬੌਨੀ ਕ੍ਰੌਂਬੀ ਤੇ ਸਿਟੀ ਕਾਊਂਸਲਰ ਜੋਈ ਕ੍ਰੈਸੀ ਵੱਲੋਂ ਡੀ ਵਿਲਾ ਨੂੰ ਜਲਦ ਤੋਂ ਜਲਦ ਸਿਹਤਯਾਬ ਹੋਣ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਬੱਚਾ ਜ਼ਖ਼ਮੀ

ਇਟੋਬੀਕੋ, 9 ਦਸੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਇਟੋਬੀਕੋ ਵਿੱਚ ਗੱਡੀ ਵੱਲੋਂ ਇੱਕ ਬੱਚੇ ਨੂੰ ਟੱਕਰ ਮਾਰੇ ਜਾਣ ਤੋਂ ਬਾਅਦ ਉਸ ਬੱਚੇ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਰੌਇਲ ਯੌਰਕ ਰੋਡ ਤੇ ਵੈਸਟਰਿੱਜ ਰੋਡ ਉੱਤੇ ਵਾਪਰੇ ਇਸ ਹਾਦਸੇ ਦੀ ਜਾਣਕਾਰੀ ਮਿਲਦਿਆਂ ਸਾਰ ਹੀ ਉਹ ਮੌਕੇ ਉੱਤੇ ਪਹੁੰਚੇ। ਜਿਸ ਗੱਡੀ ਵੱਲੋਂ ਬੱਚੇ ਨੂੰ ਟੱਕਰ ਮਾਰੀ ਗਈ ਸੀ ਉਹ ਵੀ ਮੌਕੇ ਉੱਤੇ ਹੀ ਰਹੀ। ਪੁਲਿਸ ਨੇ ਦੱਸਿਆ ਕਿ ਬੱਚੇ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।





# ☬ ਸ਼ਹੀਦੀ ਸਮਾਗਮ ☬

## ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਅਤੇ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਵੀਰਵਾਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਦੀਆਂ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ!

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887 ਸਤਪਾਲ ਸਿੰਘ ਗਰੇਵਾਲ ਨੂੰ 519-405-0075 , ਜਸਵੰਤ ਸਿੰਘ ਰਜ਼ੂਲ 647-856-9612 ਜਾਂ ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨੂੰ ਸੰਪਰਕ ਕਰੋ ਜੀ।

## ਐਰਾਈਵਕੈਨ ਐਪ ਦੀ ਵਰਤੋਂ ਨਾ ਕਰ ਸਕਣ ਵਾਲੇ ਟਰੈਵਲਰਜ਼ ਹੁਣ ਬਾਰਡਰ ਉੱਤੇ ਹੀ ਦੇ ਸਕਣਗੇ ਟਰੈਵਲ ਡੀਟੇਲਜ਼

ਓਟਵਾ, 9 ਦਸੰਬਰ (ਪੋਸਟ ਬਿਊਰੋ) : ਸਰਕਾਰ ਦੇ ਐਰਾਈਵਕੈਨ ਐਪ ਤੱਕ ਪਹੁੰਚ ਨਾ ਕਰ ਸਕਣ ਵਾਲੇ ਜਾਂ ਇਸ ਵਿੱਚ ਆਪਣੀ ਜਾਣਕਾਰੀ ਭਰਨੀ ਭੁੱਲਣ ਵਾਲੇ ਟਰੈਵਲਰਜ਼ ਨੂੰ ਹੁਣ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ, ਉਹ ਨਿਜੀ ਤੌਰ ਉੱਤੇ ਵੀ ਆਪਣੀਆਂ ਟਰੈਵਲ ਡੀਟੇਲਜ਼ ਮੁਹੱਈਆ ਕਰਵਾ ਸਕਣਗੇ। ਕੈਨੇਡਾ ਦੇ ਪਬਲਿਕ ਸੇਫਟੀ ਮੰਤਰੀ ਵੱਲੋਂ ਬਾਰਡਰ ਅਧਿਕਾਰੀਆਂ ਨੂੰ ਨਵੀਆਂ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਟਰੈਵਲਰਜ਼ ਤੋਂ ਇਨ ਪਰਸਨ ਤੌਰ ਉੱਤੇ ਉਨ੍ਹਾਂ ਦੀ ਟਰੈਵਲ ਡੀਟੇਲਜ਼ ਹਾਸਲ ਕਰ ਸਕਦੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਟਰੈਵਲਰ ਭਾਵੇਂ ਕਿੰਨੇ ਮਰਜ਼ੀ ਸਮੇਂ ਲਈ ਦੇਸ਼ ਤੋਂ ਬਾਹਰ ਰਿਹਾ ਹੋਵੇ, ਕੈਨੇਡਾ ਦਾਖਲ ਹੋਣ ਲਈ ਸਰਕਾਰ ਵੱਲੋਂ ਇਸ ਐਪ ਦੀ ਵਰਤੋਂ ਕਰਨਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਇਸ ਐਪ ਰਾਹੀਂ ਇਹ ਜਾਣਕਾਰੀ ਇੱਕਠੀ ਕੀਤੀ ਜਾਂਦੀ ਹੈ ਕਿ ਟਰੈਵਲਰ ਕਿੱਥੇ ਗਿਆ, ਉਨ੍ਹਾਂ ਦੇ ਟਰਿੱਪ ਦਾ ਕਾਰਨ, ਉਨ੍ਹਾਂ ਦੀ ਕਾਂਟੈਕਟ ਸਬੰਧੀ ਜਾਣਕਾਰੀ, ਵੈਕਸੀਨੇਸ਼ਨ ਸਬੰਧੀ ਜਾਣਕਾਰੀ, ਟਰੈਵਲ ਤੋਂ ਪਹਿਲਾਂ ਕੋਵਿਡ-19 ਟੈਸਟ ਰਿਜ਼ਲਟਸ ਤੇ ਇੱਕ ਵਾਰੀ ਕੈਨੇਡਾ ਪਹੁੰਚਣ ਉਪਰੰਤ ਉਨ੍ਹਾਂ ਦੇ ਕੁਆਰਨਟੀਨ ਸਬੰਧੀ ਪਲੈਨ ਆਦਿ।

ਇਹ ਜਾਣਕਾਰੀ ਦੇਣ ਵਿੱਚ ਅਸਫਲ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਹੁਣ ਤੱਕ ਦੇਸ਼ ਵਿੱਚ ਦਾਖਲ ਹੋਣ ਲਈ ਜਹਾਜ਼ ਚੜ੍ਹਨ ਤੋਂ ਰੋਕ ਦਿੱਤਾ ਜਾਂਦਾ ਰਿਹਾ ਹੈ। ਕੈਨੇਡੀਅਨਜ਼, ਪਰਮਾਨੈਂਟ ਰੈਜ਼ੀਡੈਂਟਸ ਤੇ ਹੋਰਨਾਂ, ਜਿਨ੍ਹਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਦਾ ਅਧਿਕਾਰ ਹੈ, ਨੂੰ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਹੁਣ ਤੱਕ ਦੋ ਹਫਤਿਆਂ ਲਈ ਕੁਆਰਨਟੀਨ ਕਰਨਾ ਪੈਂਦਾ ਸੀ।

ਇਸ ਸਬੰਧ ਵਿੱਚ ਕਈ ਸ਼ਿਕਾਇਤਾਂ ਮਿਲਣ ਤੋਂ ਬਾਅਦ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਇਹ ਜਾਣਕਾਰੀ ਦਿੱਤੀ ਕਿ ਇਸ ਸਬੰਧ ਵਿੱਚ ਤਬਦੀਲੀਆਂ ਕਰਕੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਟਰੈਵਲਰਜ਼ ਤੋਂ ਇਨ ਪਰਸਨ ਜਾਣਕਾਰੀ ਹਾਸਲ ਕਰਨ ਦੀਆਂ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ।

## ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਕੰਮ ਵਾਲੀਆਂ ਥਾਂਵਾਂ ਉੱਤੇ ਲਾਜ਼ਮੀ ਹੋਵੇਗੀ ਕੋਵਿਡ-19 ਵੈਕਸੀਨੇਸ਼ਨਜ਼

ਓਟਵਾ, 9 ਦਸੰਬਰ (ਪੋਸਟ ਬਿਊਰੋ) : ਟਰੂਡੋ ਸਰਕਾਰ ਵੱਲੋਂ 2022 ਦੇ ਸ਼ੁਰੂ ਤੱਕ ਫੈਡਰਲ ਪੱਧਰ ਉੱਤੇ ਨਿਯੰਤਰਿਤ ਸਾਰੀਆਂ ਕੰਮ ਵਾਲੀਆਂ ਥਾਂਵਾਂ ਉੱਤੇ ਕੋਵਿਡ-19 ਵੈਕਸੀਨ ਲਾਜ਼ਮੀ ਕਰਨ ਦੀ ਸੰਭਾਵਨਾ ਹੈ।



ਇਹ ਰੈਗੂਲੇਸ਼ਨਜ਼ ਹੈਲਥ ਤੇ ਸੇਫਟੀ ਮਾਪਦੰਡਾਂ ਸਬੰਧੀ ਮੌਜੂਦਾ ਨਿਯਮਾਂ, ਮਾਸਕ ਲਾਉਣਾ, ਹੱਥ ਧੋਣੇ ਤੇ ਫਿਜ਼ੀਕਲ ਡਿਸਟੈਂਸਿੰਗ ਬਣਾਈ ਰੱਖਣ ਦੇ ਨਾਲ ਲਾਗੂ ਕੀਤੀਆਂ ਜਾਣਗੀਆਂ। ਫੈਡਰਲ ਸਰਕਾਰ ਵੱਲੋਂ ਪ੍ਰਸਤਾਵਿਤ ਇਨ੍ਹਾਂ ਨਵੇਂ ਵੈਕਸੀਨ ਨਿਯਮਾਂ ਅਨੁਸਾਰ ਰੋਡ ਟਰਾਂਸਪੋਰਟੇਸ਼ਨ, ਟੈਲੀਕਮਿਊਨਿਕੇਸ਼ਨਜ਼ ਤੇ ਬੈਂਕਿੰਗ ਸੈਕਟਰ ਨਾਲ ਜੁੜੇ ਮੁਲਾਜ਼ਮਾਂ ਨੂੰ ਦੂਹਰੀ ਡੋਜ਼ ਜ਼ਰੂਰੀ ਹੋਵੇਗੀ।

ਪਬਲਿਕ ਸੈਕਟਰ, ਜਿਹੜੇ ਮੁਲਾਜ਼ਮ ਫੈਡਰਲ ਪੱਧਰ ਉੱਤੇ ਰੈਗੂਲੇਟਿਡ ਏਅਰ, ਰੇਲ, ਮਰੀਨ ਟਰਾਂਸਪੋਰਟੇਸ਼ਨ ਸੈਕਟਰਜ਼ ਤੇ ਟਰੈਵਲਰਜ਼, ਲਈ ਇਹ ਵੈਕਸੀਨੇਸ਼ਨ ਸ਼ਰਤਾਂ ਪਹਿਲਾਂ ਤੋਂ ਹੀ ਲਾਗੂ ਹਨ। ਆਰਸੀਐਮਪੀ ਅਧਿਕਾਰੀਆਂ ਨੂੰ ਵੀ ਵੈਕਸੀਨ ਦੇ ਦੋ ਸ਼ੌਟਸ ਲਵਾਉਣੇ ਲਾਜ਼ਮੀ ਹਨ।

## ਘਰ ਵਿੱਚ ਲੱਗੀ ਅੱਗ ਕਾਰਨ 2 ਦੀ ਹੋਈ ਮੌਤ

ਓਨਟਾਰੀਓ, 9 ਦਸੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਪਾਰਕਡੇਲ ਵਿੱਚ ਤੜ੍ਹਕੇ ਲੱਗੀ ਅੱਗ ਵਿੱਚ ਦੋ ਵਿਅਕਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਗਈ ਹੈ। ਸਵੇਰੇ 3:30 ਉੱਤੇ ਲੱਗੀ ਅੱਗ ਤੋਂ ਬਾਅਦ ਕੁਈਨ ਸਟਰੀਟ ਵੈਸਟ ਤੇ ਰੌਂਸੈਸਵਾਲਸ ਐਵਨਿਊ ਨੇੜੇ ਵਿਲਸਨ ਪਾਰਕ ਰੋਡ ਉੱਤੇ ਸਥਿਤੀ ਤਿੰਨ ਮੰਜ਼ਿਲਾ ਇਮਾਰਤ ਵਿੱਚ ਲੱਗੀ ਅੱਗ ਤੋਂ ਬਾਅਦ ਫਾਇਰਫਾਈਟਰਜ਼ ਨੂੰ ਸੱਦਿਆ ਗਿਆ। ਫਾਇਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਧੂੰਆਂ ਤੇ ਅੱਗ ਦੀਆਂ ਲਪਟਾਂ ਬੇਸਮੈਂਟ ਤੋਂ ਸ਼ੁਰੂ ਹੋ ਕੇ ਛੱਤ ਤੱਕ ਪਹੁੰਚੀਆਂ। ਫਾਇਰਫਾਈਟਰਜ਼ ਨੂੰ ਸੱਭ ਤੋਂ ਪਹਿਲਾਂ ਧੂੰਏ ਨਾਲ ਦੋ ਚਾਰ ਕਰਨਾ ਪਿਆ। ਪੈਰਾਮੈਡਿਕਸ ਨੇ ਆਖਿਆ ਕਿ ਇੱਕ ਮਹਿਲਾ ਨੂੰ ਘਰ ਵਿੱਚੋਂ ਬਾਹਰ ਕੱਢਣ ਤੋਂ ਬਾਅਦ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਪਰ ਉਸ ਦੀ ਉਮਰ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਮੰਗਲਵਾਰ ਨੂੰ ਸਵੇਰੇ ਮਿਲੀ ਅਪਡੇਟ ਅਨੁਸਾਰ ਟੋਰਾਂਟੋ ਫਾਇਰ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਉਸ ਘਰ ਵਿੱਚ ਇੱਕ ਹੋਰ ਵਿਅਕਤੀ ਦੀ ਵੀ ਮੌਤ ਹੋਈ। ਪਰ ਘਰ ਦੇ ਢਾਂਚੇ ਦੇ ਢਿੱਲਾ ਪੈਣ ਕਾਰਨ ਉਸ ਵਿਅਕਤੀ ਦੀ ਲਾਸ਼ ਘਰ ਵਿੱਚੋਂ ਕੱਢੀ ਨਹੀਂ ਜਾ ਸਕੀ। ਫਾਇਰ ਚੀਫ ਮੈਥਿਊ ਪੈਗ ਨੇ ਆਖਿਆ ਕਿ ਘਰ ਵਿੱਚ ਰਹਿਣ ਵਾਲਾ ਹੋਰ ਸ਼ਖ਼ਸ ਖੁਦ ਨੂੰ ਬਚਾਅ ਕੇ ਬਾਹਰ ਨਿਕਲਣ ਵਿੱਚ ਕਾਮਯਾਬ ਰਿਹਾ। ਉਸ ਦਾ ਇਲਾਜ ਮੌਕੇ ਉੱਤੇ ਹੀ ਕਰ ਦਿੱਤਾ ਗਿਆ ਤੇ ਹੁਣ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।



## ਬੇਸਮੈਂਟ ਵਿੱਚ ਅੱਗ ਲੱਗਣ ਤੋਂ ਬਾਅਦ ਮਹਿਲਾ ਦੀ ਹੋਈ ਮੌਤ

ਟੋਰਾਂਟੋ, 9 ਦਸੰਬਰ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਪਾਰਕਡੇਲ ਵਿੱਚ ਇੱਕ ਘਰ ਨੂੰ ਅੱਗ ਲੱਗ ਜਾਣ ਤੋਂ ਬਾਅਦ ਇੱਕ ਮਹਿਲਾ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਬੇਸਮੈਂਟ ਵਿੱਚੋਂ ਬਾਹਰ ਕੱਢਿਆ ਗਿਆ ਪਰ ਥੋੜ੍ਹੀ ਦੇਰ ਬਾਅਦ ਉਸ ਦੀ ਮੌਤ ਹੋ ਗਈ। ਟੋਰਾਂਟੋ ਫਾਇਰਫਾਈਟਰਜ਼ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸਵੇਰੇ 3:30 ਵਜੇ ਕੁਈਨ ਸਟਰੀਟ ਵੈਸਟ ਦੇ ਦੱਖਣ ਵੱਲ 61 ਵਿਲਸਨ ਪਾਰਕ ਰੋਡ ਉੱਤੇ ਸਥਿਤ ਘਰ ਵਿੱਚ ਅੱਗ ਲੱਗਣ ਦੀ ਰਿਪੋਰਟ ਮਿਲਣ ਤੋਂ ਬਾਅਦ ਉਹ ਫੌਰੀ ਉੱਥੇ ਪਹੁੰਚੇ। ਡਿਪਟੀ ਚੀਫ ਜਿੰਮ ਜੈਸਪ ਨੇ ਆਖਿਆ ਕਿ ਉਨ੍ਹਾਂ ਨੂੰ ਇੱਕ ਘਰ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਮਿਲਿਆ। ਘਰ ਵਿੱਚ ਦਾਖਲ ਹੋਣ ਉੱਤੇ ਉਨ੍ਹਾਂ ਨੂੰ ਇੱਕ ਮਹਿਲਾ ਘਰ ਦੇ ਅੰਦਰ ਬੇਹੋਸ਼ ਮਿਲੀ। ਪੈਰਾਮੈਡਿਕਸ ਨੇ ਦੱਸਿਆ ਕਿ ਉਸ ਨੂੰ ਬਾਅਦ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ।



ਉਸ ਮਹਿਲਾ ਦੀ ਪਛਾਣ ਨਹੀਂ ਹੋ ਸਕੀ ਹੈ। ਅੱਗ ਦੀਆਂ ਲਪਟਾਂ ਤੇ ਧੂੰਆਂ ਐਨਾ ਸੰਘਣਾ ਸੀ ਕਿ ਫਾਇਰ ਕ੍ਰਿਊ ਘਰ ਦੀ ਪੂਰੀ ਤਰ੍ਹਾਂ ਜਾਂਚ ਵੀ ਨਹੀਂ ਕਰ ਸਕਿਆ। ਫਾਇਰ ਚੀਫ ਮੈਥਿਊ ਪੈਗ ਨੇ ਆਖਿਆ ਕਿ ਘਰ ਵਿੱਚ ਤਿੰਨ ਲੋਕ ਹੀ ਰਹਿੰਦੇ ਸਨ। ਇੱਕ ਬਚ ਨਿਕਲਿਆ, ਇੱਕ ਦੀ ਮੌਤ ਹੋ ਗਈ ਤੇ ਇੱਕ ਬਾਰੇ ਅਜੇ ਤੱਕ ਕੁੱਝ ਪਤਾ ਨਹੀਂ ਲੱਗ ਸਕਿਆ ਹੈ। ਘਰ ਦੇ ਅੰਦਰੂਨੀ ਹਿੱਸੇ ਵਿੱਚ ਢਾਂਚਾਗਤ ਨੁਕਸਾਨ ਵੀ ਪਹੁੰਚਿਆ ਹੈ ਤੇ ਇੱਕ ਪੌੜੀਆਂ ਢਹਿ ਗਈਆਂ ਵੀ ਦੱਸੀਆਂ ਜਾਂਦੀਆਂ ਹਨ। ਇੱਕ ਵਾਰੀ ਅੱਗ ਉੱਤੇ ਪੂਰੀ ਤਰ੍ਹਾਂ ਕਾਬੂ ਪਾਏ ਜਾਣ ਤੋਂ ਬਾਅਦ ਹੀ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਇਆ ਜਾਵੇਗਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਟਾਂਕ ਕਸ਼ੱਤਰੀ ਲੜਕਾਂ, ਉਮਰ 25 ਸਾਲ, ਕੈਨੇਡਾ ਪੀ.ਆਰ., ਕੱਦ 5.8 ਇੰਚ, ਲਈ ਡਿਗਰੀ ਕਰਨ ਆਈ ਕੈਨੇਡਾ ਵਿੱਚ ਕੱਚੇ ਜਾ ਪੱਕੇ ਤੌਰ ’ਤੇ ਰਹਿ ਰਹੀ ਲੜਕੀ ਦੀ ਲੋੜ। +1-204-557-6726 (ਕੈਨੇਡਾ) +91-99142-07712 Email: hrpreet.ca@gmail.com

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422, ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਰਵੀਦਾਸੀਆ/ਰਾਮਦਾਸੀਆ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਕੈਨੀਡੀਅਨ ਸਿਟੀਜ਼ਨ, ਕੈਨੇਡਾ ਵਿਚ ਸਰਕਾਰੀ ਨੌਕਰੀ ਕਰ ਰਹੇ ਲੜਕੇ ਲਈ ਯੋਗ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ 21 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਪਿੱਛੋਂ ਪਰਿਵਾਰ ਲੁਧਿਆਣੇ ਤੋਂ ਹੈ। ਸੰਪਰਕ: 905-996-0127, 416-728-9390

## ਲੜਕੀ ਦੀ ਲੋੜ

Jatt Sikh boy truck driver, 5’11, born in 1992. Clean shave , vegetarian, Permanent Resident, 1.5 acres property in India. 2 residential properties in Brampton. Living in Brampton, well settled. Looking for a suitable match. Only serious inquiries. Contact-+1-416-991-9192

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Check our Free E-paper at:
www.canadianpunjabipost.ca
ਕਾਲ ਕਰੋ: 905-793-2202
ਪੰਜਾਬੀ ਪੋਸਟ

WWW.KULWINDERCHHINA.COM
MULTI AWARD WINNER REALTOR



KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੰਡਿਆ

Check our Free E-paper at:
www.canadianpunjabipost.ca
ਕਾਲ ਕਰੋ: 905-793-2202
ਪੰਜਾਬੀ ਪੋਸਟ

You can (905)793-2202
Place Your Business Here
To Reach Wider Audience
For more info Call 905-793-2202 or e-mail ads@punjabipost.ca

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

You can (905)793-2202
Place Your Business Here
To Reach Wider Audience
For more info Call 905-793-2202 or e-mail ads@punjabipost.ca

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਗੁਰਬਖਸ਼ ਸਿੰਘ ਮੱਲ੍ਹੀ ਦੇ ਨਾਂ ’ਤੇ ਪਾਰਕ ਕੀਤਾ ਸਮਰਪਿਤ

...ਪੰਨਾ 1 ਦਾ ਬਾਕੀ

ਇਸ ਮੌਕੇ ਬੋਲਦਿਆਂ ਆਨਰੇਬਲ ਗੁਰਬਖਸ਼ ਸਿੰਘ ਮੱਲੀ ਨੇ ਜਿੱਥੇ ਪੰਜਾਬੀ ਭਾਈਚਾਰੇ ਦਾ ਉਹਨਾਂ ਵੱਲੋਂ ਮਿਲੇ ਸਾਥ ਦਾ ਧੰਨਵਾਦ ਕੀਤਾ ਉੱਥੇ ਸਿਟੀ ਆਫ ਬਰੈਂਮਪਟਨ ਦੇ ਮੇਅਰ ਪੈਟਰਿਕ ਬਰਾਊਨ ਅਤੇ ਸਮੁੱਚੇ ਸਿਟੀ ਕਾਊਸਲਰਜ ਅਤੇ ਰੀਜਨਲ ਕਾਊਂਸਲਰਜ ਦਾ ਧੰਨਵਾਦ ਕੀਤਾ ਅਤੇ ਇਸ ਬੀਤੇ ਸਮੇਂ ਦੌਰਾਨ ਕਈ ਕੌੜੀਆਂ ਅਤੇ ਮਿੱਠੀਆਂ ਯਾਦਾਂ ਨੂੰ ਵੀ ਤਾਜਾ ਕੀਤਾ।

























# ਕੋਵਿਡ-19 ਟੈਸਟਿੰਗ ਵਧਾਉਣ ਲਈ ਸਰਕਾਰ ਨੇ ਤਿੰਨ ਕੰਪਨੀਆਂ ਨਾਲ ਕੀਤਾ ਕਰਾਰ

ਓਟਵਾ, 9 ਦਸੰਬਰ (ਪੋਸਟ ਬਿਊਰੋ) : ਅੱਗੇ ਆਉਣ ਵਾਲੇ ਹਾਲੀਡੇਅ ਸੀਜ਼ਨ ਅਤੇ ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਦੇ ਜ਼ੋਰ ਫੜਨ ਦੇ ਖਦਸ਼ੇ ਦੇ ਮੱਦੇਨਜ਼ਰ ਫੈਡਰਲ ਸਰਕਾਰ ਨੇ ਤਿੰਨ ਕੰਪਨੀਆਂ ਨਾਲ 631 ਮਿਲੀਅਨ ਡਾਲਰ ਦਾ ਕਾਂਟਰੈਕਟ ਕੀਤਾ ਹੈ ਜਿਹੜੀਆਂ ਬਾਰਡਰ ਉੱਤੇ ਕੋਵਿਡ-19 ਟੈਸਟਿੰਗ ਤੇ ਹੋਰ ਸਕਰੀਨਿੰਗ ਸੇਵਾਵਾਂ ਦੇਣਗੀਆਂ।



ਪਬਲਿਕ ਸਰਵਿਸਿਜ਼ ਤੇ ਪ੍ਰੋਕਿਓਰਮੈਂਟ ਕੈਨੇਡਾ ਨੇ ਦੱਸਿਆ ਕਿ ਸਵਿੱਚ ਹੈਲਥ, ਲਾਈਫਲੈਬਜ਼ ਤੇ ਡਾਇਨਾਕੇਅਰ ਉਹ ਕੰਪਨੀਆਂ ਹਨ ਜਿਹੜੀਆਂ ਏਅਰਪੋਰਟਸ ਤੇ ਜ਼ਮੀਨੀ ਸਰਹੱਦੀ ਲਾਂਘਿਆਂ ਉੱਤੇ ਕੈਨੇਡਾ ਦਾਖਲ ਹੋਣ ਵਾਲੇ ਇੰਟਰਨੈਸ਼ਨਲ ਟਰੈਵਲਰਜ਼ ਦੇ ਟੈਸਟ ਕਰਣਗੀਆਂ। ਡਿਪਾਰਟਮੈਂਟ ਦੀ ਤਰਜ਼ਮਾਨ ਗੈਬ੍ਰੀਅਲ ਲੀਬਫ ਨੇ ਆਖਿਆ ਕਿ ਇਹ ਕੰਪਨੀਆਂ ਟੈਸਟਿੰਗ ਸੇਵਾਵਾਂ ਦੇਣਗੀਆਂ, ਜਿਨ੍ਹਾਂ ਵਿੱਚ ਅਪੁਆਇੰਟਮੈਂਟ ਬੁੱਕ ਕਰਨਾ, ਟੈਸਟ ਕਰਨਾ ਤੇ ਰਿਜ਼ਲਟ ਤਿਆਰ ਕਰਨਾ ਸ਼ਾਮਲ ਹੋਵੇਗਾ।

ਇਸ ਦੇ ਨਾਲ ਹੀ ਇਨ੍ਹਾਂ ਕੰਪਨੀਆਂ ਵੱਲੋਂ ਟੈਂਪਰੇਰੀ ਫੌਰਨ ਵਰਕਰਜ਼, ਰਫਿਊਜੀਜ਼, ਪਨਾਹ ਲੈਣ ਦੇ ਚਾਹਵਾਨਾਂ ਤੇ ਕੌਮਾਂਤਰੀ ਵਿਦਿਆਰਥੀਆਂ ਦੇ ਟੈਸਟ ਵੀ ਕੀਤੇ ਜਾਣਗੇ। ਸਵਿੱਚ ਹੈਲਥ ਵੱਲੋਂ ਓਨਟਾਰੀਓ, ਅਲਬਰਟਾ ਤੇ ਐਟਲਾਂਟਿਕ ਕੈਨੇਡਾ ਵਿੱਚ ਟੈਸਟਿੰਗ ਕੀਤੀ ਜਾਵੇਗੀ। ਇਸ ਲਈ ਕੰਪਨੀ ਨਾਲ 440 ਮਿਲੀਅਨ ਡਾਲਰ ਦੀ ਡੀਲ ਹੋਈ ਹੈ। ਲਾਈਫਲੈਬਜ਼ ਵੱਲੋਂ ਬ੍ਰਿਟਿਸ਼ ਕੋਲੰਬੀਆ, ਸਸਕੈਚਵਨ ਤੇ ਯੂਕੌਨ ਵਿੱਚ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਸਰਕਾਰ ਵੱਲੋਂ ਇਸ ਕੰਪਨੀ ਨਾਲ 111 ਮਿਲੀਅਨ ਡਾਲਰ ਦਾ ਕਾਂਟਰੈਕਟ ਕੀਤਾ ਗਿਆ ਹੈ। ਡਾਇਨਾਕੇਅਰ ਨਾਲ ਸਰਕਾਰ ਵੱਲੋਂ 80 ਮਿਲੀਅਨ ਡਾਲਰ ਦਾ ਕਰਾਰ ਕੀਤਾ ਗਿਆ ਹੈ ਤੇ ਉਹ ਕਿਊਬਿਕ ਤੇ ਮੈਨੀਟੋਬਾ ਵਿੱਚ ਆਪਰੇਟ ਕਰੇਗੀ।

# ਜਾਅਲੀ ਹੈ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਲੋਕਾਂ ਨੂੰ ਫੜ੍ਹਨ ਸਬੰਧੀ ਦਸਤਾਵੇਜ਼ : ਸਿਹਤ ਮੰਤਰਾਲਾ

ਓਨਟਾਰੀਓ, 9 ਦਸੰਬਰ (ਪੋਸਟ ਬਿਊਰੋ) : ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਲੋਕਾਂ ਨੂੰ ਫੜ੍ਹਨ ਬਾਰੇ ਆਨਲਾਈਨ ਸਰਕੂਲੇਟ ਹੋ ਰਿਹਾ ਦਸਤਾਵੇਜ਼ ਜਾਅਲੀ ਹੈ ਤੇ ਇਸ ਮਾਮਲੇ ਦੀ ਜਾਂਚ ਪੁਲਿਸ ਨੂੰ ਸੌਂਪ ਦਿੱਤੀ ਗਈ ਹੈ। ਇਹ ਖੁਲਾਸਾ ਸਰਕਾਰ ਵੱਲੋਂ ਕੀਤਾ ਗਿਆ।



ਇਹ ਦਸਤਾਵੇਜ਼ ਜਾਅਲੀ ਹੈ ਤੇ ਇੰਜ ਲੱਗਦਾ ਹੈ ਕਿ ਇਸ ਨੂੰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਸਾਲੀਸਿਟਰ ਜਨਰਲ ਸਿਲਵੀਆ ਜੋਨਜ਼ ਵੱਲੋਂ ਲਿਖਿਆ ਗਿਆ ਹੈ। ਇਸ ਵਿੱਚ ਫੈਡਰਲ ਮਨਿਸਟਰ ਆਫ ਐਮਰਜੰਸੀ ਪ੍ਰਿਪੇਅਰਡਨੈੱਸ ਬਿੱਲ ਬਲੇਅਰ ਤੇ ਸਿਹਤ ਮੰਤਰੀ ਜੀਨ ਯਵੇਸ ਡਕਲਸ ਨੂੰ ਸੰਬੋਧਨ ਕੀਤਾ ਗਿਆ ਹੈ। ਇਸ ਵਿੱਚ ਇੰਜ ਲੱਗਦਾ ਹੈ ਕਿ ਐਲੀਅਟ ਤੇ ਜੋਨਜ਼ ਵੱਲੋਂ ਫੈਡਰਲ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਜਿਨ੍ਹਾਂ ਨੇ ਟੀਕਾਕਰਣ ਨਹੀਂ ਕਰਵਾਇਆ ਉਨ੍ਹਾਂ ਨੂੰ ਮੁਜਰਮ ਕਰਾਰ ਦਿੱਤਾ ਜਾਵੇ ਤੇ ਉਨ੍ਹਾਂ ਨੂੰ ਫੜ੍ਹ ਲਿਆ ਜਾਵੇ।

ਸੋਮਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਸਿਹਤ ਮੰਤਰਾਲੇ ਵੱਲੋਂ ਆਖਿਆ ਗਿਆ ਕਿ ਸਾਡੇ ਧਿਆਨ ਵਿੱਚ ਇਹ ਲੈਟਰ ਆਇਆ ਹੈ ਜਿਹੜਾ ਮੰਤਰੀ ਐਲੀਅਟ ਤੇ ਮੰਤਰੀ ਜੋਨਜ਼ ਵੱਲੋਂ 3 ਦਸੰਬਰ ਨੂੰ ਜਾਰੀ ਕੀਤਾ ਗਿਆ ਲੱਗਦਾ ਹੈ ਤੇ ਇਹ ਆਨਲਾਈਨ ਸਰਕੂਲੇਟ ਹੋ ਰਿਹਾ ਹੈ। ਇਹ ਵੀ ਆਖਿਆ ਗਿਆ ਕਿ ਇਸ ਤਰ੍ਹਾਂ ਦਾ ਕੋਈ ਲੈਟਰ ਮੰਤਰੀ ਐਲੀਅਟ ਤੇ ਮੰਤਰੀ ਜੋਨਜ਼ ਵੱਲੋਂ ਜਾਰੀ ਨਹੀਂ ਕੀਤਾ ਗਿਆ। ਸਰਕਾਰ ਨੇ ਆਖਿਆ ਕਿ ਇਸ ਤਰ੍ਹਾਂ ਦਸਤਾਵੇਜ਼ ਤਿਆਰ ਕਰਨਾ ਮੁਜਰਮਾਨਾ ਕੰਮ ਹੈ ਤੇ ਇਸ ਮਾਮਲੇ ਦੀ ਜਾਂਚ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੂੰ ਸੌਂਪੀ ਗਈ ਹੈ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866
31 Melanie Dr. Unit #4 Brampton, ON L6T 5H8



CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department



Other Realtors only Promise
But JAG AUJLA SOLD YOUR HOME WITH
GUARANTEE

Advertisement
GUARANTEED
Till SOLD

Top 1% Broker

Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇਂ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈੱਡਰੂਮ, 3 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



Chapel Ridge
FUNERAL HOME
& CREMATION CENTRE

ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: ਹਰਜਿੰਦਰ ਸਿੰਘ ਬਿਲਖੂ
647-966-0093
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017


cupw sttp
CANADIAN UNION OF POSTAL WORKERS
GIG WORKERS
UNITED
WE DESERVE
BETTER PAY
& WORKERS'
RIGHTS
JOIN GIG WORKERS UNITED!
GigWorkersUnited.ca
Text: JOIN to 647-499-2259
join@gigworkersunited.ca
@GigWorkersUnited @GigWorkersUnite
SCAN ME